Space for Available for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 363, 24 ਜੁਲਾਈ ਤੋਂ 30 ਜੁਲਾਈ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਨੌਜਵਾਨਾਂ ਦੇ ਅੰਦੋਲਨ ਦਰਮਿਆਨ ਪੇਪਰ ਲੀਕ ’ਤੇ ਪੀਐੱਮ ਮੋਦੀ ਦਾ ਐਲਾਨ

## ਕਾਕਰੋਚ ਜਨਤਾ ਪਾਰਟੀ ਅਤੇ ਰਾਹੁਲ ਗਾਂਧੀ ਨੇ ਦਿੱਤਾ ਇਹ ਜਵਾਬ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਰਾਹੀਂ ਕਿਹਾ ਹੈ ਨੀਟ ਪੇਪਰ ਮਾਮਲੇ ਵਿੱਚ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾ ਦਿੱਤੀ ਜਾਵੇਗੀ। ਵੀਰਵਾਰ ਸਵੇਰੇ ਆਪਣੇ ਐਕਸ ਅਕਾਊਂਟ ’ਤੇ ਸਾਂਝਾ ਕੀਤੀ ਇਸ ਪੋਸਟ ਵਿੱਚ ਪੀਐਮ ਨੇ ਕਿਹਾ ਕਿ ’’ਦੇਸ਼ ਦੇ ਨੌਜਵਾਨਾਂ ਦੇ ਹਿੱਤ ਅਤੇ ਉਨ੍ਹਾਂ ਦਾ ਭਵਿੱਖ ਸਾਡੀ ਸਭ ਤੋਂ ਵੱਡੀ ਤਰਜੀਹ ਹਨ।’’ ਉਨ੍ਹਾਂ ਅੱਗੇ ਕਿਹਾ, ’’ਪੇਪਰ ਲੀਕ ਦੇ ਸਾਰੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜਿੰਨੀ ਜਲਦੀ ਹੋ ਸਕੇ ਸਖ਼ਤ ਸਜ਼ਾ ਦੇਣ ਲਈ ਅਤੇ ਮਾਮਲਿਆਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਉਣ ਲਈ ਫਾਸਟ ਟ ?ਰੈਕ ਅਦਾਲਤਾਂ ਦਾ ਗਠਨ ਕੀਤਾ ਜਾਵੇਗਾ। ਇਸ ਸਬੰਧ ਵਿੱਚ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਕਿ ਸੰਬੰਧਿਤ ਵਿਭਾਗ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ।’’ ਉਨ੍ਹਾਂ ਲਿਖਿਆ, ’’ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਲਈ, ਸਰਕਾਰ ਵੱਲੋਂ ਲਏ ਜਾ ਰਹੇ ਫ਼ੈਸਲਿਆਂ ਦੇ ਸਿਲਸਿਲੇ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ।’’ ’’ਨੌਜਵਾਨਾਂ ਦੇ ਭਵਿੱਖ ਨੂੰ ਖ਼ਤਰੇ ’ਚ ਪਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।’’

**ਨਰਿੰਦਰ ਮੋਦੀ ਦੇ ਬਿਆਨ ਉੱਤੇ ਰਾਹੁਲ ਗਾਂਧੀ ਨੇ ਕੀ ਕਿਹਾ**

ਪੀਐਮ ਮੋਦੀ ਦੀ ਪੋਸਟ ’ਤੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇੱਕ ਪੋਸਟ ਪਾਉਂਦਿਆਂ ਲਿਖਿਆ, ’’ਤੁਸੀਂ ਹੀ ਸਾਡੇ ਨੌਜਵਾਨਾਂ ਦੇ ਭਵਿੱਖ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ।’’ ਉਨ੍ਹਾਂ ਅੱਗੇ ਲਿਖਿਆ, ’’ਤੁਸੀਂ ਨਾ ਸਿਰਫ਼ ਸਾਡੀ ਸਿੱਖਿਆ ਪ੍ਰਣਾਲੀ ’ਤੇ ਪੂਰਾ ਕਬਜ਼ਾ ਹੋਣ ਅਤੇ ਉਸਨੂੰ ਬਰਬਾਦ ਹੋਣ ਦਿੱਤਾ, ਸਗੋਂ ਅਜਿਹਾ ਹੋਣ ਨੂੰ ਉਤਸ਼ਾਹਿਤ ਵੀ ਕੀਤਾ – ਅਤੇ ਇਸਦੇ ਲਈ ਜ਼ਿੰਮੇਵਾਰ ਹਰ ਵਿਅਕਤੀ ਨੂੰ ਸੁਰੱਖਿਆ ਵੀ ਦਿੱਤੀ। ਆਪਣੀ ਪੋਸਟ ’ਚ ਉਨ੍ਹਾਂ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਮੁੜ ਸਪਸ਼ਟ ਕਰਦਿਆਂ ਲਿਖਿਆ ਕਿ ਵਿਦਿਆਰਥੀਆਂ ਦੀਆਂ ਮੰਗਾਂ ਸਪਸ਼ਟ ਹਨ: ਧਰਮੇਂਦਰ ਪ੍ਰਧਾਨ ਨੂੰ ਅਹੁਦੇ ਤੋਂ ਹਟਾਇਆ ਜਾਵੇ। – ਵਿਦਿਆਰਥੀਆਂ ਤੋਂ ਮਾਫ਼ੀ ਮੰਗੀ ਜਾਵੇ। – ਵਿਦਿਆਰਥੀਆਂ ਨਾਲ ਹਿੰਸਾ ਕਰਨ ਵਾਲਿਆਂ ਦੇ ਖ਼ ?ਲਾਫ਼ ਕਾਰਵਾਈ ਕੀਤੀ ਜਾਵੇ।

**ਪੀਐਮ ਮੋਦੀ ਦੇ ਤਾਜ਼ਾ ਬਿਆਨ ’ਤੇ ਕੀਈ ਬੋਲੇ ਅਮਿਤ ਸ਼ਾਹ**

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੇਪਰ ਲੀਕ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ ਵਾਲੇ ਪੀਐਮ ਮੋਦੀ ਦੇ ਬਿਆਨ ’ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਲਿਖਿਆ, ÷ਨੌਜਵਾਨਾਂ ਦਾ ਹਿੱਤ ਅਤੇ ਉਨ੍ਹਾਂ ਦਾ ਉੱਜਵਲ ਭਵਿੱਖ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਵੀ ਹੈ ਅਤੇ ਸੰਕਲਪ ਵੀ। ਪ੍ਰਧਾਨ ਮੰਤਰੀ ਜੀ ਵੱਲੋਂ ਫਾਸਟ ਟਰੈਕ ਅਦਾਲਤਾਂ ਦੇ ਗਠਨ ਕਰਕੇ ਪੇਪਰ ਲੀਕ ਦੇ ਮਾਮਲਿਆਂ ਵਿੱਚ ਦੋਸ਼ੀਆਂ ਦੇ ਖ਼ ?ਲਾਫ਼ ਤੁਰੰਤ ਸੁਣਵਾਈ ਅਤੇ ਸਖ਼ਤ ਕਾਰਵਾਈ ਦਾ ਫ਼ੈਸਲਾ ਇਸੇ ਦਾ ਪ੍ਰਤੀਬਿੰਬ ਹੈ। ਪੇਪਰ ਲੀਕ ਕਾਰਨ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਦੇ ਖ਼ ?ਲਾਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਇਹ ਅਹਿਮ ਕਦਮ ਮੀਲ ਦਾ ਪੱਥਰ ਸਾਬਿਤ ਹੋਵੇਗਾ। ਸੀਜੇਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਹੋਏ ਬਿਮਾਰ, ਸਿਹਤ ਬਾਰੇ ਕੀ ਦੱਸਿਆ ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਤਬੀਅਤ ਖ਼ਰਾਬ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਲਿਖਿਆ, ਪਿਛਲੇ ਕੁਝ ਦਿਨਾਂ ਤੋਂ ਮੈਨੂੰ ਤੇਜ਼ ਬੁਖ਼ਾਰ ਹੈ ਅਤੇ ਪੂਰੇ ਸਰੀਰ ਵਿੱਚ ਦਰਦ ਹੈ। ਮੈਂ ਪੇਨ ਕਿਲਰ ਦਵਾਈਆਂ ਖਾ ਕੇ ਕੰਮ ਚਲਾ ਰਿਹਾ ਹਾਂ। ਜੇ ਅੱਜ ਤੁਸੀਂ ਮੈਨੂੰ ਜੰਤਰ-ਮੰਤਰ ’ਤੇ ਨਾ ਦੇਖੋ, ਤਾਂ ਇਸ ਲਈ ਮੈਂ ਮੁਆਫ਼ੀ ਚਾਹੁੰਦਾ ਹਾਂ। ਮੈਨੂੰ ਕੁਝ ਘੰਟੇ ਆਰਾਮ ਕਰਕੇ ਥੋੜ੍ਹਾ ਠੀਕ ਹੋਣ ਦੀ ਲੋੜ ਹੈ। ਸ਼ਾਮ ਤੱਕ ਮੈਂ ਮੁੜ ਪ੍ਰਦਰਸ਼ਨ ਵਾਲੀ ਥਾਂ ’ਤੇ ਵਾਪਸ ਆ ਜਾਵਾਂਗਾ। ਅਭਿਜੀਤ ਦੀਪਕੇ ਪਿਛਲੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਜੰਤਰ-ਮੰਤਰ ’ਤੇ ਸੋਨਮ ਵਾਂਗਚੁਕ ਨਾਲ ਧਰਨੇ ਉੱਤੇ ਮੌਜੂਦ ਹਨ। ਸੋਨਮ ਵਾਂਗਚੁਕ ਦੇ ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ ਉਨ੍ਹਾਂ ਨੇ ਵੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ।

**ਕੁਝ ਵੀ ਕਰ ਲਓ, ਲੋਕ ਜੰਤਰ-ਮੰਤਰ ਆ ਕੇ ਰਹਿਣਗੇ’ - ਸੀਜੇਪੀ**

ਦਿੱਲੀ ਮੈਟਰੋ ਦੇ 16 ਸਟੇਸ਼ਨ ਬੰਦ ਕੀਤੇ ਜਾਣ ’ਤੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸੀਜੇਪੀ ਨੇ ਇਨ੍ਹਾਂ ਸਟੇਸ਼ਨਾਂ ਨੂੰ ਬੰਦ ਕਰਨ ਦੀ ਸੂਚਨਾ ’ਤੇ ਪ੍ਰਤੀਕਿਰਿਆ ਦਿੰਦਿਆਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਲਿਖਿਆ, ਇਸ ਦਾ ਕੀ ਮਤਲਬ ਹੈ। ਮੋਦੀ ਜੀ, ਸਿੱਧੇ ਧਰਮੇਂਦਰ ਪ੍ਰਧਾਨ ਨੂੰ ਹਟਾਓ ਅਤੇ ਮਾਮਲਾ ਖ਼ਤਮ ਕਰੋ। ਪਾਰਟੀ ਵੱਲੋਂ ਅੱਗੇ ਲਿਖਿਆ ਗਿਆ, ਮੈਟਰੋ ਸਟੇਸ਼ਨ ਬੰਦ ਕਰਨ ਦਾ ਇਹ ਰੋਜ਼-ਰੋਜ਼ ਦਾ ਡਰਾਮਾ ਕਿਉਂ। ਕੁਝ ਵੀ ਕਰ ਲਓ, ਲੋਕ ਜੰਤਰ-ਮੰਤਰ ’ਤੇ ਆ ਕੇ ਹੀ ਰਹਿਣਗੇ। ਦਰਅਸਲ, ਦਿੱਲੀ ਮੈਟਰੋ ਨੇ ਦੱਸਿਆ ਹੈ ਕਿ ਵੀਰਵਾਰ (23 ਜੁਲਾਈ 2026) ਨੂੰ ਇਸ ਦੇ ਕਈ ਮੈਟਰੋ ਸਟੇਸ਼ਨ ਬੰਦ ਰਹਿਣਗੇ। ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਜਾਣਕਾਰੀ ਦਿੰਦਿਆਂ ਦਿੱਲੀ ਮੈਟਰੋ ਵੱਲੋਂ ਲਿਖਿਆ ਗਿਆ ਹੈ, ÷ਸਵੇਰੇ 7:30 ਵਜੇ ਤੋਂ ਅਗਲੇ ਹੁਕਮਾਂ ਤੱਕ ਹੇਠ ਲਿਖੇ ਮੈਟਰੋ ਸਟੇਸ਼ਨ ਬੰਦ ਰਹਿਣਗੇ। ਹਾਲਾਂਕਿ, ਰਾਜੀਵ ਚੌਕ, ਮੰਡੀ ਹਾਊਸ ਅਤੇ ਕੇਂਦਰੀ ਸਕੱਤਰੇਤ ਸਟੇਸ਼ਨਾਂ ’ਤੇ ਇੰਟਰਚੇਂਜ (ਲਾਈਨ ਬਦਲਣ) ਦੀ ਸੁਵਿਧਾ ਉਪਲੱਬਧ ਰਹੇਗੀ। ਵਿਦਿਆਰਥੀਆਂ ਦੇ ਇਸ ਅੰਦੋਲਨ ’ਤੇ ਭਾਰਤ ਦੀਆਂ ਕਈ ਮਸ਼ਹੂਰ ਹਸਤੀਆਂ ਹੁਣ ਖੁੱਲ੍ਹ ਕੇ ਬੋਲ ਰਹੀਆਂ ਹਨ। ਅਰੁੰਧਤੀ ਰਾਏ ਨੇ ਕਿਹਾ ਕਿ ਕਈ ਸਾਲਾਂ ਬਾਅਦ ਪਹਿਲੀ ਵਾਰ ਭਾਰਤੀ ਹੋਣ ’ਤੇ ਮਾਣ ਅਤੇ ਉਮੀਦ ਦੋਵੇਂ ਮਹਿਸੂਸ ਹੋ ਰਹੇ ਹਨ। ਠੀਕ ਉਸ ਵੇਲੇ, ਜਦੋਂ ਲੱਗਣ ਲੱਗ ਪਿਆ ਸੀ ਕਿ ਸਾਰੀਆਂ ਉਮੀਦਾਂ ਖ਼ਤਮ ਹੋ ਚੁੱਕੀਆਂ ਹਨ। ਮੀਂਹ ’ਚ ਅੱਗੇ ਵਧਦੇ ਨੌਜਵਾਨ ਕਾਕਰੋਚ। ਇੱਕ ਜੱਜ ਅਤੇ ਇੱਕ ਤੰਜ ਭਰੇ ਮਜ਼ਾਕ ਦੇ ਅਸੁਵਭਾਵਿਕ ਗਠਜੋੜ ਦੀ ਉਪਜ। ਕਾਕਰੋਚ ਜਨਤਾ ਪਾਰਟੀ ਦੇ ਪਿੱਛੇ ਅਜਿਹਾ ਕੋਈ ਸੰਗਠਿਤ ਵਿਰੋਧੀ ਦਲ ਖੜ੍ਹਾ ਨਹੀਂ ਹੈ ਜੋ ਇਸ ਅੰਦੋਲਨ ਨੂੰ ਅੱਗੇ ਵਧਾਉਣ ਲਈ ਤਿਆਰ ਬੈਠਾ ਹੋਵੇ। ਜੋ ਸੁਤੰਤਰ ਤੌਰ ’ਤੇ ਉੱਭਰਿਆ ਜਨਤਕ ਗੁੱਸਾ ਅੱਜ ਨਜ਼ਰ ਆ ਰਿਹਾ ਹੈ, ਉਹ ਉਦੋਂ ਤੱਕ ਹੌਲੀ-ਹੌਲੀ ਖ਼ਤਮ ਹੋ ਜਾਵੇਗਾ ਜਦੋਂ ਤੱਕ ਉਸ ਨੂੰ ਅਸਲ ਸਿਆਸੀ ਦਿਸ਼ਾ ਅਤੇ ਸੰਗਠਨ ਨਹੀਂ ਮਿਲਦਾ। ਜਦੋਂ ਤੱਕ ਵੱਡੇ ਲੋਕ ਅਤੇ ਵਿਰੋਧੀ ਦਲ ਆਪਣੀ ਆਪਸੀ ਹੋੜ ਅਤੇ ਛੋਟੀਆਂ-ਛੋਟੀਆਂ ਸਿਆਸੀ ਲੜਾਈਆਂ ਛੱਡ ਕੇ ਏਕਤਾ ਨਹੀਂ ਦਿਖਾਉਂਦੇ। ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਅਜਿਹਾ ਹੋਣਾ ਮੁਸ਼ਕਿਲ ਹੈ।

### ਇਹ ਮੈਟਰੋ ਸਟੇਸ਼ਨ ਰਹਿਣਗੇ ਬੰਦ

| | |
|---|---|
| ਲੋਕ ਕਲਿਆਣ ਮਾਰਗ | ਮੰਡੀ ਹਾਊਸ |
| ਰਾਜੀਵ ਚੌਕ | ਸੈਂਟਰਲ ਸੈਕਰੇਟੇਰੀਅਟ |
| ਪਟੇਲ ਚੌਕ | ਆਈਟੀਓ |
| ਰਾਮਕ੍ਰਿਸ਼ਨ ਆਸ਼ਰਮ ਮਾਰਗ | ਦਿੱਲੀ ਗੇਟ |
| ਬਾਰਾਖੰਬਾ ਰੋਡ | ਇੰਦਰਪ੍ਰਸਥ |
| ਸੁਪਰੀਮ ਕੋਰਟ | ਖ਼ਾਨ ਮਾਰਕੀਟ |
| ਸੇਵਾ ਤੀਰਥ | ਜੋਰ ਬਾਗ |
| ਜਨਪਥ | ਸ਼ਿਵਾਜੀ ਸਟੇਡੀਅਮ |

### ਹੁਣ ਤੱਕ ਕੀ-ਕੀ ਹੋਇਆ ?

- ☛ ਨੀਟ ਪੇਪਰ ਲੀਕ ਮਾਮਲੇ ਨੂੰ ਲੈਕੇ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਾਲਾ ਵਿਦਿਆਰਥੀਆਂ ਦਾ ਪ੍ਰਦਰਸ਼ਨ ਜੰਤਰ-ਮੰਤਰ ’ਤੇ ਅਜੇ ਵੀ ਜਾਰੀ ਹੈ। ਨਾਲ ਹੀ ਸੋਨਮ ਵਾਂਗਚੁੱਕ ਦੀ ਭੁੱਖ ਹੜਤਾਲ ਵੀ ਜਾਰੀ ਹੈ।
- ☛ ਪ੍ਰਦਰਸ਼ਨਕਾਰੀ ਨੀਟ-ਯੂਜੀ ਪੇਪਰ ਵਿੱਚ ਬੇਨਿਯਮੀਆਂ ਨੂੰ ਲੈਕੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ।
- ☛ 6 ਜੂਨ ਨੂੰ ਅਭਿਜੀਤ ਦੀਪਕੇ ਦੇ ਭਾਰਤ ਵਾਪਸ ਆਉਣ ਤੋਂ ਬਾਅਦ ਕਾਕਰੋਚ ਜਨਤਾ ਪਾਰਟੀ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਤੇਜ਼ ਕਰ ਦਿੱਤਾ ਸੀ।
- ☛ ਉਹ 20 ਜੂਨ ਤੋਂ ਜੰਤਰ-ਮੰਤਰ ’ਤੇ ਅਣਮਿੱਥੇ ਸਮੇਂ ਲਈ ਧਰਨੇ ’ਤੇ ਬੈਠ ਗਏ, ਜਿਸ ਨੂੰ ਸੀਪੀਆਈ ਦੇ ਵਿਦਿਆਰਥੀ ਸੰਗਠਨ ਆਇਸਾ ਨੇ ਸਮਰਥਨ ਦਿੱਤਾ।
- ☛ 28 ਜੂਨ ਨੂੰ ਇਸ ਧਰਨੇ ਵਿੱਚ ਸੋਨਮ ਵਾਂਗਚੁਕ ਨੇ ਵੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜਿਸ ਤੋਂ ਬਾਅਦ ਕੁਝ ਸਿਆਸੀ ਧਿਰਾਂ ਨੇ ਵੀ ਇਸ ਧਰਨੇ ਦੀ ਹਿਮਾਇਤ ਕੀਤੀ।
- ☛ ਸੋਮਵਾਰ, 20 ਜੁਲਾਈ ਨੂੰ ’ਸੰਸਦ ਮਾਰਚ’ ਦੌਰਾਨ ਸੀਜੇਪੀ ਸਮਰਥਕਾਂ ਨੂੰ ਪੁਲਿਸ ਲਾਠੀਚਾਰਜ ਅਤੇ ਹੰਝੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪਿਆ।
- ☛ 21 ਜੁਲਾਈ ਨੂੰ ਰਾਹੁਲ ਗਾਂਧੀ ਸਣੇ ਹੋਰ ਕਾਂਗਰਸੀ ਆਗੂਆਂ ਨੇ ਪ੍ਰਧਾਨ ਮੰਤਰੀ ਰਿਹਾਇਸ਼ ਬਾਹਰ ਧਰਨਾ ਦਿੱਤਾ, ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਪਰ ਫਿਰ ਛੱਡ ਦਿੱਤਾ ਗਿਆ।
- ☛ ਇਸ ਸਭ ਦੇ ਦੌਰਾਨ, ਭਾਜਪਾ ਦਾ ਕਹਿਣਾ ਹੈ ਕਿ ਉਹ ਨੀਟ ਪੇਪਰ ਲੀਕ ਮਾਮਲੇ ’ਤੇ ਸੰਸਦ ਵਿੱਚ ਚਰਚਾ ’ਤੇ ਤਿਆਰ ਹਨ। 22 ਜੁਲਾਈ ਨੂੰ ਬੀਜੇਪੀ ਆਗੂ ਜੇਪੀ ਨੱਡਾ ਨੇ ਸਿਆਸੀ ਧਿਰਾਂ ਉੱਤੇ ਵਿਦਿਆਰਥੀਆਂ ਦੇ ਮੁੱਦੇ ਉੱਤੇ ਸਿਆਸਤ ਕਰਨ ਦੇ ਇਲਜ਼ਾਮ ਲਾਏ।
- ☛ 23 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਰਾਹੀਂ ਐਲਾਨ ਕੀਤਾ ਕਿ ਪੇਪਰ ਲੀਕ ਮਾਮਲਿਆਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਉਣ ਲਈ ਫਾਸਟ ਟ ?ਰੈਕ ਅਦਾਲਤਾਂ ਦਾ ਗਠਨ ਕੀਤਾ ਜਾਵੇਗਾ।

# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 363 | Website: www.preetnama.com Email preetnamausa@gmail.com | 24 JULY TO 30 JULY, 2026




Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 363

Website: www.preetnama.com Email preetnamausa@gmail.com

24 JULY TO 30 JULY, 2026

# ਨੀਟ ਪੇਪਰ ਲੀਕ ਤੇ ਸੀਜੇਪੀ ਮਾਰਚ ’ਚ ਪੁਲਿਸ ਦੀ ਕਾਰਵਾਈ

## ਵੀਡੀਓ ਸੁਨੇਹੇ ਰਾਹੀਂ ਸੋਨਮ ਵਾਂਗਚੁਕ ਨੇ ਸਰਕਾਰ ਸਾਹਮਣੇ ਕਿਹੜੀਆਂ ਮੰਗਾਂ ਰੱਖੀਆਂ





ਸੋਨਮ ਵਾਂਗਚੁਕ ਨੇ ਬੁੱਧਵਾਰ ਨੂੰ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਤੋਂ ਇੱਕ ਵੀਡੀਓ ਸੁਨੇਹਾ ਜਾਰੀ ਕਰਦਿਆਂ ਸ਼ਾਂਤੀਪੂਰਨ ਪ੍ਰਦਰਸ਼ਨ ਲਈ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਖ਼ ?ਲਾਫ਼ ਕਿਸੇ ਵੀ ਤਰ੍ਹਾਂ ਦੀ ਐਫ਼ਆਈਆਰ ਦਰਜ ਨਾ ਕਰਨ ਦੀ ਮੰਗ ਕੀਤੀ। ਉਨ੍ਹਾਂ ਬੁੱਧਵਾਰ ਨੂੰ ਕਿਹਾ, ÷ਮੈਂ ਅਜੇ ਵੀ ਜ਼ਿੰਦਾ ਹਾਂ। ਅੱਜ ਮੇਰੀ ਭੁੱਖ ਹੜਤਾਲ ਦਾ 25ਵਾਂ ਦਿਨ ਹੈ। ਹੁਣ ਤੱਕ ਮੇਰਾ ਕਰੀਬ 11 ਕਿੱਲੋਗ੍ਰਾਮ ਵਜ਼ਨ ਘਟ ਚੁੱਕਾ ਹੈ। ਨਾਲ ਹੀ, ਮੇਰੀਆਂ ਮਾਸਪੇਸ਼ੀਆਂ ਵੀ ਘੱਟ ਹੋਣ ਲੱਗੀਆਂ ਹਨ, ਪਰ ਮੈਂ ਠੀਕ ਹਾਂ। ਮੰਗਲਵਾਰ ਰਾਤ ਨੂੰ ਮੈਨੂੰ ਸਫ਼ਦਰਜੰਗ ਤੋਂ ਗੁਰੂਗ੍ਰਾਮ ਦੇ ਇੱਕ ਨਿੱਜੀ ਹਸਪਤਾਲ ਵਿੱਚ ਸ਼ਿਫਟ ਕੀਤਾ ਗਿਆ। ÷ਮੈਂ ਉਨ੍ਹਾਂ ਸਾਰੇ ਵਿਦਿਆਰਥੀਆਂ ਦੀ ਸ਼ਲਾਘਾ ਕਰਨੀ ਚਾਹੁੰਦਾ ਹਾਂ, ਜਿਨ੍ਹਾਂ ਨੇ ਇੰਨੇ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕੀਤਾ। ਆਪਣੇ ਉੱਤੇ ਡਾਂਗਾਂ ਖਾਂਦੇ ਹੋਏ ਵੀ ਕੋਈ ਜਵਾਬੀ ਹਮਲਾ ਨਹੀਂ ਕੀਤਾ। ਬਹੁਤ ਉਕਸਾਏ ਜਾਣ ਦੇ ਬਾਵਜੂਦ ਵੀ ਤੁਸੀਂ ਸਬਰ ਨਾਲ ਕੰਮ ਲਿਆ। ਇਸ ਨਾਲ ਮੇਰਾ ਦਿਲ ਬਹੁਤ ਪਿਘਲ ਗਿਆ ਹੈ। ਉਨ੍ਹਾਂ ਕਿਹਾ, ਵਿਦਿਆਰਥੀਆਂ ’ਤੇ ਬੇਰਹਿਮੀ ਨਾਲ ਹਮਲੇ ਹੋ ਰਹੇ ਸਨ, ਇਸ ਲਈ ਮੈਂ ਭੁੱਖ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਅਜੇ ਵੀ ਭੁੱਖ ਹੜਤਾਲ ਤੋੜਣ ਦੀ ਅਪੀਲ ਨਾਲ ਬਹੁਤ ਸਾਰੇ ਆਗੂ ਆਏ। ਸੱਤਾਧਾਰੀ ਦਲ ਦੇ ਆਗੂ ਵੀ ਆਏ ਅਤੇ 55 ਸੰਸਦ ਮੈਂਬਰਾਂ ਦੇ ਦਸਤਖ਼ਤਾਂ ਵਾਲਾ ਪੱਤਰ ਲੈ ਕੇ ਵਿਰੋਧੀ ਧਿਰ ਦੇ ਸੰਸਦ ਮੈਂਬਰ ਵੀ ਆਏ, ਜੋ ਅਪੀਲ ਕਰ ਰਹੇ ਹਨ ਕਿ ਮੈਂ ਭੁੱਖ ਹੜਤਾਲ ਤੋੜਾਂ ਅਤੇ ਮੁੜ ਦੇਸ਼ ਸੇਵਾ ਵਿੱਚ ਲੱਗ ਜਾਵਾਂ। ਮੈਂ ਖ਼ੁਦ ਵੀ ਇਹੀ ਚਾਹੁੰਦਾ ਹਾਂ। ਮੇਰੇ ਲਈ ਮੇਰਾ ਕੰਮ ਬਹੁਤ ਜ਼ਰੂਰੀ ਹੈ। ਪਰ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਬੱਚਿਆਂ ’ਤੇ ਹੋਰ ਬਲ ਪ੍ਰਯੋਗ ਨਾ ਕਰੇ। ਦੂਜੀ ਗੱਲ, ਸਰਕਾਰ ਮੈਨੂੰ ਇਹ ਭਰੋਸਾ ਦੇਵੇ ਕਿ ਪ੍ਰਦਰਸ਼ਨਕਾਰੀਆਂ ’ਤੇ ਐਫ਼ਆਈਆਰ ਦਰਜ ਨਹੀਂ ਕੀਤੀ ਜਾਵੇਗੀ।”ਉਧਰ ਕਾਕਰੋਚ ਜਨਤਾ ਪਾਰਟੀ ਦੇ ਬੁਲਾਰੇ ਨੇ ਕਿਹਾ ਹੈ ਕਿ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੇ ਮਾਮਲੇ ’ਤੇ ਕੋਈ ਸਮਝੌਤਾ ਨਹੀਂ ਹੋਵੇਗਾ। ਸੌਰਵ ਦਾਸ ਨੇ ਕਿਹਾ, ÷ਮੈਂ ਸੋਨਮ ਵਾਂਗਚੁਕ ਨਾਲ ਕਈ ਵਾਰ ਗੱਲ ਕੀਤੀ। ਉਨ੍ਹਾਂ ਨੇ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਇਸ ਧਰਨੇ ਨੂੰ ਸਹੀ ਢੰਗ ਨਾਲ ਚਲਾਉਣ ਦੀ ਅਪੀਲ ਵੀ ਕੀਤੀ ਹੈ। ਇਸ ਦੇਸ਼ ਵਿੱਚ ਪਹਿਲਾਂ ਹੋਏ ਕਈ ਅੰਦੋਲਨਾਂ ਦੌਰਾਨ ਸੱਤਾਧਾਰੀ ਪਾਰਟੀ ਵੱਲੋਂ ਸਮਾਜ ਵਿਰੋਧੀ ਅਨਸਰਾਂ ਦੀ ਘੁਸਪੈਠ ਕਰਵਾਈ ਗਈ ਅਤੇ ਬਾਅਦ ਵਿੱਚ ਇਸਜ਼ਾਮ ਅੰਦੋਲਨ ’ਤੇ ਹੀ ਮੜ੍ਹ ਦਿੱਤਾ ਗਿਆ। ਅਜਿਹਾ ਨਹੀਂ ਹੋਣਾ ਚਾਹੀਦਾ।÷

ਕੇਂਦਰੀ ਮੰਤਰੀ ਜੇ.ਪੀ. ਨੱਢਾ ਦੀ ਪ੍ਰੈੱਸ ਕਾਨਫਰੈਂਸ ਬਾਰੇ ਉਨ੍ਹਾਂ ਨੇ ਕਿਹਾ, ਲੋਕ ਇੱਥੇ 30 ਦਿਨਾਂ ਤੋਂ ਵੱਧ ਸਮੇਂ ਤੋਂ ਬੈਠੇ ਹਨ ਅਤੇ ਉਹ ਕਹਿ ਰਹੇ ਹਨ ਕਿ ਰਾਜਨੀਤੀ ਨਹੀਂ ਹੋਣੀ ਚਾਹੀਦੀ। ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਨੂੰ ਅਹੁਦਾ ਛੱਡਣਾ ਹੀ ਪਵੇਗਾ। ਉਦੋਂ ਤੱਕ ਇਹ ਧਰਨਾ ਜਾਰੀ ਰਹੇਗਾ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਢਾ ਨੇ ਬੁੱਧਵਾਰ ਸ਼ਾਮ ਪ੍ਰੈੱਸ ਕਾਨਫ਼ਰੰਸ ਕਰਕੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ’ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਅਤੀਤ ਵਿੱਚ ਵੀ ਕਈ ਵਾਰ ਕਈ ਰਾਜਾਂ ਵਿੱਚ ਪੇਪਰ ਲੀਕ ਹੁੰਦੇ ਰਹੇ ਹਨ।

ਉਨ੍ਹਾਂ ਕਿਹਾ, ÷ਜੇ ਮੈਂ ਜੰਮੂ-ਕਸ਼ਮੀਰ ਦੇ ਸਰਵਿਸ ਸਿਲੈਕਸ਼ਨ ਬੋਰਡ ਦੀ ਪ੍ਰੀਖਿਆ ਵਿੱਚ ਹੋਏ ਪੇਪਰ ਲੀਕ ਦੀ ਗੱਲ ਕਰਾਂ, ਜਿੱਥੇ ਕਾਂਗਰਸ ਅਤੇ ਨੈਸ਼ਨਲ ਕਾਨਫ਼ਰੰਸ ਦੀ ਸਰਕਾਰ ਹੈ। ÷ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿੱਚ ਹਿਮਾਚਲ ਪ੍ਰਦੇਸ਼ ਸਕੂਲ ਐਗਜ਼ਾਮੀਨੇਸ਼ਨ ਬੋਰਡ ਦੀ ਪ੍ਰੀਖਿਆ ਦਾ ਪੇਪਰ ਲੀਕ ਹੋਇਆ, ਉੱਥੇ ਵੀ ਕਾਂਗਰਸ ਦੀ ਸਰਕਾਰ ਹੈ। ਝਾਰਖੰਡ ਵਿੱਚ ਜੇਏਸੀ ਦੀ ਹਿੰਦੀ ਅਤੇ ਵਿਗਿਆਨ ਦੀ ਪ੍ਰੀਖਿਆ ਦੇ ਪੇਪਰ ਲੀਕ ਹੋਏ, ਜਿੱਥੇ ਕਾਂਗਰਸ ਅਤੇ ਝਾਰਖੰਡ ਮੁਕਤੀ ਮੋਰਚਾ ਦੀ ਸਰਕਾਰ ਹੈ। ਉਨ੍ਹਾਂ ਅੱਗੇ ਕਿਹਾ, ÷ਤੇਲੰਗਾਨਾ ਵਿੱਚ ਇੰਟਰਮੀਡੀਏਟ ਦੀ ਭਾਸ਼ਾ ਦੀ ਪ੍ਰੀਖਿਆ ਦਾ ਪੇਪਰ ਲੀਕ ਹੋਇਆ ਅਤੇ ਉੱਥੇ ਵੀ ਸਰਕਾਰ ਨੂੰ ਕਾਂਗਰਸ ਅਤੇ ਸੀਪੀਆਈ ਦਾ ਸਮਰਥਨ ਪ੍ਰਾਪਤ ਹੈ। ਤੇਲੰਗਾਨਾ ਵਿੱਚ ਹੀ ਐੱਸਐੱਸਸੀ ਦੀ ਭਾਸ਼ਾ ਦੀ ਪ੍ਰੀਖਿਆ ਦਾ ਪੇਪਰ ਵੀ ਲੀਕ ਹੋਇਆ ਅਤੇ ਉੱਥੇ ਵੀ ਸਰਕਾਰ ਨੂੰ ਕਾਂਗਰਸ ਅਤੇ ਸੀਪੀਆਈ ਦਾ ਸਮਰਥਨ ਪ੍ਰਾਪਤ ਹੈ। ਨੱਢਾ ਨੇ ਕਿਹਾ, ÷ਤੁਸੀਂ ਸਿਆਸੀ ਰੋਟੀਆਂ ਸੇਕਣਾ ਚਾਹੁੰਦੇ ਹੋ, ਜੋ ਕਿ ਬਦਕਿਸਮਤੀ ਵਾਲੀ ਗੱਲ ਹੈ। ਇਹ ਇੱਕ ਗੰਭੀਰ ਮਸਲਾ ਹੈ। ਇੱਕ ਲੰਬੀ ਸੂਚੀ ਹੈ ਜਿੱਥੇ ਯੂਪੀਏ ਦੀਆਂ ਸਰਕਾਰਾਂ ਸਨ ਅਤੇ ਪੇਪਰ ਲੀਕ ਹੋਏ। ਉਨ੍ਹਾਂ ਕਿਹਾ, ਅਸੀਂ ਚਰਚਾ ਲਈ ਤਿਆਰ ਹਾਂ। ਡੂੰਘੀ ਚਰਚਾ ਹੋਵੇ। ਸੰਸਦ ਹੀ ਢੁੱਕਵੀਂ ਥਾਂ ਹੈ ਜਿੱਥੇ ਡੂੰਘਾਈ ਨਾਲ ਚਰਚਾ ਕੀਤੀ ਜਾ ਸਕਦੀ ਹੈ। ਅਸੀਂ ਠੋਸ ਨੀਤੀ ਲੈ ਕੇ ਆਈਏ ਕਿਉਂਕਿ ਬੱਚੇ ਦੇਸ਼ ਦਾ ਭਵਿੱਖ ਹਨ। ਇਹ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ ਦੀ ਵੀ ਜ਼ਿੰਮੇਵਾਰੀ ਹੈ। ਜੇਪੀ ਨੱਢਾ ਨੇ ਦੱਸਿਆ ਕਿ ਉਹ ਮੁਜ਼ਾਹਰਾਕਾਰੀਆਂ ਨਾਲ ਗੱਲਬਾਤ ਲਈ ਤਿਆਰ ਹਨ। ਮੁਜ਼ਾਹਰਾਕਾਰੀਆਂ ਜਦੋਂ ਕਹਿਣਗੇ, ਸਰਕਾਰ ਗੱਲਬਾਤ ਕਰੇਗੀ। ਹਾਲਾਂਕਿ ਅੱਜ ਕੋਈ ਚਰਚਾ ਨਹੀਂ ਹੋਈ।

**ਚੀਫ਼ ਜਸਟਿਸ ਨੇ ਕਿਹਾ, ‘ਸਾਡਾ ਵਕਤ ਬਰਬਾਦ ਨਾ ਕਰੋ’**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਵੱਲੋਂ ਪ੍ਰੀਖਿਆ ਪੇਪਰ ਲੀਕ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਨ ਵਾਲੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਦਿੱਲੀ ਵਿੱਚ ਵਿਦਿਆਰਥੀ ਪ੍ਰਦਰਸ਼ਨਕਾਰੀਆਂ ’ਤੇ ਦਿੱਲੀ ਪੁਲਿਸ ਦੇ ਹਮਲੇ ਦੇ ਮੁੱਦੇ ਨੂੰ ਉਠਾਉਣ ਵਾਲੀ ਪਟੀਸ਼ਨ ਨੂੰ ਤੁਰੰਤ ਸੂਚੀਬੱਧ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਲਾਈਵ ਲਾਅ ਅਤੇ ਬਾਰ ਐਂਡ ਬੈਂਚ ਵੈੱਬਸਾਈਟ ਮੁਤਾਬਕ, ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਨੇ ਇਸ ਮਾਮਲੇ ਦਾ ਜ਼ਿਕਰ ਕਰਨ ਵਾਲੇ ਵਕੀਲ ਨੂੰ ਕਿਹਾ, ÷ਸਾਡਾ ਸਮਾਂ ਬਰਬਾਦ ਨਾ ਕਰੋ, ਅਤੇ ਆਪਣਾ ਸਮਾਂ ਬਰਬਾਦ ਨਾ ਕਰੋ। ਵਕੀਲ ਨੇ ਕਿਹਾ ਕਿ ਵਿਦਿਆਰਥੀ ਨੀਟ ਪ੍ਰੀਖਿਆ ਦੇ ਸਹੀ ਸੰਚਾਲਨ ਅਤੇ ਰਾਸ਼ਟਰੀ ਟੈਸਟਿੰਗ ਏਜੰਸੀ ਵਿੱਚ ਸੁਧਾਰਾਂ ਵਰਗੇ ਮਹੱਤਵਪੂਰਨ ਮੁੱਦੇ ਉਠਾ ਰਹੇ ਹਨ। ਵਕੀਲ ਨੂੰ ਟੋਕਦਿਆਂ ਸੀਜੇਆਈ ਨੇ ਕਿਹਾ, ਤੁਹਾਡਾ ਬਹੁਤ ਧੰਨਵਾਦ। ਜਦੋਂ ਵਕੀਲ ਨੇ ਕਿਹਾ ਕਿ ਪੁਲਿਸ ਦੀਆਂ ਵਧੀਕੀਆਂ ਨੂੰ ਦਰਸਾਉਂਦੇ ਵੀਡੀਓ ਹਨ, ਤਾਂ ਸੀਜੇਆਈ ਨੇ ਕਿਹਾ, ਸਾਨੂੰ ਵੀਡੀਓ ਵਿੱਚ ਦਿਲਚਸਪੀ ਨਹੀਂ ਹੈ; ਸਾਡੇ ਕੋਲ ਇਨ੍ਹਾਂ ਨੂੰ ਦੇਖਣ ਲਈ ਸਮਾਂ ਨਹੀਂ ਹੈ। ਮੰਗਲਵਾਰ ਨੂੰ ਦਿੱਲੀ ਹਾਈ ਕੋਰਟ ਨੇ ਇਸੇ ਤਰ੍ਹਾਂ ਦੇ ਮਾਮਲੇ ਦੀ ਤੁਰੰਤ ਸੁਣਵਾਈ ਕਰਨ ਤੋਂ ਇਹ ਕਹਿੰਦਿਆ ਇਨਕਾਰ ਕਰ ਦਿੱਤਾ ਸੀ ਕਿ, ÷ਅਦਾਲਤ ਨੂੰ ਇਸ ਵਿੱਚ ਨਾ ਘਸੀਟੋ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇਪੀ ਨੱਢਾ ਨੇ ਰਾਜ ਸਭਾ ਵਿੱਚ ਬੋਲਦਿਆਂ ਕਿਹਾ, ÷ਇੰਡੀਆ ਗਠਜੋੜ ਦਾ ਇਹ ਰਵੱਈਆ ਬਹੁਤ ਹੀ ਗ਼ੈਰ-ਜ਼ਿੰਮੇਵਾਰਾਨਾ ਹੈ। ਉਹ ਸੰਸਦ ਦੀ ਮਰਿਆਦਾ ਨੂੰ ਛਿੱਕੇ ਟੰਗਦੇ ਹੋਏ ਲੋਕਤੰਤਰੀ ਕਦਰਾਂ-ਕੀਮਤਾਂ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਕਿਹਾ, ਸੰਸਦੀ ਕਾਰਜ ਮੰਤਰੀ ਕਿਰਨ ਰਿਜਿਜੂ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਸਰਕਾਰ ਹਰ ਮੁੱਦੇ ’ਤੇ ਚਰਚਾ ਲਈ ਤਿਆਰ ਹੈ। ਨੀਟ ਪੇਪਰ ਲੀਕ ਅਤੇ ਇਸ ਨਾਲ ਜੁੜੀਆਂ ਸਾਰੀਆਂ ਗਤੀਵਿਧੀਆਂ ’ਤੇ ਵੀ ਸਰਕਾਰ ਵਿਸਥਾਰ ਨਾਲ ਚਰਚਾ ਕਰਨ ਲਈ ਤਿਆਰ ਹੈ। ਨੱਢਾ ਨੇ ਅੱਗੇ ਕਿਹਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਇੱਕ ਪਾਰਦਰਸ਼ੀ ਸਰਕਾਰ ਹੈ। ਪਰ ਵਿਰੋਧੀ ਧਿਰ ਨੂੰ ਨਾ ਤਾਂ ਲੋਕਤੰਤਰ ਵਿੱਚ ਵਿਸ਼ਵਾਸ ਹੈ ਅਤੇ ਨਾ ਹੀ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ।

### ਰਾਹੁਲ ਗਾਂਧੀ ਦੀਆਂ ਮੰਗਾਂ

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਨੀਟ ਪੇਪਰ ਲੀਕ ਮਾਮਲੇ ਅਤੇ ਵਿਦਿਆਰਥੀਆਂ ’ਤੇ ਹੋਈ ਪੁਲਿਸ ਕਾਰਵਾਈ ਨੂੰ ਲੈ ਕੇ ਕੇਂਦਰ ਸਰਕਾਰ ਅੱਗੇ ਤਿੰਨ ਮੁੱਖ ਮੰਗਾਂ ਰੱਖੀਆਂ ਹਨ। ਰਾਹੁਲ ਗਾਂਧੀ ਨੇ ਸਭ ਤੋਂ ਪਹਿਲਾਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰੀਖਿਆ ਪ੍ਰਣਾਲੀ ਵਿੱਚ ਹੋਈਆਂ ਬੇਨਿਯਮੀਆਂ ਲਈ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ। ਦੂਜੀ ਮੰਗ ਤਹਿਤ ਉਨ੍ਹਾਂ ਵਿਦਿਆਰਥੀਆਂ ’ਤੇ ਲਾਠੀਚਾਰਜ ਅਤੇ ਅੱਥਰੂ ਗੈਸ ਵਰਗੀਆਂ ਕਾਰਵਾਈਆਂ ਕਰਨ ਵਾਲੇ ਪੁਲਿਸ ਕਰਮਚਾਰੀਆਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਖ਼ ?ਲਾਫ਼ ਕਾਨੂੰਨੀ ਕਾਰਵਾਈ ਅਤੇ ਜਵਾਬਦੇਹੀ ਦੀ ਮੰਗ ਕੀਤੀ ਹੈ। ਤੀਜੀ ਮੰਗ ਵਿੱਚ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਪ੍ਰਭਾਵਿਤ ਵਿਦਿਆਰਥੀਆਂ ਲਈ ਅਧਿਕਾਰਕ ਮਾਫ਼ੀ ਦੀ ਮੰਗ ਕੀਤੀ ਹੈ।

## ਪੁਲਿਸ ਨੇ ਵਿਰੋਧੀ ਧਿਰ ਦੇ ਆਗੂਆਂ ਨੂੰ ਸੋਨਮ ਵਾਂਗਚੁਕ ਨਾਲ ਮਿਲਣ ਤੋਂ ਰੋਕਿਆ, ਸੋਨਮ ਦੀ ਪਤਨੀ ਨੇ ਕੀ ਕਿਹਾ

ਵਿਰੋਧੀ ਧਿਰ ਦੇ ਸੰਸਦ ਮੈਂਬਰ ਬੁੱਧਵਾਰ ਸ਼ਾਮ ਸੋਨਮ ਵਾਂਗਚੁਕ ਨੂੰ ਮਿਲਣ ਲਈ ਗੁਰੂਗ੍ਰਾਮ ਸਥਿਤ ਮੇਦਾਂਤਾ ਹਸਪਤਾਲ ਪਹੁੰਚੇ, ਪਰ ਪੁਲਿਸ ਨੇ ਉਨ੍ਹਾਂ ਨੂੰ ਮਿਲਣ ਤੋਂ ਰੋਕ ਦਿੱਤਾ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ, ÷ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਤੁਸੀਂ ਸੁਣਿਆ ਹੋਵੇਗਾ ਕਿ ਪੁਲਿਸ ਹਸਪਤਾਲ ਵਿੱਚ ਦਾਖ਼ਲ ਕਿਸੇ ਮਰੀਜ਼ ਨੂੰ ਮਿਲਣ ਤੋਂ ਲੋਕਾਂ ਨੂੰ ਰੋਕ ਰਹੀ ਹੈ। ਅਸੀਂ ਸੋਨਮ ਵਾਂਗਚੁਕ ਨੂੰ ਮਿਲਣ ਆਏ ਹਾਂ, ਜੋ ਹਸਪਤਾਲ ਵਿੱਚ ਦਾਖ਼ਲ ਹਨ। ਆਪ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਸਮਾਜਵਾਦੀ ਪਾਰਟੀ, ਆਰਜੇਡੀ, ਸੀਪੀਆਈ (ਐੱਮ), ਜੇਐੱਮਐੱਮ, ਬੀਜੇਡੀ ਅਤੇ ਆਪ ਦੇ 15 ਸੰਸਦ ਮੈਂਬਰਾਂ ਨੂੰ ਸੋਨਮ ਵਾਂਗਚੁਕ ਨਾਲ ਮਿਲ ਕੇ 55 ਸੰਸਦ ਮੈਂਬਰਾਂ ਦੇ ਦਸਤਖ਼ਤਾਂ ਵਾਲਾ ਪੱਤਰ ਸੌਂਪਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸੋਨਮ ਵਾਂਗਚੁਕ ਦੀ ਪਤਨੀ ਗੀਤਾਂਜਲੀ ਆਂਗਮੋ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ, ਸੋਨਮ ਵਾਂਗਚੁਕ ਨੇ ਸੰਸਦ ਮੈਂਬਰਾਂ ਤੋਂ ਭਰੋਸਾ ਮਿਲਣ ਤੋਂ ਬਾਅਦ ਆਪਣੀ ਭੁੱਖ ਹੜਤਾਲ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਪਰ ਉਨ੍ਹਾਂ ਨੂੰ ਭਾਰਤ ਸਰਕਾਰ ਤੋਂ ਇਹ ਭਰੋਸਾ ਵੀ ਚਾਹੀਦਾ ਹੈ ਕਿ ਮੁਜ਼ਾਹਰਾਕਾਰੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਅਨਿਆਂ ਨਹੀਂ ਹੋਵੇਗਾ। ਗੀਤਾਂਜਲੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਭਰੋਸਾ ਵੀ ਚਾਹੀਦਾ ਹੈ ਕਿ ਅੱਜ ਰਾਤ ਮੁਜ਼ਾਹਰਾਕਾਰੀਆਂ ਨਾਲ ਕਿਸੇ ਵੀ ਤਰ੍ਹਾਂ ਦੀ ਸਰੀਰਕ ਹਿੰਸਾ ਨਹੀਂ ਹੋਵੇਗੀ। ਸੋਨਮ ਵਾਂਗਚੁਕ ਨੇ ਅਣਸ਼ਨ ਤੋੜਨ ਸਬੰਧੀ ਸਰਕਾਰ ਨੂੰ ਪੱਤਰ ਲਿਖ ਕੇ ਇੱਕ ਅਪੀਲ ਕੀਤੀ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕਰਦੇ ਹੋਏ ਕਿਹਾ, ÷ਇੱਕ ਵਾਰ ਸਰਕਾਰ ਵੱਲੋਂ ਭਰੋਸਾ ਮਿਲ ਜਾਣ ਤੋਂ ਬਾਅਦ, ਮੈਂ ਸ਼ਾਂਤੀਪੂਰਨ ਢੰਗ ਨਾਲ ਵਿਰੋਧ ਕਰ ਰਹੇ ਵਿਦਿਆਰਥੀਆਂ ਨੂੰ ਵੀ ਅਪੀਲ ਕਰਾਂਗਾ ਕਿ ਉਹ ਫ਼ ?ਲਹਾਲ ਆਪਣਾ ਅੰਦੋਲਨ ਰੋਕ ਦੇਣ ਅਤੇ ਸਰਕਾਰ ਨਾਲ ਗੱਲਬਾਤ ਸ਼ੁਰੂ ਕਰਨ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 363
Website: www.preetnama.com Email preetnamausa@gmail.com
24 JULY TO 30 JULY, 2026

# India Association of Long Island Celebrates a Spectacular Annual Gala Honoring "The Creators of Icons"





Hicksville, NY – July 19, 2026: The India Association of Long Island (IALI), one of the oldest and largest Indian-American organizations on Long Island, hosted a magnificent and memorable Annual Gala on Sunday, July 19, 2026, at the elegant Pearl Banquet in Hicksville. Located just minutes from the IALI Center (India House), the venue welcomed a capacity audience of distinguished guests, elected officials, business leaders, community members, and supporters for an unforgettable evening of celebration, inspiration, and recognition.





For nearly five decades, IALI has served as a pillar of the Indian-American community on Long Island. Through cultural celebrations, educational initiatives, charitable programs, youth engagement, senior services, civic participation, and community outreach, IALI has strengthened the bond between Indian heritage and American values while promoting unity, diversity, and service.





The Annual Gala remains the organization's signature event, celebrating individuals whose lives and contributions have enriched the community.

This year's inspiring theme, "Creators of Icons – The Women Behind Successful Men," paid tribute to extraordinary women whose strength, dedication, and unwavering support have played a pivotal role in the success of their families, businesses, and communities.

**The four distinguished honorees were:**

Shashi Malik, a respected community leader whose years of selfless service, leadership, and dedication have inspired countless families and organizations across Long Island.

Padma Behen Mehta, admired for her lifelong commitment to philanthropy, spirituality, and humanitarian service, touching the lives of many through compassion and generosity.

Shalu Suri Chopra, recognized for her elegance, leadership, and tireless support of numerous cultural and charitable initiatives while standing as a pillar of strength for her family and community.

Geeta Patel, celebrated for her leadership in managing the bakery and kitchen operations of the Patel Brothers family business, while balancing entrepreneurship, family values, and community service with exceptional grace.

The keynote address was delivered by renowned hotelier, Certified Public Accountant, and entrepreneur Naveen Shah, Chairman of Navika Capital Group. His inspiring remarks encouraged community members to continue investing in leadership, education, entrepreneurship, and service while preserving the values that define the Indian-American community.

The gala was graced by an impressive gathering of elected officials and dignitaries, including New York State Senator Steve Rhoads, Town of North Hempstead Supervisor Jennifer DeSena, Former New York State Assemblyman Mike LiPetri, Chairman of the Nassau County Human Rights Commission Bobby Kumar Kalote, Judge Lillian Wan, along with numerous other elected officials and community representatives who came to congratulate the honorees and support IALI.

Among the distinguished guests were media mogul and renowned physician and Padam Shri Dr. Sudhir Parekh, Kamlesh Mehta, Kanak Golia, Nilesh Mehta, Preeti Mehta, Ravi Chopra, Ravi Bhooplapur, Raj Jaggi, Ajay Sondhi, Jaspreet Mayall, Zahid Syed, Dalip Malik, Harry Malhotra, Herman Singh, and many other prominent business and community leaders.

Adding a special touch to the evening, last year's distinguished "Icons" honorees—Harry Bolla, Chintu Patel, Raj Bhayani, and Am-

Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 363

Website: www.preetnama.com Email preetnamausa@gmail.com

24 JULY TO 30 JULY, 2026

# India Association of Long Island Celebrates a Spectacular Annual Gala Honoring "The Creators of Icons"

bassador Pradhan—extended their heartfelt congratulations through video messages displayed during the program.

IALI proudly recognized its past presidents for their invaluable leadership and decades of service. Those in attendance included Dr. Narendra Hadpawat, Anila Midha, Gobind Munjal, Dr. Jagdish Gupta, Bina Sabapathy, Dr. Bhavani Srinivasan, and Shashi Malik. Each was presented with floral tributes and acknowledged for helping build the legacy of IALI.

Special appreciation was also extended to the Election Committee, whose dedication has ensured successful organizational elections for three consecutive years. Mr. Om Bhambri, Mr. Deepak Sachdev, and Mrs. Rita Bhatija were recognized for their commitment, integrity, and outstanding service to the organization.

IALI President Jasbir Jay Singh proudly introduced the organization's leadership team, including Vice President Ravinder Kumar, Secretary HarGovind (Govind) Gupta, Treasurer Sujata Seth, and Executive Committee members Ashwini Sharma, Abha Bhatnagar, Deepak Bansal, Mohan Sharma, Munish Byala, Shashi Goyal, Vijay Khanna, Vinod Goyal, Amita Karwal, Renu Kapoor, and Sanju Sharma. He thanked the executive committee, volunteers, sponsors, supporters, and members whose dedication made the gala an overwhelming success. The President was on Stage for few with his grand daughter Kiara presenting her as the future woman accomplisher. Jay Singh started his speech with Jai Matadi as this Gala was about women.

Guests also enjoyed an exceptional culinary experience prepared by Pearl Banquet, under the leadership of owner Gary Sikka. The elegant floral décor, beautifully designed by Gala Chair Bhavna Sharma and her talented team, transformed the ballroom into a vibrant celebration of elegance and grace.

The evening's memories were expertly captured through beautiful videography by Kripa Ranjan, while live photography was provided by Vaaho Photo under the direction of Tony Arora. During the networking reception, guests were entertained by live music, and the celebration concluded with an energetic dance floor led by the renowned DJ Parminder, ensuring that the evening ended on a joyous and unforgettable note.

In his closing remarks, President Jasbir Jay Singh expressed heartfelt gratitude to every sponsor, volunteer, committee member, elected official, and guest for making the gala a remarkable success. He reaffirmed IALI's commitment to serving the community, promoting cultural heritage, empowering future generations, and continuing its tradition of excellence for many years to come.



















# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama
www.preetnama.com
+1 (201) 312-4180





PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਜਵਾਬਦੇਹੀ ਮੰਗਦਾ ਦੇਸ਼ ਦਾ ਨੌਜਵਾਨ

ਸੋਮਵਾਰ ਨੂੰ ਦੇਸ਼ ਭਰ ਤੋਂ ਹਰ ਵਰਗ ਤੇ ਜਾਤ ਦੇ ਹਜ਼ਾਰਾਂ (ਕੁੱਲ ਅੰਦਾਜ਼ੇ ਮੁਤਾਬਿਕ 75,000 ਤੋਂ ਵੱਧ) ਨੌਜਵਾਨਾਂ ਨੂੰ ਮੇਰੇ ਸ਼ਹਿਰ ਦੇ ਦਿਲ ਵਿੱਚ ਇਕੱਠੇ ਹੋ ਕੇ ਸੰਸਦ ਵੱਲ ਮਾਰਚ ਕਰਦੇ ਦੇਖਣਾ ਜਿੱਥੇ ਉਤਸ਼ਾਹਜਨਕ ਸੀ, ਉੱਥੇ ਹੀ ਇਸ ਨੇ ਗੰਭੀਰਤਾ ਨਾਲ ਸੋਚਣ ਲਈ ਵੀ ਮਜਬੂਰ ਕੀਤਾ ਕਿਉਂਕਿ ਇਨ੍ਹਾਂ ਨੌਜਵਾਨਾਂ 'ਤੇ ਵਰ੍ਹਾਈਆਂ ਗਈਆਂ ਲਾਠੀਆਂ ਅਤੇ ਦਾਗੇ ਗਏ ਅੱਥਰੂ ਗੈਸ ਦੇ ਗੋਲੇ ਉਸ ਬੇਰਹਿਮ ਤੇ ਤਾਨਾਸ਼ਾਹੀ ਤਾਕਤ ਦੀ ਯਾਦ ਦਿਵਾਉਂਦੇ ਸਨ ਜੋ ਸਾਡੀ ਜਮਹੂਰੀਅਤ ਨੂੰ ਕੁਚਲ ਰਹੀ ਹੈ ਅਤੇ ਸਾਡੀ ਆਵਾਜ਼ ਨੂੰ ਦਬਾ ਰਹੀ ਹੈ। ਪਰ ਫਿਰ ਵੀ 75,000 ਭਾਰਤੀਆਂ ਦਾ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣਾ, ਆਪਣੇ ਹੱਕਾਂ ਲਈ ਲੜਨਾ, ਆਪਣੀ ਆਵਾਜ਼ ਬੁਲੰਦ ਕਰਨਾ ਅਤੇ ਉਸ ਵੇਲੇ ਬੋਲਣਾ ਜਦੋਂ ਸਰਕਾਰ ਆਪਣੇ ਹੰਕਾਰ ਵਿੱਚ ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਅਤੇ ਨੌਜਵਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਬਹੁਤ ਉਤਸ਼ਾਹਜਨਕ ਸੀ। ਇਹ ਨੌਜਵਾਨ ਉਸ ਇੱਕੋ-ਇੱਕ ਚੀਜ਼ ਦੀ ਮੰਗ ਕਰ ਰਹੇ ਸਨ ਜਿਸ ਨੂੰ ਮੰਗਣਾ ਹਰ ਨਾਗਰਿਕ ਦਾ ਹੱਕ (ਅਤੇ ਅਸਲ ਵਿੱਚ ਇੱਕ ਨੈਤਿਕ ਫ਼ਰਜ਼) ਹੈ, ਉਹ ਹੈ ਆਪਣੀ ਚੁਣੀ ਹੋਈ ਸਰਕਾਰ ਤੋਂ ਜਵਾਬਦੇਹੀ ਮੰਗਣਾ।

ਲੋਕਤੰਤਰ ਉਦੋਂ ਹੀ ਜਿਊਂਦਾ ਰਹਿੰਦਾ ਹੈ ਜਦੋਂ ਨਾਗਰਿਕ ਇਸ ਦੀ ਰਾਖੀ ਲਈ ਲੜਦੇ ਹਨ, ਆਪਣੀ ਆਵਾਜ਼ ਉਠਾਉਂਦੇ ਹਨ, ਵਿਰੋਧ ਪ੍ਰਗਟਾਉਣ ਦਾ ਹੱਕ ਵਰਤਦੇ ਹਨ, ਸਰਕਾਰ ਦੀ ਆਲੋਚਨਾ ਕਰਦੇ ਹਨ ਅਤੇ ਸਭ ਤੋਂ ਵੱਧ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕਰਦੇ ਹਨ। ਸੋਮਵਾਰ ਦਾ ਪ੍ਰਦਰਸ਼ਨ ਸਿਰਫ਼ ਇੱਕ ਮੰਤਰੀ ਦੇ ਅਸਤੀਫ਼ੇ (ਜੋ ਕਿ ਬਹੁਤ ਜ਼ਰੂਰੀ ਹੈ) ਜਾਂ ਖ਼ਰਾਬ ਹੋ ਚੁੱਕੇ ਪ੍ਰੀਖਿਆ ਪ੍ਰਣਾਲੀ ਦੇ ਧੱਕੇ ਤੱਕ ਹੀ ਸੀਮਤ ਨਹੀਂ ਸੀ, ਇਹ ਲੋਕਤੰਤਰ ਦੀ ਮੂਲ ਆਤਮਾ (ਨਾਗਰਿਕਾਂ ਪ੍ਰਤੀ ਜਵਾਬਦੇਹੀ) ਨੂੰ ਮੁੜ ਬਹਾਲ ਕਰਨ ਬਾਰੇ ਸੀ। ਜਵਾਬਦੇਹੀ ਦੀ ਮੰਗ ਕਰਕੇ ਕੱਲ੍ਹ ਦੇ ਅੰਦੋਲਨਕਾਰੀਆਂ ਅਤੇ ਨੌਜਵਾਨਾਂ ਨੇ ਸਾਡੇ ਲੋਕਤੰਤਰ 'ਚ ਨਵੀਂ ਰੂਹ ਫੂਕਣ ਦੀ ਦਿਸ਼ਾ ਵਿੱਚ ਇੱਕ ਹੋਰ ਵੱਡੀ ਸੇਵਾ ਕੀਤੀ ਹੈ। ਉਹ ਭਾਰਤ ਨੂੰ 'ਹਿੰਦੂ-ਮੁਸਲਿਮ' ਦੀ ਵੰਡਪਾਊ ਸਿਆਸਤ ਤੋਂ ਲਾਂਭੇ ਹੋਣ ਅਤੇ ਇੱਕ ਅਜਿਹੀ ਸ਼ਾਸਨ ਵਿਵਸਥਾ ਸਿਰਜਣ ਦੀ ਮੰਗ ਕਰ ਰਹੇ ਹਨ ਜੋ ਇੱਕ ਨਿਆਂਪੂਰਨ ਤੇ ਬਰਾਬਰੀ ਵਾਲੇ ਸਮਾਜ ਦੇ ਸਭ ਤੋਂ ਅਹਿਮ ਤੱਤ ਭਾਵ ਸਾਰੇ ਭਾਰਤੀਆਂ ਦੀਆਂ ਉਮੀਦਾਂ 'ਤੇ ਖ਼ਰੀ ਉਤਰਨ ਵਾਲੀ ਇੱਕ ਮਜ਼ਬੂਤ ਸਰਕਾਰੀ ਸਿੱਖਿਆ ਪ੍ਰਣਾਲੀ ਲਈ ਜਵਾਬਦੇਹ ਹੋਵੇ। ਇਸ ਕਾਲਮਨਵੀਸ ਦੀ ਨਜ਼ਰ ਵਿੱਚ ਰਾਜਨੀਤੀ ਦੀ ਇੱਕ ਨਵੀਂ ਪਰਿਭਾਸ਼ਾ ਘੜਨਾ ਉਨ੍ਹਾਂ ਤਾਨਾਸ਼ਾਹ ਤਾਕਤਾਂ ਨੂੰ ਚੁਣੌਤੀ ਦੇਣ ਲਈ ਬਹੁਤ ਜ਼ਰੂਰੀ ਹੈ ਜੋ ਆਲੋਚਨਾ ਅਤੇ ਜਵਾਬਦੇਹੀ ਦੀਆਂ ਮੰਗਾਂ ਨੂੰ ਦਬਾਉਣਾ ਚਾਹੁੰਦੀਆਂ ਹਨ। ਜਿਵੇਂ-ਜਿਵੇਂ ਇਸ ਪ੍ਰਦਰਸ਼ਨ ਦੇ ਸਿੱਟੇ ਸਾਹਮਣੇ ਆ ਰਹੇ ਹਨ, ਸਾਨੂੰ ਅੱਗੇ ਆਪਣਾ ਧਿਆਨ ਇਸ ਗੱਲ 'ਤੇ ਕੇਂਦਰਿਤ ਕਰਨਾ ਚਾਹੀਦਾ ਹੈ ਕਿ ਭਾਰਤ ਦੇ ਵਿਗੜ ਚੁੱਕੇ ਸਿੱਖਿਆ ਢਾਂਚੇ ਨੂੰ ਸੁਧਾਰਨ ਲਈ ਕੀ-ਕੀ ਕਰਨ ਦੀ ਲੋੜ ਹੈ।ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣਾ, ਸੀ ਬੀ ਐੱਸ ਈ 12ਵੀਂ ਦੀਆਂ ਪ੍ਰੀਖਿਆਵਾਂ ਦੇ ਮੁਲਾਂਕਣ ਵਿੱਚ ਨਾਕਾਮੀਆਂ ਅਤੇ ਨਵੀਂ ਸਿੱਖਿਆ ਨੀਤੀ (ਖ਼ਾਸ ਕਰਕੇ ਤਿੰਨ-ਭਾਸ਼ਾਈ ਨੀਤੀ) ਨੂੰ ਲਾਗੂ ਕਰਨ 'ਤੇ ਹੋਇਆ ਵਿਵਾਦ, ਜਿਸ ਨੇ ਇਸੇ ਸਾਲ ਜੂਨ ਵਿੱਚ ਨੌਜਵਾਨਾਂ ਨੂੰ ਸੜਕਾਂ 'ਤੇ ਉਤਾਰ ਦਿੱਤਾ ਸੀ, ਇਹ ਸਭ ਸਾਡੇ ਸਿੱਖਿਆ ਢਾਂਚੇ ਵਿੱਚ ਡੂੰਘੀ ਜੜ੍ਹ ਫੜ ਚੁੱਕੀ ਬੀਮਾਰੀ ਦੇ ਲੱਛਣ ਹਨ। ਜਿਸ ਨੇ ਵੀ ਕਦੇ ਕਲਾਸਰੂਮ (ਜਮਾਤ) ਦਾ ਮਾਹੌਲ ਵੇਖਿਆ ਹੈ, ਉਹ ਇਸ ਸੱਚਾਈ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇਗਾ ਕਿ ਸਾਡਾ ਪੂਰਾ ਸਿੱਖਿਆ ਪ੍ਰਬੰਧ ਰੱਟਾ-ਪ੍ਰਣਾਲੀ ਜ਼ਰੀਏ ਇਮਤਿਹਾਨਾਂ ਵਿੱਚੋਂ ਨੰਬਰ ਬਟੋਰਨ ਦੁਆਲੇ ਹੀ ਘੁੰਮਦਾ ਹੈ ਜਿਵੇਂ ਕਿ ਨੋਬਲ ਪੁਰਸਕਾਰ ਜੇਤੂ ਅਭਿਜੀਤ ਬੈਨਰਜੀ ਅਤੇ ਐਸਥਰ ਡੁਫ਼ਲੋ ਲਿਖਦੇ ਹਨ: ਕਲਾਸਰੂਮ ਦਾ ਸਾਰਾ ਧਿਆਨ 'ਸਿਰਫ਼ ਹੁਸ਼ਿਆਰ ਬੱਚਿਆਂ ਨੂੰ ਪੜ੍ਹਾਉਣ' ਉੱਤੇ ਹੁੰਦਾ ਹੈ। ਸਾਰਿਆਂ ਨੂੰ ਵਿਸ਼ੇ ਦੀ ਸਮਝ ਕਰਵਾਉਣ ਦੀ ਬਜਾਏ ਸਿਲੇਬਸ ਖ਼ਤਮ ਕਰਨਾ ਹੀ ਮੁੱਖ ਮਨੋਰਥ ਹੁੰਦਾ ਹੈ ਤਾਂ ਜੋ ਚੋਣਵੇਂ ਹੁਸ਼ਿਆਰ ਵਿਦਿਆਰਥੀਆਂ ਨੂੰ ਪ੍ਰੀਖਿਆ ਲਈ ਤਿਆਰ ਕੀਤਾ ਜਾ ਸਕੇ। ਅਧਿਆਪਕਾਂ ਲਈ ਵੀ ਪਾਸ ਪ੍ਰਤੀਸ਼ਤਤਾ ਹੀ ਉਹ ਇੱਕੋ-ਇੱਕ ਮਾਪਦੰਡ ਹੈ ਜਿਸ ਲਈ ਸਕੂਲ ਪ੍ਰਬੰਧ ਅਤੇ ਮਾਪੇ ਉਨ੍ਹਾਂ ਨੂੰ ਜਵਾਬਦੇਹ ਠਹਿਰਾਉਂਦੇ ਹਨ। ਰੱਟਾ-ਪ੍ਰਣਾਲੀ ਇਸ ਮਨੋਰਥ ਨੂੰ ਪੂਰਾ ਕਰਨ ਦਾ ਸਭ ਤੋਂ ਵੱਡਾ ਸਾਧਨ ਹੈ। ਇਸੇ ਨੂੰ ਹੀ ਮੈਂ ਜਮਾਤ ਦੀ ਸਹਿਮਤੀ ਆਖਦੀ ਹਾਂ। ਇਹ ਜਮਾਤ ਦੀ ਸਹਿਮਤੀ ਸਿਰਫ਼ 'ਹੁਸ਼ਿਆਰ' ਵਿਦਿਆਰਥੀਆਂ ਲਈ ਹੀ ਕੰਮ ਕਰਦੀ ਹੈ। ਉਹ ਸਿਲੇਬਸ ਮੁਤਾਬਿਕ ਚੱਲਦੇ ਹਨ, ਪ੍ਰੀਖਿਆਵਾਂ ਵਿੱਚ ਚੰਗੇ ਨੰਬਰ ਲੈਂਦੇ ਹਨ ਅਤੇ ਇੱਕ ਜਮਾਤ ਤੋਂ ਦੂਜੀ ਜਮਾਤ ਵਿੱਚ ਚਲੇ ਜਾਂਦੇ ਹਨ। ਪਰ ਇਨ੍ਹਾਂ 'ਹੁਸ਼ਿਆਰ' ਵਿਦਿਆਰਥੀਆਂ ਲਈ ਵੀ ਮੁਕਾਬਲਾ ਬਹੁਤ ਸਖ਼ਤ ਹੋ ਚੁੱਕਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਉੱਚ ਸਿੱਖਿਆ ਵਿੱਚ ਜ਼ਰੂਰੀ ਨਿਵੇਸ਼ ਕਰਨ ਵਿੱਚ ਨਾਕਾਮ ਰਹੇ ਹਾਂ ਅਤੇ ਸਿਆਸੀ ਦਖ਼ਲਅੰਦਾਜ਼ੀ ਨੇ ਸਾਡੇ ਮੌਜੂਦਾ ਅਦਾਰਿਆਂ ਦੀ ਆਜ਼ਾਦੀ ਤੇ ਸਮਰੱਥਾ ਨੂੰ ਤਬਾਹ ਕਰ ਦਿੱਤਾ ਹੈ, ਜਿਸ ਕਾਰਨ ਭਾਰਤ ਕੋਲ ਗਿਣਤੀ-ਮਿਣਤੀ ਦੀਆਂ ਹੀ ਚੰਗੀਆਂ ਯੂਨੀਵਰਸਿਟੀਆਂ ਬਚੀਆਂ ਹਨ।

ਨੈਸ਼ਨਲ ਸੈਂਪਲ ਸਰਵੇ 2025 ਦੇ ਸਿੱਖਿਆ ਬਾਰੇ ਵਿਆਪਕ ਸਰਵੇਖਣ ਮੁਤਾਬਿਕ 27 ਫ਼ੀਸਦੀ ਵਿਦਿਆਰਥੀ (ਅਤੇ ਸੈਕੰਡਰੀ ਸਿੱਖਿਆ ਦੇ 37.8 ਫ਼ੀਸਦੀ) ਦਾਖ਼ਲਾ ਪ੍ਰੀਖਿਆਵਾਂ ਦੀ ਬਾਜ਼ੀ ਜਿੱਤਣ ਲਈ ਪ੍ਰਾਈਵੇਟ ਕੋਚਿੰਗ 'ਤੇ ਨਿਰਭਰ ਹਨ, ਚਾਹੇ ਉਹ ਜੇ ਈ ਈ, ਨੀਟ, ਸੀ ਯੂ ਈ ਟੀ ਹੋਣ ਜਾਂ ਹੋਰ ਪ੍ਰੀਖਿਆਵਾਂ, ਜਿਨ੍ਹਾਂ ਦੇ ਬੋਝ ਹੇਠ ਅਸੀਂ ਆਪਣੇ ਬੱਚਿਆਂ ਨੂੰ ਦੱਬ ਦਿੱਤਾ ਹੈ। ਸਾਡੀਆਂ ਇਨ੍ਹਾਂ ਸਾਂਝੀਆਂ ਨਾਕਾਮੀਆਂ ਦੇ ਆਰਥਿਕ ਅਤੇ ਸਮਾਜਿਕ ਨੁਕਸਾਨਾਂ ਨੂੰ ਨੀਤੀਗਤ ਅਤੇ ਪ੍ਰਸ਼ਾਸਕੀ ਲਾਪਰਵਾਹੀ ਨੇ ਹੋਰ ਵੀ ਗੰਭੀਰ ਬਣਾ ਦਿੱਤਾ ਹੈ। 'ਇੱਕ ਦੇਸ਼, ਇੱਕ ਪ੍ਰੀਖਿਆ ਏਜੰਸੀ' ਵਾਲੀ ਨੀਤੀ ਤਹਿਤ ਨੈਸ਼ਨਲ ਟੈਸਟਿੰਗ ਏਜੰਸੀ ਦਾ ਗਠਨ ਕੀਤਾ ਗਿਆ, ਜਿਸ ਕੋਲ ਐਡੇ ਵੱਡੇ ਪੱਧਰ 'ਤੇ ਪ੍ਰੀਖਿਆਵਾਂ ਕਰਵਾਉਣ ਦੀ ਨਾ ਤਾਂ ਸਮਰੱਥਾ ਸੀ ਤੇ ਨਾ ਹੀ ਤਜਰਬਾ। ਐੱਨ ਟੀ ਏ ਵਿੱਚ ਫੈਲੇ ਭ੍ਰਿਸ਼ਟਾਚਾਰ ਨੇ ਪੇਪਰ ਲੀਕ ਹੋਣ ਦੇ ਰਾਹ ਖੋਲ੍ਹੇ ਅਤੇ 12ਵੀਂ ਦੀਆਂ ਪ੍ਰੀਖਿਆਵਾਂ ਦਾ ਮੁਲਾਂਕਣ ਕਰਨ ਲਈ ਓ ਐੱਸ ਐੱਮ ਵਰਗੀ ਨਾਕਸ ਅਤੇ ਬੇਲੋੜੀ ਤਕਨਾਲੋਜੀ ਮੜ੍ਹ ਦਿੱਤੀ ਗਈ। ਪਹਿਲਾਂ ਹੀ ਖ਼ਸਤਾ ਹਾਲ ਹੋ ਚੁੱਕੇ ਸਿੱਖਿਆ ਢਾਂਚੇ ਉੱਤੇ ਇਨ੍ਹਾਂ ਸਭ ਗੱਲਾਂ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ ਹੈ।

ਜੇਕਰ ਸਾਡੇ 'ਸਭ ਤੋਂ ਹੁਸ਼ਿਆਰ' ਵਿਦਿਆਰਥੀਆਂ ਨੂੰ ਇਹੋ ਜਿਹੀਆਂ ਕੌੜੀਆਂ ਹਕੀਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਜ਼ਰਾ ਸੋਚੋ ਕਿ ਇੱਕ ਆਮ ਵਿਦਿਆਰਥੀ ਕਿਨ੍ਹਾਂ ਹਾਲਾਤ ਵਿੱਚੋਂ ਲੰਘਦਾ ਹੋਵੇਗਾ। ਸਿਲੇਬਸ ਖ਼ਤਮ ਕਰਨ ਅਤੇ ਪਾਸ ਹੋਣ ਜੋਗੇ ਨੰਬਰ ਪੂਰੇ ਕਰਨ ਦੀ ਅੰਨ੍ਹੀ ਦੌੜ ਦਾ ਨਤੀਜਾ ਇਹ ਨਿਕਲਿਆ ਹੈ ਕਿ ਜਮਾਤ ਵਿੱਚ ਆਮ ਬੱਚਿਆਂ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਜਾਂਦਾ। ਅਰਥਸ਼ਾਸਤਰੀ ਲੈਂਟ ਪ੍ਰਿਚੇਟ ਦਾ ਅੰਦਾਜ਼ਾ ਹੈ ਕਿ ਸਕੂਲ ਜਾਣ ਵਾਲੇ 80 ਫ਼ੀਸਦੀ (ਪੰਜਾਂ ਵਿੱਚੋਂ ਚਾਰ) ਬੱਚੇ, ਜੋ ਜਮਾਤ ਵਿੱਚ ਸ਼ੁਰੂਆਤ ਤੋਂ ਹੀ ਪੜ੍ਹਨ 'ਚ ਅਸਮਰੱਥ ਹੁੰਦੇ ਹਨ, ਉਹ ਪੂਰਾ ਸਾਲ ਲੰਘਣ ਤੋਂ ਬਾਅਦ ਵੀ ਪੜ੍ਹਨ ਵਿੱਚ ਕੋਈ ਸੁਧਾਰ ਨਹੀਂ ਕਰ ਪਾਉਂਦੇ। ਇਨ੍ਹਾਂ ਬੱਚਿਆਂ ਲਈ ਕਲਾਸਰੂਮ ਸਿੱਖਣ ਦੀ ਥਾਂ ਨਹੀਂ, ਸਗੋਂ 'ਸਜ਼ਾ ਕੱਟਣ ਦੀ ਥਾਂ' ਬਣ ਕੇ ਰਹਿ ਗਿਆ ਹੈ। ਉਹ ਇੱਕ ਜਮਾਤ ਤੋਂ ਦੂਜੀ ਜਮਾਤ ਵਿੱਚ ਤਾਂ ਚਲੇ ਜਾਂਦੇ ਹਨ ਪਰ ਉਨ੍ਹਾਂ ਨੂੰ ਅੱਖਰ-ਗਿਆਨ ਅਤੇ ਹਿਸਾਬ ਦੀਆਂ ਬੁਨਿਆਦੀ ਗੱਲਾਂ ਵੀ ਸਮਝ ਨਹੀਂ ਆਉਂਦੀਆਂ। ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਐਨੁਅਲ ਸਟੇਟਸ ਆਫ਼ ਐਜੂਕੇਸ਼ਨ ਰਿਪੋਰਟ ਦੇ ਸਰਵੇਖਣ ਸਾਨੂੰ ਵਾਰ-ਵਾਰ ਚੇਤੇ ਕਰਵਾਉਂਦੇ ਹਨ ਕਿ ਭਾਰਤ ਦੇ ਜ਼ਿਆਦਾਤਰ ਸਕੂਲੀ ਬੱਚੇ ਆਪਣੀ ਜਮਾਤ ਦੇ ਮਿਆਰ ਤੋਂ ਬਹੁਤ ਪਿੱਛੇ ਹਨ। ਰੱਟਾ-ਪ੍ਰਣਾਲੀ ਕੁੱਝ ਚੋਣਵੇਂ ਬੱਚਿਆਂ ਨੂੰ ਨੀਟ ਵਰਗੀਆਂ ਦਾਖ਼ਲਾ ਪ੍ਰੀਖਿਆਵਾਂ ਤਾਂ ਪਾਸ ਕਰਵਾ ਸਕਦੀ ਹੈ ਪਰ ਬਹੁਗਿਣਤੀ ਬੱਚਿਆਂ ਲਈ ਇਹ ਵੀ ਇੱਕ ਅਸੰਭਵ ਜਿਹਾ ਸੁਪਨਾ ਹੈ। ਇਨ੍ਹਾਂ ਗੱਲਾਂ ਵਿੱਚੋਂ ਕੋਈ ਵੀ ਅਜਿਹੀ ਨਹੀਂ ਜੋ ਭਾਰਤ ਦੀਆਂ ਸਿੱਖਿਆ ਨੀਤੀਆਂ 'ਤੇ ਹੁੰਦੀਆਂ ਬਹਿਸਾਂ ਵਿੱਚ ਨਵੀਂ ਹੋਵੇ। ਸੱਚ ਤਾਂ ਇਹ ਹੈ ਕਿ 2020 ਦੀ ਨਵੀਂ ਸਿੱਖਿਆ ਨੀਤੀ ਵਿੱਚ ਭਾਰਤੀ ਸਿੱਖਿਆ ਢਾਂਚੇ ਦੀਆਂ ਦੋਹਰੀਆਂ ਤ੍ਰਾਸਦੀਆਂ ਦਾ ਜ਼ਿਕਰ ਕੀਤਾ ਗਿਆ ਸੀ, ਪਹਿਲੀ ਇਹ ਕਿ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀ ਇੱਕ ਵੱਡੀ ਗਿਣਤੀ ਬੁਨਿਆਦੀ ਤੌਰ 'ਤੇ ਪੜ੍ਹਨ-ਲਿਖਣ ਅਤੇ ਹਿਸਾਬ ਦੀ ਜਾਣਕਾਰੀ ਤੋਂ ਵਾਂਝੀ ਹੈ ਅਤੇ ਦੂਜੀ ਇਹ ਕਿ ਸਾਡੀ ਪ੍ਰੀਖਿਆ ਪ੍ਰਣਾਲੀ ਸਿਰਫ਼ ਰੱਟੇਬਾਜ਼ੀ ਨੂੰ ਪਰਖਦੀ ਹੈ, ਜਿਸ ਵਿੱਚ ਸਫ਼ਲ ਹੋਣ ਲਈ 'ਮਹੀਨਿਆਂ ਦੀ ਕੋਚਿੰਗ' ਦੀ ਲੋੜ ਪੈਂਦੀ ਹੈ। ਹਾਲਾਂਕਿ ਬੁਨਿਆਦੀ ਸਾਖਰਤਾ ਅਤੇ ਗਣਿਤ 'ਚ ਸੁਧਾਰ ਲਈ ਕੁਝ ਨਿਵੇਸ਼ ਜ਼ਰੂਰ ਹੋਇਆ ਹੈ ਪਰ ਸਰਕਾਰ ਦਾ ਬਹੁਤਾ ਧਿਆਨ ਨਵੀਂ ਸਿੱਖਿਆ ਨੀਤੀ ਨੂੰ 'ਹਿੰਦੂਤਵ' ਦੇ ਏਜੰਡੇ ਲਈ ਵਰਤਣ ਵੱਲ ਹੀ ਰਿਹਾ ਹੈ। ਇਸੇ ਲਈ ਸਾਡੀ ਸਾਰੀ ਊਰਜਾ ਭਾਰਤ ਦੇ ਮੁਗ਼ਲ ਇਤਿਹਾਸ ਨੂੰ ਕਿਤਾਬਾਂ 'ਚੋਂ ਮਿਟਾਉਣ ਲਈ ਪਾਠ-ਪੁਸਤਕਾਂ ਨੂੰ ਮੁੜ ਲਿਖਣ ਵਿੱਚ ਲੱਗੀ ਹੋਈ ਹੈ ਜਾਂ ਇਸ ਗੱਲ 'ਤੇ ਬਹਿਸਾਂ ਹੋ ਰਹੀਆਂ ਹਨ ਕਿ ਮੋਹੰਜੋਦੜੋ ਦੀ ਨੱਚਦੀ ਕੁੜੀ (ਮੂਰਤੀ) ਦਾ ਨੰਗਾ ਸਰੀਰ ਸਾਡੇ ਛੇਵੀਂ ਜਮਾਤ ਦੇ ਬੱਚਿਆਂ ਦੇ ਨੈਤਿਕ ਇਖ਼ਲਾਕ ਲਈ ਖ਼ਤਰਾ ਤਾਂ ਨਹੀਂ! ਦੂਜੇ ਪਾਸੇ, ਚੁੱਪ-ਚਾਪ ਸੀ ਯੂ ਈ ਟੀ ਵਰਗੀਆਂ ਪ੍ਰੀਖਿਆਵਾਂ ਲਾਗੂ ਕਰਕੇ ਕੋਚਿੰਗ ਮੰਡੀ ਦੇ ਖ਼ਤਰਨਾਕ ਜਾਲ ਨੂੰ ਹੋਰ ਵਧਾਉਣ ਦਾ ਰਸਤਾ ਸਾਫ਼ ਕੀਤਾ ਜਾ ਰਿਹਾ ਹੈ।

ਅੱਗੇ ਵਧਣ ਲਈ ਸਾਨੂੰ ਇਸ ਬਹਿਸ ਦੀ ਵਾਗਡੋਰ ਮੁੜ ਆਪਣੇ ਹੱਥਾਂ ਵਿੱਚ ਲੈਂਦਿਆਂ ਜਮਾਤ ਦੀ ਸਹਿਮਤੀ ਦੇ ਢਾਂਚੇ ਨੂੰ ਭੰਗ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ। ਇਸ ਲਈ ਤਿੰਨ ਅਹਿਮ ਥੰਮ ?ਹਾਂ 'ਤੇ ਕੰਮ ਕਰਨ ਦੀ ਲੋੜ ਹੈ: ਬੁਨਿਆਦੀ ਸਿੱਖਿਆ ਵਿੱਚ ਲਗਾਤਾਰ ਨਿਵੇਸ਼; ਅਤੇ ਪ੍ਰੀਖਿਆ ਪ੍ਰਣਾਲੀ ਨੂੰ ਮਹਿਜ਼ ਰੱਟੇਬਾਜ਼ੀ ਵਾਲੇ ਦੌਰ 'ਚੋਂ ਬਾਹਰ ਕੱਢਣਾ ਤਾਂ ਜੋ ਕਲਾਸਰੂਮ ਦਾ ਮਨੋਰਥ ਸਿਰਫ਼ ਸਿਲੇਬਸ ਖ਼ਤਮ ਕਰਵਾਉਣਾ ਨਾ ਰਹੇ ਸਗੋਂ ਵਿਸ਼ੇ ਦੀ ਡੂੰਘੀ ਸਮਝ ਬਣਾਉਣਾ ਹੋਵੇ (ਪ੍ਰਾਈਵੇਟ ਕੋਚਿੰਗ ਅਤੇ ਟਿਊਸ਼ਨਾਂ ਦੀ ਮੰਗ ਉਦੋਂ ਹੀ ਘਟੇਗੀ ਜੇਕਰ ਇਹ ਦੋਵੇਂ ਸ਼ਰਤਾਂ ਪੂਰੀਆਂ ਹੋਣਗੀਆਂ)। ਇਨ੍ਹਾਂ ਦੇ ਨਾਲ-ਨਾਲ ਸਿੱਖਿਆ ਦੇ ਹਰ ਪੱਧਰ 'ਤੇ ਸਰਕਾਰੀ ਨਿਵੇਸ਼ ਨੂੰ ਬਹੁਤ ਵੱਡੇ ਪੱਧਰ 'ਤੇ ਵਧਾਉਣਾ ਲਾਜ਼ਮੀ ਹੈ। ਸਿੱਖਿਆ ਨੀਤੀ ਦੀ ਦੁਨੀਆ ਵਿੱਚ ਸਾਡੀ ਰਾਜਨੀਤਿਕ ਚਰਚਾ ਵਿੱਚ ਮਿਆਰੀ ਸਰਕਾਰੀ ਸਿੱਖਿਆ ਨੂੰ ਪਹਿਲ ਨਾ ਦੇ ਸਕਣ ਦੀ ਨਾਕਾਮੀ ਨੂੰ ਜਮਹੂਰੀਅਤ ਦੀ ਹਾਰ ਮੰਨ ਕੇ ਅਫ਼ਸੋਸ ਜਤਾਉਣਾ ਇੱਕ ਆਮ ਜਿਹੀ ਗੱਲ ਬਣ ਚੁੱਕੀ ਹੈ। ਪਰ ਭਾਰਤੀ ਜਮਹੂਰੀਅਤ ਦੇ ਇਸ ਸਭ ਤੋਂ ਨਿਰਾਸ਼ਾਜਨਕ ਦੌਰ ਵਿੱਚ ਸਿੱਖਿਆ ਇੱਕ ਵੱਡੇ ਅੰਦੋਲਨ ਦਾ ਨਾਅਰਾ ਬਣ ਕੇ ਉੱਭਰੀ ਹੈ। ਸਾਡੇ ਕੋਲ ਹੁਣ ਇੱਕ ਅਜਿਹਾ ਸਿੱਖਿਆ ਢਾਂਚਾ ਸਿਰਜਣ ਦਾ ਸੁਨਹਿਰੀ ਮੌਕਾ ਹੈ ਜੋ ਸਾਡੇ ਨੌਜਵਾਨਾਂ ਦੇ ਸੁਪਨਿਆਂ ਦੇ ਹਾਣ ਦਾ ਹੋਵੇ। ਸਾਨੂੰ ਇਸ ਮੌਕੇ ਨੂੰ ਹੱਥੋਂ ਨਹੀਂ ਗੁਆਉਣਾ ਚਾਹੀਦਾ।




Preetnama
Khara Sach
प्रीतनामा
खरा सच
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 363
Website: www.preetnama.com Email preetnamausa@gmail.com
24 JULY TO 30 JULY, 2026

# कॉकरोच जनता पार्टी के संसद मार्च से सुलगते सवाल और राजनीतिक निहितार्थ

कॉकरोच जनता पार्टी संसद चलो आह्वान केवल एक विरोध मार्च नहीं, बल्कि केंद्र सरकार पर दबाव बनाने की एक राजनीतिक रणनीति है। खासकर जिस तरह से इस आंदोलन को छात्र आंदोलन का स्वरूप दिलवाया जा चुका है, वह डीप स्टेट के इशारे पर बनी विपक्ष की शातिर सरकार घेरो रणनीति का कमाल भी करार दिया जा रहा है। देखा जाए तो संसद के मानसून सत्र के दौरान गत 20 जुलाई को जंतर-मंतर से संसद की ओर मार्च करने के दौरान बड़ी संख्या में प्रदर्शनकारी जुटे और कूच किया, वह बिल्कुल संगठित राजनीतिक आंदोलन के तर्ज पर हुआ। मजे की बात तो यह कि संसद के निकट पुलिस और प्रदर्शनकारियों के बीच जो पूर्व प्रायोजित झड़प हुई और उसके बाद हालात नियंत्रित करने के लिए पुलिस ने लाठीचार्ज और आंसू गैस का इस्तेमाल किया, इससे यह संसद मार्च राष्ट्रीय/अंतर्राष्ट्रीय सुर्खियां बन गया। बड़े बड़े न्यूज़ चैनल्स और अखबारों के दफ्तरों में इससे जुड़े कई नीतिगत सवालों पर भी बहस होने लगी। सोशल मीडिया पर जहां सरकार विरोधी भड़काऊ वीडियो वायरल होने लगे, वहीं सत्ताधारी नेताओं और कार्यकर्ताओं ने भी आंदोलनकारियों की कारगुजारियों के वीडियो साझा कर दिए, जिससे लोगों की सहानुभूति पुलिस और सरकार के साथ बनी रही।



यदि संसद मार्च के घटनाक्रमों पर संतुलित नजर डालें तो यही प्रतीत होता है कि जब बड़ी संख्या में सीजेपी समर्थक संसद चलो मार्च के लिए जंतर-मंतर से संसद की ओर बढ़े, तो भले ही उनकी मुख्य मांगें शिक्षा सुधार, परीक्षा-पत्र लीक और जवाबदेही था, लेकिन इरादे तोड़फोड़ वाले और खतरनाक थे, अन्यथा पुलिस को बल प्रयोग नहीं करना पड़ता। चूंकि संसद के मानसून सत्र के दौरान माननीयों की सुरक्षा के दृष्टिगत दिल्ली पुलिस ने व्यापक बैरिकेडिंग की थी, इसलिए ज्यादा दिक्कत नहीं हुई। पुलिस ने कुछ प्रदर्शनकारियों को रोका, हिरासत में लिया तथा कुछ स्थानों पर आंदोलनकारियों द्वारा उपद्रव करने के बाद आंसू गैस और बल प्रयोग की घटनाएं सामने आईं। इससे अफरातफरी मच गई।

देखा जाए तो इस आंदोलन की प्रमुख मांगों में नीट पेपर लीक और भर्ती प्रक्रियाओं में कथित अनियमितताओं पर कार्रवाई, बेरोजगारी के मुद्दे पर सरकार की जवाबदेही, कुछ नेताओं द्वारा केंद्रीय शिक्षा मंत्री के इस्तीफे की मांग, आंदोलन से जुड़े लोगों के साथ संवाद आदि हैं, लेकिन जो उत्पात दिखाई-सुनाई दिया, वह विपक्षी संस्कार नहीं तो क्या है? फिर भी, केंद्र सरकार ने आंदोलन के प्रतिनिधियों से बातचीत की पहल भी की, जो टकराव के बीच संवाद की दिशा में एक सकारात्मक कदम माना जा सकता है। भाजपा के पूर्व राष्ट्रीय अध्यक्ष जे. पी. नड्डा ने सरकारी प्रतिनिधि के तौर पर ष्ट्छ्क्षप्रतिनिधिमंडल से बातचीत की और मांगपत्र ग्रहण किया। बावजूद इसके आंदोलनकारी अपनी मांगों पर कायम हैं।

सवाल है कि संसद मार्च के क्रम में जो कुछ गड़बड़ हुआ, क्या वह लोकतांत्रिक है, सही था या गलत? तो जवाब होगा कि युवाओं का शिक्षा व्यवस्था और परीक्षा की निष्पक्षता जैसे मुद्दों पर शांतिपूर्ण तरीके से अपनी आवाज़ उठाना लोकतंत्र का वैध हिस्सा है। वहीं, सरकार द्वारा आंदोलनकारियों से बातचीत शुरू करना भी लोकतांत्रिक प्रक्रिया के अनुरूप कदम है। फिर भी संसद मार्च के दौरान आंदोलनकारियों की ओर से कुछ कुछ गलत हुआ जो अनुचित लगा। यदि प्रदर्शनकारियों ने निषिद्ध क्षेत्र में जबरन प्रवेश करने या बैरिकेड तोड़ने की कोशिश की, तो वह कानून-व्यवस्था की दृष्टि से उचित नहीं माना जाएगा।

वहीं, यदि पुलिस ने आवश्यकता से अधिक बल प्रयोग किया या शांतिपूर्ण प्रदर्शनकारियों पर अनावश्यक कार्रवाई हुई, तो उसकी भी निष्पक्ष जांच और जवाबदेही तय होनी चाहिए। हालांकि, इस पर अलग-अलग पक्षों के अपने अपने दावे हैं और सभी तथ्यों के गोलमोल जवाब ही मिले हैं, जिनपर एतबार करना मुश्किल है क्योंकि सोशल मीडिया पर वायरल वीडियो, जिसका अंतिम सत्यापन अभी होना बाकी है, कई अनकही कहानियां गढ़ रहे हैं। इससे सरकार सांसत में है और विपक्ष तरह-तरह के आरोप लगाकर सिस्टम की मुश्किलें बढ़ा रहा है। हालांकि इस बात में कोई दो राय नहीं कि लोकतांत्रिक समाधान का सर्वोत्तम रास्ता संवाद और कानून के दायरे में रहकर समस्या का समाधान है।

भले ही किसी भी लोकतंत्र में शांतिपूर्ण प्रदर्शन और अपनी मांगें रखना नागरिकों का अधिकार है, लेकिन इस संसद मार्च के क्रम में देश की राजधानी नई दिल्ली के हृदय स्थल पर, जिस प्रकार की हिंसा, तोड़फोड़, सार्वजनिक व निजी संपत्ति को नुकसान पहुँचाना या सुरक्षा बलों से टकराव की जो प्रवृति दिखाई दी, वह विपक्षी दलों का परोक्ष कुचक्र नहीं तो क्या है? आखिर इस देशद्रोही प्रवृति को कदापि उचित नहीं ठहराया जा सकता है।

इसी प्रकार, यदि पुलिस बल का प्रयोग आवश्यकता से अधिक हुआ हो, तो उसकी भी निष्पक्ष समीक्षा होनी चाहिए। सवाल है कि क्या स्थानीय जिलाधिकारी और डीसीपी के पास छात्र समूह को काबू में रखने की कोई स्पष्ट रणनीति नहीं थी? और यदि थी तो फिर इतना सबकुछ कैसे हुआ? वहीं कोई पुलिस कर्मी कैसे पिट गया और घायल हुआ? आखिर किसी दुकानदार को तोड़-फोड़ का सामना क्यों और कैसे करना पड़ा? जनपथ बाजार की सुरक्षा के व्यापक बंदोबस्त क्यों नहीं किए गए थे। वहीं, अनियंत्रित युवा भीड़ क्यों जुटने दी गई और उनको काबू में रखने के लिए व्यापक बंदोबस्त क्यों नहीं किये गए थे?

कॉकरोच जनता पार्टी के संसद चलो आह्वान के राजनीतिक मायने केवल एक विरोध मार्च तक सीमित नहीं हैं, बल्कि यह भारतीय राजनीति में युवाओं के असंतोष, डिजिटल आंदोलन और पारंपरिक दलों के प्रति अविश्वास का प्रतीक बनकर उभरा है। हालांकि ष्ट्छ्क्ष स्वयं को व्यंग्यात्मक आंदोलन बताता है, लेकिन इसके मुद्दे गंभीर राजनीतिक प्रश्न उठाते हैं।

यही वजह है कि राजनीतिक दृष्टि से इसके कई मायने निकाले जा रहे हैं- पहला, संसद के मानसून सत्र के पहले दिन दबाव की राजनीति। दूसरा, युवाओं और प्रतियोगी परीक्षा अभ्यर्थियों के असंतोष को राष्ट्रीय मुद्दा बनाने का प्रयास। तीसरा, विपक्ष के लिए सरकार को घेरने का अवसर और चौथा, सरकार के लिए कानून-व्यवस्था बनाए रखते हुए आंदोलनकारियों से संवाद की चुनौती आदि। हालांकि, इसके प्रमुख राजनीतिक संकेत इस प्रकार हैं-

एक, युवा असंतोष का राजनीतिक रूपांतरण- बेरोज़गारी, परीक्षा-पत्र लीक, शिक्षा व्यवस्था और राजनीतिक जवाबदेही जैसे मुद्दों को लेकर नाराज़गी को संगठित करने का प्रयास दिखाई देता है। दो, डिजिटल से सड़क तक- सोशल मीडिया पर शुरू हुआ अभियान अब वास्तविक जन-प्रदर्शन में बदलता दिख रहा है, जो यह संकेत देता है कि ऑनलाइन असंतोष भी राजनीतिक दबाव का माध्यम बन सकता है।

तीन, सरकार पर दबाव- संसद के मानसून सत्र के पहले दिन मार्च का समय चुनना सरकार और संसद का ध्यान आकर्षित करने की रणनीति माना जा सकता है। सरकार और ष्ट्छ्क्षप्रतिनिधियों के बीच बातचीत शुरू होने की खबर भी इसी दबाव का संकेत है।

चार, विपक्ष के लिए अवसर- यदि विपक्ष इस असंतोष को राजनीतिक समर्थन देता है, तो यह सरकार को घेरने का एक नया मुद्दा बन सकता है। वहीं यदि आंदोलन स्वतंत्र बना रहता है, तो यह पारंपरिक दलों से अलग एक नई राजनीतिक शैली का संकेत होगा। पांच, प्रतीकों की राजनीति- कॉकरोच जैसे अपमानजनक शब्द को पहचान और प्रतिरोध के प्रतीक में बदलना राजनीतिक संचार की एक प्रभावी रणनीति है, जो विशेषकर युवाओं के बीच ध्यान आकर्षित करती है। छठा, ष्ट्छ्क्ष की कई मांगें और उसकी प्रस्तुति व्यंग्य एवं प्रतीकात्मक राजनीति का हिस्सा हैं। इसलिए यह कहना अभी जल्दबाज़ी होगी कि यह एक स्थायी राष्ट्रीय राजनीतिक शक्ति बन जाएगी। दरअसल उसकी वास्तविक राजनीतिक क्षमता इस बात पर निर्भर करेगी कि क्या वह सोशल मीडिया की लोकप्रियता को लंबे समय तक संगठित जनसमर्थन और ठोस राजनीतिक संगठन में बदल पाती है।

निष्कर्षत- यही कहना उपयुक्त होगा कि लोकतंत्र में न तो हिंसक टकराव समाधान है और न ही वैध असंतोष को केवल बल पूर्वक दबाना। लिहाजा सबसे उचित रास्ता यही है कि आंदोलन शांतिपूर्ण रहे, कानून का सम्मान हो, और सरकार ठोस संवाद के माध्यम से शिक्षा सुधार तथा परीक्षा प्रणाली से जुड़े मुद्दों का विश्वसनीय समाधान प्रस्तुत करे। अन्यथा छात्र आंदोलन यदि राष्ट्रीय स्वरूप अख्तियार कर लेगा तो सनातनी सत्ता को लेने के देने पड़ जाएंगे।

# सिख धर्म का प्रचार, प्रसार और दरपेश चुणौतियां



– इकबाल सिंह लालपुरा

दुनिया के प्रमुख धर्मों में सि1ख धर्म की पहचान बहुत विकलोतरी है। अपने अलग आध्यात्मिक फलसफे, मानववादी, लोग- समर्थकी स्वरूप, शानाम4ो इतिहास सदका यह धर्म विश्व के धार्मिक मान- चित्र पर विशेष गौरव का प्रेक्षक है। इस धर्म के पैरोकार चाहे विश्व भर की आबादी में सं2या पक्ष से कम हैं परन्तु देश के सभी सूबों में, अलग- अलग देशों में उन्हों ने अपनी सतिकारत होंद दर्ज कराई हुई है। भारत में ही नहीं बल्कि विदेशों में भी इस धर्म के पैरोकार- सि1ख उच्च पदवियाँ पर आसीन रहे हैं और आज भी हैं। आर्थिक क्षेत्र में दस गुरू- साहबानें के वरोसाए सि1खों ने मल्लाँ मारें हैं। इन सभी प्राप्तियाँ पीछे वह किरदार है जो दस गुरू- साहबानें ने लगभग ढाई सदियों के अद्वितीय चिंतन, कदरों कीमतों, मेहनत और बलियों राही सृजन करा।

पिछले कई सालों से पंजाब में श्री गुरु ग्रंथ साहब, गुरबानी और गुरू घरों की बेअदबी के मामले बढ़ते ही जा रहे हैं। दुख की बात यह है कि इन मामलों में बहुत से दोषी सि1ख पहचान वाले हैं 1योंकि उन के नाम पिच्छे%सिंह%जें%कौर%लगा हुआ है। ऐसे बेअदबी के दोशियें को कत्ल कर देने की घटनाएँ भी हुई, वह भी गुरू घरों के अंदर। ओर चिंता का विषा यह है कि एक विशेष धर्म के प्रचारकों की तरफ से भोले भाले सि1खों को सि1खी स्वरूप में ही अपने धर्म के साथ जोड़ने की कोशिशें हो रही हैं, जो अपनी प्रार्थना राही चमत्कार करने की बात करते हैं। गुरूयों के वरोसाय इस छोटे से पंजाब में इन प्रचारकों की सं2या भी हज़ारों में है। इस से भी ओर दुखदायी बात यह है कि सि1ख नौजवान पीढ़ी लगातार पतित हो रही है और पंजाब आर्थिक रूप से कंगाल हो रहा है परन्तु हम चुप कर कर बैठे हैं।

सि1ख धर्म दुनिया के प्रमुख धर्मों में से ऐसा धर्म है, जो कर्म कांड से रहित है। इस धर्म में गुरू और प्रभु के साथ जुड़ने के लिए पुजारियों की ज़रूरत नहीं है। यदि भाई नन्द लाल जी के श्री गुरु गोबिन्द सिंह साहब की तरफ से प्रकट किये आचरण नियमावली पर विचार करें तो अमृत समय पर उठ कर इशनान करन उपरांत ध्यान लगाने, वाहिगुरू मंत्र का जाप और पाठ करना ज़रूरी है। शरणार्थी समय पर शाम की आराधना और रात्रि को कीर्तन प्रशंसा भरे श4द का पाठ करना है। गुरू हु1म अनुसार इन में यदि कोई एक नियम भी पुगावो तो वह अकाल पुरुष की दरगाह में स्वीकृत होता है। इस लिए गुरू साहिबान, श4द रूप में श्री गुरु ग्रंथ साहब जी के द्वारा हर समय ज्ञान और संशोधन देने के लिए उपस्थित हैं। जो गुरू श4द के साथ प्यार करता है, वह गुरू के दर्शन करन बराबर है।

ऐसे गुरसिख सेव की ममहिं पहुँचे आए॥

सुनह नंद चि4ा देई के मुक्त बैकठै जाए ॥ ( भाई नन्द लाल जी)

अकाल पुरुष, जो जन्म मरने से रहित, निरभउ, निरवैर और स्व- प्रकाशमान है, को गुरू की कृपा के साथ प्राप्त किया जा सकता है। संकल्प मार्ग स्व- मान के साथ आनंदमय जीवन का रास्ता बताता है। हँसते, खेल्हदे, खाते, पहनते भी अकाल पुरुष को सेवा और सिमरन के द्वारा पहुँचा जा सकता है

**नानक सतिगुरु भेटिऐ पूरी होवे जुगत ॥**

हसंदिया खेलंदिया पैनंदिया खावंदिया विचे होवे मुकत (अंग-५१२)

बाकी हिदायतें, सि1ख ने 1या करना है और 1या नहीं करना, तनखाहनामे में दर्ज हैं। सि1ख को सिर पर टोपी नहीं धारण करनी चाहिए। सि1ख ने हुक्का, चरस, तंबाकू, कुट्ठा, गाँजा, टोपी ताली, धूल का सेवन नहीं करना। सि1ख ने जुआ, मदिरा, चोरी और परायी स्त्री से दूर रहने है। यदि सि1ख बादशाह हो तो गरीब सिंहों की पालना करे, उन को ही नौकर रखे और विदेशी सिंहों की सेवा भी करे। न घूस ले कर इन्साफ करे और न झूठी गवाही दो, सि1ख उद्यम करके रोज़ी कमावे-

**उदमु करेदिया जीऊ तूं कमावदिया सुख भुंचु ॥**

ध्याइदिया तूं प्रभू मिलु नानक उतरी चिंत॥ (अंग ५२२)

यदि कोयी सिंह पुजारी भी है तो शरीर के निर्वाह की ज़रूरत अनुसार ही भेटा ले। गाँव में एक स्थान साधु संगत का बनवाना, जहाँ साधु संगत एकत्रित हो और आया गया विश्राम करे। यदि सि1ख से कुरहित हो जाये तो पाँच सिंहों आगे हाथ जोड़ कर तनखुवाह लगवा कर भूल बखशावे, परन्तु बखशण वाला सिंह भी मुआफी समय पर ज़िद न करन, सि1खों का मसला सि1खों में ही निपटे। संकल्प का सिद्धांत है- खालसा अकाल पुरुष के रूप में प्रकट हुआ है।

अकाल पुरख दी मूर्ति इह। प्रगटियो आप खालसा देह ॥ (सर्ब लौह ग्रंथ)

**1योंकि खालसा अकाल पुरुष की फ़ौज है। इस लिए उसके में अनुशासन और नियम भी हैं,**

ऐसे गुण हरि खालसहि बखशै,
भकति, ज्ञानी, राज, जोगेशवर
छत्रिय ब्रिति अननयुपासक,
त्यागी हठी सूर भनेशवर॥

अर्थात खालसा वह है जो भक्ति वाला, ज्ञान वाला, राजाओं का स्वामी, योगियों का भी स्वामी, छाते जैसी आजीविका वाला, अननयुके पासक, परमेश्वर से बिना ओर किसी का उके पासक नहीं, त्यागी, हठी, शूरवीर और भुवनेश्वर- भवन ज़मीन का मालिक है। इस लिए अकाल पुरुष का सिपाही औगुणें से रहित की होना चाहिए-

त्यागी दस बिरोध अति साधन हिंसा अहंकार आलस क्रिपनतू प्रमानं॥

कठोरत जड़तु कुचिलितु असऊचं कलम शारु अभिगति आनं ।।।

अर्थात हिंसा, अहंकार, आलस, क्रिपणतव- सूमपन, कठोरपुना ( निर्दयी), जड़तु- मूर्खता, कुचलित- बुरा चलने - बुरे विचार, अपवित्रता, कलमशारूं - कलम के साथ बुरा न करना और अभिगति आनं लूट के माल और आनंद नहीं भोगना, इन औगुणें से रहित ही खालसा संत सिपाही और गुरू का रूप है। इन नियमों पर जीवन का प्रेक्षक ही खालसा ईश्वर का रूप है।

**दस ग्राही दस त्यागी एसो**
**ताह खालसह कथत सुजानं॥**
**असु खालसह खालस पद प्रापति**
**निरंकारि सु स्वरूप महानं ॥**

सि1ख धर्म में प्रचार की विधि पारस के साथ छू कर पारस बनने की रही है। पारस को जो लोहा या तांबा छू जाये तो वह सोना बन जाता है।

**पारसि परसिऐ पारसु होए जा तेरै मनि भाने ।**( अंग ६९८ )

श्री गुरु नानक देव जी ने अपनी उदासियाँ समय धर्म प्रचार के छोटे छोटे केंद्र स्थापित किये, जिन में भाई लालो को एमनाबाद, तुल6बें में सज्जन ठग को और बनारस में चितरदास ब्राह्मण को यह सेवा बखसी। वह गुरू जी का उपदेश सुनाते थे और संकल्प समेत धार्मिक विषेला पर विचार चर्चा करते थे। श्री गुरु अमरदास जी ने खटिया व्यवस्था को प्रमुखता दी और २२ खटिया भाव प्रचार केंद्र स्थापित कर दिए। २२ खटिया क्रमवार १ अनाहयारखें, २. सचन सत्य, ३ साधारण, ४ सावन क4ज़ा कर, ५. सुखन, ६. हुन्दाल, ७ केदारी, ८ खेड़ा, ९. गंगू साँस, १० दरबारी, ११. पारे जुलकें, १२, चक्कर कटारा, १३, बुआ, १४ महेसा, १५, बनी, १६ माईदास, १७, मानक चंद, १८ मथों, मुरारी १९, राजाराम २०, रंग साँस २१, रंग दास २२ लालो को बख़शियें, जिन के नाम अलग- अलग स्त्रोतों में दर्ज मिलते हैं। एक ओर विलक्षण बात, स्त्री प्रचारकों के लिए ५२ पीढ़े स्थापित करन की थी, जिस का नेतृत्व करन वाली बीबी चुगली और बीबी दानी आदि के नाम ख़ास तौर पर काबिल- ए- जैसे हैं। पंचम पातशाह श्री गुरु अर्जुन देव जी ने इन प्रचार संस्थायों की सं2या ओर भी बडा दी। खटिया प्राप्त करन वाला अपने इलाको में प्रचार की ज़ि6मेदारी संभालदा था।

भाई गुरदास जी की वीं बार में श्री गुरु नानक देव जी समेत गुरू साहिबान के देश- विदेश में से अनेकों सि1खों के नाम दर्ज हैं जो भारत, श्रीलंका, ति4बत और अफगानिस्तान आदि देशों में प्रचार करते थे। इसी तरह यह खटिया फिर धरमसाळ और गुरुद्वारा साहिबान बन गई। इन प्रचारकों की सं2या बढ़ती गई और धीरे धीरे इन को मसंद मसनद भाव बड़ी खटिया वह जो तख़्त, गद्दी जो सिंहासन से नीची हो बखसी गई। इन्हों ने गुरू घरों की महिमा और संकल्प लोगों में पहुंचाई ते शरधालूआं का दसवन्द गुरू घर में पहुँचाने का काम किया। परन्तु धीरे धीरे पैसो के लालच में मसंद भृष्ट हो गए। जिन बारे गुरू गोबिन्द सिंह जी ने दर्ज किये –

**जो जुगियान के जाय कहै सभ जोगन को गृह माल उठै दै ॥**

**जो परो भाजि सनयासन दै कहै द4ा के नाम पै धाम लुटै दै।**

**जो करि कोऊ मसंदन सौ कहे सर्ब दरब लै मोहि अबै दै॥**

**लेउ ही लेउ कहै सभ को नर कोऊ न ब्रह्म बताई हमै दै ॥२८॥**

**जो करि सेवा मसंदन की कहै आनि परसादि सभै मोहि दीजै ॥**

The use of heavy weaponry and reports of targeted attacks on residential areas have compounded the humanitarian crisis. In addition to the direct clashes on the ground, there are growing concerns about the involvement of external actors. Reports of Russian military buildup near the Ukrainian border and alleged support for separatist forces have fueled fears of a broader escalation of the conflict. Diplomatic efforts, while ongoing, have not yet yielded significant breakthroughs to bring about a sustainable ceasefire.The immediate concern is the worsening humanitarian crisis. Civilians caught in the crossfire face immense challenges. The civilian casualties are a cause of concern so is the lack of access to basic necessities, healthcare, and education. A diplomatic resolution remains the most desirable outcome to end the Ukraine war. Diplomatic channels should be revitalised with a renewed commitment from all involved parties. International mediators must facilitate dialogue and negotiate a peaceful settlement that respects Ukraine's territorial integrity without humiliating Russia. We know how humiliating Germany after First World War led to the rise of Hitler and resulted in Second World War. The international community must respond to the crisis. Stronger diplomatic pressure on Russia and increased support for Ukraine can help to de-escalate the situation. Mediators, such as the United Nations and European Union, and must play a more proactive role in finding a solution.

# Darwin beyond western pedagogy

**Raghavendra P. Tiwari**

There is an intelligentsia in our country that opposes every reform that the present dispensation is implementing for the good of the masses. These people create euphoria even on small pretexts and adamantly refuse to see the logic behind the change. A recent case in point is the shredding of the course contents by the NCERT from the Class-X syllabus. This was with a view to making course contents 'light but tight' especially owing to learning loss in the aftermath of Corona pandemic and the resultant trauma that the students underwent. Apart from making noises on rationalising the history syllabus, the latest rhetoric by 1800 scientists, science teachers and educators is on the dropping of 'Charles Darwin's Theory of Biological Evolution' from the science syllabus in Class X curriculum of the CBSE by the NCERT. They demanded that the theory of Darwinian evolution should be restored.

In fact, the rationalization of contents was carried out last year by a committee of experts based on learning outcomes, difficulty level, the relevance of topics, content overlapping horizontally and vertically, and the capacity of learners for self-learning. Accordingly, from the textbook of Class X, Chapter-9 on 'Heredity and Evolution' has been replaced with 'Heredity'. Other dropped chapters include the origin of life on earth,



molecular phylogeny, evolution, tracing evolutionary relationships and human evolution. However, the fact is that Darwin's Theory of Biological Evolution and the Periodic Table are prominently taught in Class-XII and Class-XI respectively.

Though the efficacy of these dropped chapters is a matter of another debate, these topics are considered to be advanced ones having higher difficulty levels and hence are important for those who wish to pursue a career in biological sciences. Hence, it is appropriate that these concepts are introduced to Class-XII learners as building blocks when their cognitive domains are better developed to critically appreciate such advanced topics. In undergraduate courses, these concepts can be taught on a higher pedestal.

In fact, now we must shift the focus of learners away from content and instruction, and lay emphasis on cognitive processes and higher-order thinking skills. The capacity of learners and their state of mind should be an important consideration while selecting learning modules. Moreover, all available contents cannot be taught as a part of the syllabus. Other important concepts and theories can be introduced by the teachers and scientists beyond the class-room and beyond syllabus activities for imparting wholesome learning as was commendably accomplished by the late Prof. Yashpal and Dr Abdul Kalam.

Apart from several other reforms stipulated in NEP-2020, one of the far-reaching consequences is an emphasis on "How to learn" instead of "What to learn". This phrase actually symbolises a 'new age learning' and will help inculcate life-long learning adaptation traits. Moreover, new-age learners are living in the era of Education 4.0. This version of education is outcome-based and is necessary for transforming the current content-driven education system to a learner-centric one, and ensuring that learners develop knowledge, wisdom and skills, essential to flourish in today's competitive world. Education 4.0 emphasises suitable pedagogical pathways such as flip-learning and the use of virtual reality tools for transforming passive learning environment into active one; learning at home or outside institutions, while skill development in the institutions; self-directed, collaborative, immersive and experiential learning ecosystem where lesson plans become creativity plans; and offering freedom to learners to study preferred courses and contents. All these find a special place in NEP 2020.The argument that scientific temper and critical thinking cannot be developed without teaching Charles Darwin's "Theory of Biological Evolution", in my opinion, does not hold much ground. Inculcating scientific mindset and critical thinking is not content-driven but pedagogy and evaluation based. Pedagogy was at the core of education in ancient India. Gurukulas believed that nothing can be taught. Therefore, gurus were facilitators and did not actually train the minds of the shishas, but only showed them how to perfect their instruments of learning. One of the Shrutis states that quality learning happens in four quarters: one-fourth from the teacher, one-fourth from the intelligence of learners, one-fourth from discussion with peers, and one-fourth with time i.e., experience gained from putting theory into practice.

There must be an inherent, burning, and perpetual desire to be curious. Amaatsarya means that a student should be eager to gain knowledge from the teacher. Shravanadar implies that students should be attentive, punctual, and inquisitive, and ensure the timely completion of the assigned tasks. Therefore, the moot question instead should be 'How to integrate ancient traditions of the known and the knowing with the current system to make it relevant for 21st Century learners.

In essence, the decision of the NCERT to rationalise and downsize the course contents from the syllabi of Class-XI and XII is aimed at distressing the students from the mental agony that they underwent during Corona pandemic or likely to undergo in the event of a future pandemic and thereby to ensure sound mental health for them. Opposition to this exercise may actually mean forcing students to be under pressure and remain stressed.

# Make career in soil science

**Vijay GarG**

Soil is studied as a natural resource in soil science. Under this, soil formation, classification, physical, chemical and biological properties and fertility are studied. Over the years, considering the importance of soil in crop production, forest produce and erosion control, a lot of job opportunities have been created in the soil sector. Soil science plays an important role in human life. It is not only a resource for food production, but it also gives usWaste disposal also helps maintain playgrounds, distribute and store water and nutrients, and support our environment. Educational qualification To make a career in this field, one must first have a Bachelor's degree in Soil Science or a related subject. But to become a soil scientist one must have a master's degree or a doctoral level degree. The work of soil scientist is only related to research. Teaching also requires basic educational qualification. In addition, students who do notThose who have successfully passed 12th in Science stream can apply for Bachelor degree course in Soil Science. After completing the undergraduate course these students can get admission in master level course. After taking an advanced degree, students can also take internship training to gain experience in the relevant subject. After this they can get doctoral degree and later research degree. pay scale The pay scale touches heights in the field of science. A fresher with M.Sc in Soil ScienceCan get a pay scale of Rs 20000 per month. A Soil Scientist or Senior Scientist in government institutions can easily get Rs 30000 to Rs 40000 per month. With the experience of a few years, the pay scale also keeps on increasing. wide field: Soil science is directly related to agriculture. India is an agricultural country and the economy of any country depends on its agricultural production. Soil science touches every area of agriculture. That is why job opportunities are also increasing in this field. MridThere is always a demand for experts. Of course, there are less possibilities in the government sector, but there are many opportunities for soil scientists in the private sector. After gaining expertise in this field, apart from government jobs, there is hands-on work in private institutions. Not only agriculture, every department related to agriculture, every field opens doors of opportunities for soil scientists. That's why the field of soil science is not limited but wide. employment opportunities Employment prospects in this sector are mostly privateare in the area. In the private sector, work can be done with agricultural consulting firms. But jobs can be done in state, federal and international agencies and educational institutions. Individuals who have completed their education in soil science can apply for land use planning, natural resource evaluation, wetland use and protection, soil mapping, farming forestry, ecology, water and agricultural chemical management, fertilizer technology, environment, soil and water protection, Work in Geographic Information System etc.R can be made. You can approach many agricultural universities in India for education in soil science. There are many job opportunities in soil science. In this field, you can work as a Soil Conservationist, Soil Microbiologist, Soil Ecologist, Soil Chemist, Soil Scientist, Land Use Specialist, Soil Physicist and Natural Resource Manager. The job opportunities in soil science are not only in India but also in foreign countries. In foreign countries also you can visit universities, agriculture departments etc.Can get job with good pay scale. premier educational institution Nauni University, Solan Himachal Pradesh . Agricultural University, Palampur. Punjab Agricultural University, Ludhiana. College of Agricultural Engineering, Ludhiana. College of Agriculture Engineering & Technology, Hisar. Haryana Agricultural University, Hisar. Rajasthan Agricultural University, Bikaner. Indian Agricultural Research Institute, New Delhi. Jawaharlal Nehru University, Delhi.

vijay garg retired principal Educational Columnist Malout Punjab

# ਪ੍ਰਧਾਨ ਮੰਤਰੀ ਦੀ ਆਮਦ ਕਾਰਨ ਪੀ.ਜੀ.ਆਈ. ਵਿਖੇ ਆਲੇ ਦੁਆਲੇ ਆਇਆ ਬਦਲਾਅ ਜੋ ਬਰਕਰਾਰ ਰਹੇ

ਮੇਜਰ ਸਿੰਘ ਨਾਭਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੰਡੀਗੜ੍ਹ ਜੁਲਾਈ ਦੀ ਫੇਰੀ ਤੋਂ ਇੱਕ ਦਿਨ ਪਹਿਲਾਂ ਮੈਂ ਨਵੀਂ ਓ.ਪੀ.ਡੀ. ਵਿੱਚ ਐਨ.ਐਮ.ਡੀ. ਵਿਭਾਗ 'ਚ ਮੇਰੇ ਕਰ ਰਹੇ ਇਲਾਜ਼ ਨਾਲ ਸਬੰਧਤ ਡਾਕਟਰ ਨੇ ਰੈਫਰ ਕੀਤੀ ਸਲਾਹ ਸਬੰਧਤ ਡਾਕਟਰ ਤੋਂ ਲੈਣੀ ਸੀ ।ਪਹਿਲੀ ਵਾਰ ਮੈਂ ਪੀ.ਜੀ.ਆਈ. ਦਾ ਆਲਾ ਦੁਆਲਾ ਜੰਗੀ ਪੱਧਰ ਤੇ ਸਾਫ ਹੁੰਦਾ ਦੇਖਿਆ ।ਕੁਝ ਨੂੰ ਛੱਡ ਕੇ ਬਹੁਤੇ ਫੜ੍ਹੀਆਂ ਵਾਲੇ ਪ੍ਰਸ਼ਾਂਸ਼ਨ ਨੇ ਉਥੋਂ ਹਟਾਏ ਹੋਏ ਸਨ ।ਸੜਕਾਂ ਦੇ ਕਿਨਾਰੇ ਕਾਫੀ ਹੱਦ ਤੱਕ ਸਾਫ ਅਤੇ ਖੁੱਲੈ ?ਹ ਦਿਖਾਈ ਦਿੰਦੇ ਸਨ , ਹੁਣ ਪੈਦਲ ਲੰਘਣਾ ਸੌਖਾ ਸੀ ।ਸੜਕਾਂ ਤੋਂ ਮਿੱਟੀ ਤੱਕ ਚੁੱਕ ਕੇ ਲਿਜਾਈ ਜਾ ਰਹੀ ਸੀ ।ਪਤਾ ਲੱਗਾ ਕਿ ਪ੍ਰਧਾਨ ਮੰਤਰੀ ਨੇ ਇਥੇ ਕਈ ਨਵੇਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਾ ਸੀ ।ਪ੍ਰਸ਼ਾਸ਼ਨ ਨੂੰ ਇਸੇ ਤਰ੍ਹਾਂ ਰੋਜ਼ਾਨਾ ਆਲੇ ਦੁਆਲੇ ਦੀ ਸਫਾਈ ਅਤੇ ਲੋਕਾਂ ਦੀ ਸਹੂਲਤ ਲਈ ਰਸਤੇ ਖੁੱਲ੍ਹੇ ਰੱਖਣੇ ਚਾਹੀਦੇ ਹਨ ।ਫਿਰ ਵੀ ਕਈ ਫਰੂਟ ਵਾਲੇ , ਚਾਹ ਵਾਲੇ , ਸਮੋਸੇ ਵਾਲੇ ਗਿਆਰਾਂ ਦੀ ਮਾਰਕੀਟ ਵਿੱਚ ਉਪਨ 'ਚ ਆਪਣੀ ਦੁਕਾਨਦਾਰੀ ਚਲਾ ਰਹੇ ਸਨ ।ਪ੍ਰਸ਼ਾਸ਼ਨ ਦੀ ਉਨ੍ਹਾਂ ਉੱਪਰ ਜਰੂਰ ਸਵੱਲੀ ਨਜ਼ਰ ਹੋਵੇਗੀ ।ਮੈਂ ਸਵੇਰੇ ਅੱਠ ਵਜੇ ਕਰੀਬ ਪਹੁੰਚ ਐਨੀ ਵੱਡੀ ਗਿਣਤੀ ਵਿੱਚ ਮਰੀਜ਼ ਦੇਖ ਹੈਰਾਨ ਹੋਇਆ , ਗੇਟ ਵੜ੍ਹਦੇ ਹੀ ਲੰਘਣ ਲਈ ਕੋਈ ਸਿੱਧਾ ਰਸਤਾ ਨਹੀਂ ਸੀ ਇੱਕ ਦੂਜੇ ਨਾਲ ਖਹਿ ਕੇ ਹੀ ਲੰਘਿਆ ਜਾਂਦਾ ਸੀ ।ਇਥੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਵਿੱਚ ਦਿਖਾਈ ਦੇਂਦੇ ਹਨ ।

ਮੈਂ ਪਿਛਲੇ ਛੇ ਸਾਲਾਂ ਤੋਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ।ਇਥੇ ਭਾਰਤ ਦੇ ਸਾਰੇ ਰਾਜਾਂ ਦੇ ਮਰੀਜ਼ ਇਲਾਜ਼ ਕਰਵਾਉਣ ਆਉਂਦੇ ਹਨ ।ਮਰੀਜ਼ਾਂ ਦੀ ਗਿਣਤੀ ਵੱਧਦੀ ਦੇਖ ਪਿਛਲੇ ਸਮੇਂ ਨਵੀਂ ਓ.ਪੀ.ਡੀ. ਮਰੀਜ਼ਾਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਖੋਲੀ ?ਹ ਗਈ ।ਇਥੇ ਵੀ ਹਜ਼ਾਰਾਂ ਮਰੀਜ਼ਾਂ ਦੀ ਲੰਬੀਆਂ ਲਾਈਨਾਂ ਵੱਖ-ਵੱਖ ਕਾਊਂਟਰਾਂ ਤੇ ਸਵੇਰੇ ਹੀ ਇਲਾਜ਼ ਲੈਣ ਲਈ ਨਵੇਂ ਕਾਰਡ ਬਣਾਉਣ ਜਾਂ ਐਂਟਰੀ ਕਰਵਾਉਣ ਨੂੰ ਦੇਖਣ ਨੂੰ ਮਿਲਦੀਆਂ ਹਨ ਮੈਨੂੰ ਵੀ ਦੋ ਘੰਟੇ ਕਾਰਡ ਬਣਵਾਉਣ ਲਈ ਲੱਗੇ ।ਇਨ੍ਹਾਂ ਕਾਊਂਟਰਾਂ ਨੂੰ ਵੀ ਵਧਾਉਣ ਦੀ ਲ਼ੋੜ ਹੈ ।ਅਗਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ???? ਕਰੋੜ ਤੋਂ ਵੱਧ ਰੁਪਏ ਦੇ ਚੰਡੀਗੜ੍ਹ ਵਿੱਚ ਨਵੇਂ ਪ੍ਰੋਜੈਕਟਾਂ ਲਈ ਉਦਘਾਟਨ ਕੀਤੇ ਹਨ । ਹੋਰ ਵਧੇਰੇ ਵਧੀਆ ਸਿਹਤ ਸੰਭਾਲ ਲਈ ਪੀ.ਜੀ.ਆਈ. ਵਿੱਚ ਅਡਵਾਂਸਿਡ ਮਦਰ ਐਂਡ ਚਾਈਲਡ ਸੈਂਟਰ ਅਤੇ ਅਡਵਾਂਸਿਡ ਨਿਊਰੋਸਾਇੰਸਜ਼ ਸੈਂਟਰ ਦਾ ਉਦਘਾਟਨ ਕੀਤਾ ।ਉਨ੍ਹਾਂ ਨੇ ??? ਬੈਡ ਸਟੇਟ ਆਫ ਦਾ ਆਰਟ ਕਰਿਟੀਕਲ ਕੇਅਰ ਬਲਾਕ ਦਾ ਨੀਂਹ ਪੱਥਰ ਵੀ ਰੱਖਿਆ ਇਸ ਨਾਲ ਉੱਤਰੀ ਖਿੱਤੇ ਦੇ ਮਰੀਜ਼ਾਂ ਨੂੰ ਰਾਹਤ ਮਿਲੇਗੀ ।ਹੋਰ ਸਹੂਲਤਾਂ ਵੀ ਸਮੇਂ ਦੀ ਲੋੜ ਅਨੁਸਾਰ ਦੇਣੀਆਂ ਬਣਦੀਆਂ ਹਨ ਜਿਵੇਂ ਪਾਰਕਿੰਗ ਦੀ ਘਾਟ ਕਾਰਨ ਮਰੀਜ਼ਾਂ ਨਾਲ ਆਏ ਲੋਕਾਂ ਨੂੰ ਬਾਹਰ ਸੜਕ ਕਿਨਾਰੇ ਆਪਣੇ ਰਿਸਕ ਤੇ ਹੀ ਗੱਡੀ ਖੜ੍ਹਾਉਣੀ ਪੈਂਦੀ ਹੈ ।ਬਾਹਰਲੀ ਮੇਨ ਸੜਕ ਦੇ ਦੋਹੀਂ ਪਾਸੇ ਵਾਹਨਾਂ ਖੜ੍ਹੇ ਹੁੰਦੇ ਹਨ , ਕਈ ਵਾਹਨ ਅੱਧੇ ਸੜਕ ਅਤੇ ਅੱਧੇ ਫੁੱਟ ਪੱਥ ਤੇ ਖੜ੍ਹੇ ਹੁੰਦੇ ਹਨ ।ਇਸ ਨਾਲ ਫੁੱਟ ਪੱਥ ਦੀਆਂ ਟਾਈਲਾਂ ਵੀ ਟੁੱਟੀਆਂ ਜਾਂ ਉੱਖੜੀਆਂ ਹੋਈਆਂ ਹਨ । ਜੇ ਇਸੇ ਤਰ੍ਹਾਂ ਪ੍ਰਸਾਸ਼ਨ ਅਗਿਆ ਦਿੰਦਾ ਹੈ ਤਾਂ ਇਸ ਥਾਂ ਨਿਸਚਿਤ ਪਾਰਕਿੰਗ ਹੀ ਕਿਉਂ ਨਹੀਂ ਬਣਾ ਦਿੱਤੀ ਜਾਂਦੀ , ਜਿਸ ਨਾਲ ਸੁਰੱਖਿਅਤ ਪੱਖੋਂ ਅਤੇ ਬੇਤਰਤੀਬੇ ਖੜ੍ਹੇ ਵਾਹਨਾਂ ਤਰਤੀਬ 'ਚ ਖੜ੍ਹਨ ਦਾ ਵੀ ਪ੍ਰਬੰਧ ਹੋ ਜਾਵੇਗਾ ।ਐਮਰਜੈਂਸੀ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਖੜ੍ਹਾ ਦੇਣ ਬਾਦ ਉਥੋਂ ਕੱਢਣੀ ਮੁਸਕਲ ਹੋ ਜਾਂਦੀ ਹੈ ।ਪਾਰਕਿੰਗ ਸਟਾਫ ਦਾ ਕੋਈ ਤਰਤੀਬ ਵਿੱਚ ਗੱਡੀਆਂ ਨੂੰ ਖੜ੍ਹਵਾਉਣ ਲਈ ਸਟਾਫ ਮੈਂਬਰ ਗਾਈਡ ਨਹੀਂ ਕਰਦਾ , ਕਈ ਵਾਰੀ ਤਾਂ ਜਗ ?ਹਾ ਨਾ ਮਿਲਣ ਤੇ ਵਾਪਸ ਬਾਹਰ ਆਉਣਾ ਪੈਂਦਾ ਹੈ ।ਜੇਕਰ ਮਰੀਜ਼ ਆਪ ਗੱਡੀ ਲਿਜਾਂਦਾ ਹੈ ਤਾਂ ਉਸ ਨੂੰ ਗੱਡੀ ਖੜ੍ਹਾਉਣ 'ਚ ਵੱਧ ਸਮਾਂ ਲੱਗਣ ਤੇ ਡਾਕਟਰ ਨੂੰ ਮਿਲਣ ਦੀ ਵਾਰੀ ਲੇਟ ਹੋ ਜਾਂਦੀ ਹੈ ।ਇਹ ਸਾਰੀ ਜਗ ?ਹਾਂ ਕੱਚੀ ਹੈ , ਇਥੇ ਖਾਣ ਪੀਣ ਦੀਆਂ ਚੀਜ਼ਾਂ ਦੇ ਸੁੱਟਣ ਲਈ ਕੋਈ ਪ੍ਰਬੰਧ ਨਹੀਂ ਸਾਰੀ ਪਾਰਕਿੰਗ ਗੰਦੇ ਫੋਕਟ ਸਮਾਨ ਨਾਲ ਭਰੀ ਹੋਈ ਹੈ , ਮੀਂਹ ਪੈਣ ਤੇ ਅੰਦਰ ਜਾਣਾ ਅਤੇ ਬਾਹਰ ਆਉਣਾ ਬੜ੍ਹਾ ਮੁਸਕਲ ਹੁੰਦਾ ਹੈ ਅਤੇ ਦਰਗੰਧ ਵੀ ਨੱਕ ਨੂੰ ਮਿਲਦੀ ਹੈ ।ਪਾਰਕਿੰਗ ਦੀ ਸਫਾਈ ਵੱਲ ਕੋਈ ਧਿਆਨ ਨਹੀਂ ।ਕਈ ਕਈ ਦਿਨ ਦੀਆਂ ਖੜ੍ਹੀਆਂ ਗੱਡੀਆਂ ਉੱਪਰ ਮਿੱਟੀ ਜੰਮ ਜਾਂਦੀ ਹੈ ਇਸ ਲਈ ਇਹ ਪਾਰਕਿੰਗ ਲਈ ਸੈੱਡ ਦਾ ਪ੍ਰਬੰਧ ਅਤੇ ਕੱਚੀ ਜਗ ?ਹਾ ਨੂੰ ਪੱਕੀ ਕਰਕੇ ਤਰਤੀਬ ਨਾਲ ਗੱਡੀਆਂ ਖੜ੍ਹਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ ।ਨਵੀਂ ਓ.ਪੀ.ਡੀ. ਨੇੜਲੀ ਬਹੁ-ਮੰਜਲੀ ਪਾਰਕਿੰਗ ਅਜੇ ਅਧੂਰੀ ਹੈ , ਉਸ ਦੀਆਂ ਮੰਜ਼ਲਾਂ ਹੋਰ ਵਧਾਈਆਂ ਜਾ ਸਕਦੀਆਂ ਹਨ ।ਇਥੇ ਪਾਰਕਿੰਗਾਂ ਦੀ ਫੀਸ ਜਰੂਰ ?? ਰੁਪਏ ਹੈ ਜੇ ਡਬਲ ਵੀ ਹੋਵੇ ਤਾਂ ਕੋਈ ਜ਼ਿਆਦਾ ਨਹੀਂ ਜਿਸ ਨਾਲ ਬੇਹਤਰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ ।ਗਿਆਰਾਂ ਸੈਕਟਰ ਦੀ ਮਾਰਕੀਟ ਵਿੱਚ ਵੀ ਦਵਾਈਆਂ ਦੀਆਂ ਦੁਕਾਨਾਂ ਮੂਹਰੇ ਵਾਹਨਾਂ ਦੀ ਭਰਮਾਰ ਹੁੰਦੀ ਹੈ ।ਬਹੁਤ ਸਾਰੇ ਲੋਕ ਇਥੇ ਹੀ ਖਾਲੀ ਜਗ ?ਹਾ ਦੇਖ ਆਪਣਾ ਵਾਹਨ ਖੜ੍ਹਾ ਕਰ ਜਾਂਦੇ ਹਨ ।ਸਾਰਾ ਦਿਨ ਵਾਹਨ ਇਥੇ ਹੀ ਖੜ੍ਹਾ ਰਹਿੰਦਾ ਹੈ ।ਅੰਦਰ ਜਗ ?ਹਾ ਨਾ ਹੋਣ ਕਾਰਨ ਦਵਾਈਆਂ ਲੈਣ ਵਾਲਿਆਂ ਨੂੰ ਸੜਕ ਤੇ ਹੀ ਵਾਹਨ ਖੜ੍ਹਾ ਕੇ ਆਉਣਾ ਪੈਂਦਾ ਹੈ , ਇਸ ਤਰ੍ਹਾਂ ਦਵਾਈਆਂ ਲੈਣ ਦੀ ਵੀ ਸਮੱਸਿਆ ਆਉਂਦੀ ਹੈ ।ਇਹ ਪਾਰਕਿੰਗ ਦੀ ਘਾਟ ਸਦਕਾ ਹੀ ਹੈ ।ਆਮ ਦਿਨਾਂ ਵਿੱਚ ਇਥੇ ਫਰੂਟ ਵਾਲੇ , ਚਾਹ ਵਾਲੇ , ਹੋਰ ਵਸਤਾਂ ਵੇਚਣ ਵਾਲੇ ਆਮ ਫੁੱਟ ਪੱਥਾਂ ਉੱਪਰ ਖੜ੍ਹੇ ਨਜ਼ਰ ਆਉਂਦੇ , ਖਾਣ ਵਾਲੀਆਂ ਵਸਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਜੋ ਲੋਕ ਆਪਣੇ ਮਰੀਜ਼ਾਂ ਲਈ ਖਰੀਦ ਕੇ ਲੈ ਜਾਂਦੇ ਹਨ ।ਪੀ.ਜੀ.ਆਈ. ਅੰਦਰ ਫਰੂਟ ਅਤੇ ਹੋਰ ਖਾਣ ਪੀਣ ਦੀਆਂ ਦੁਕਾਨਾਂ ਵੀ ਨਿਸਚਿਤ ਯੋਗ ਜਗ ?ਹਾ ਤੇ ਹੋਣੀਆਂ ਚਾਹੀਦੀਆਂ ਹਨ ।ਫੁੱਟ-ਪੱਥਾਂ ਦੀਆਂ ਟਾਈਲਾਂ ਵੀ ਉੱਖੜੀਆਂ ਹੋਈਆਂ ਹਨ , ਗਰਿੱਲਾਂ ਟੱਟੀਆਂ ਹੋਈਆਂ ਹਨ , ਰੰਗ ਰੋਗਣ ਦੀ ਘਾਟ ਹੈ ।ਮਰੀਜ਼ਾਂ ਵਾਂਗ ਪੀ.ਜੀ.ਆਈ. ਦਾ ਆਲਾ ਦੁਆਲਾ ਵੀ ਮੁਰਝਾਇਆ ਪਿਆ ਹੈ , ਫੁੱਲਾਂ ਵਾਲੇ ਪੌਦੇ ਬਾਹਰਲੀ ਦਿੱਖ ਨੂੰ ਨਿਖਾਰ ਸਕਦੇ ਹਨ ।ਸਿਹਤ ਸਹੂਲਤਾਂ ਦੇ ਨਾਲ ਪੀ.ਜੀ.ਆਈ. ਦਾ ਆਲਾ ਦੁਆਲਾ ਸਾਫ ਸੁੱਥਰਾ ਵੀ ਹੋਣਾ ਚਾਹੀਦਾ ਹੈ ।ਸੋ ਚੰਡੀਗੜ੍ਹ ਦੇ ਮੁੱਖ ਪ੍ਰਸਾਸਕ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਜੋ ਪ੍ਰਧਾਨ ਮੰਤਰੀ ਇੱਕ ਦਿਨ ਦੀ ਫੇਰੀ ਕਾਰਨ ਬਦਲਾਅ ਹੋਇਆ ਉਹ ਹਮੇਸ਼ਾ ਬਰਕਰਾਰ ਹੋਣਾ ਚਾਹੀਦਾ ਹੈ ।




# ਐਂਡੀ ਬਰਨਹੈਮ ਪ੍ਰਧਾਨ ਮੰਤਰੀ ਵਜੋਂ: ਉਹ ਕਿੰਨਾ ਸਮਾਂ ਟਿਕ ਸਕਦੇ ਹਨ ?

ਸੁਰਜੀਤ ਸਿੰਘ ਫਲੋਰਾ 647-829-9397

ਬ੍ਰਿਟੇਨ ਨੂੰ ਨਵਾਂ ਪ੍ਰਧਾਨ ਮੰਤਰੀ ਮਿਲ ਗਿਆ ਹੈ, ਪਰ ਦੇਸ਼ ਕੋਲ ਇੱਕ ਹੋਰ ਨਾਕਾਮ ਸ਼ੁਰੂਆਤ ਲਈ ਧੀਰਜ ਨਹੀਂ ਬਚਿਆ। 20 ਜੁਲਾਈ ਨੂੰ ਐਂਡੀ ਬਰਨਹੈਮ ਨੇ ਕੀਰ ਸਟਾਰਮਰ ਦੇ ਅਸਤੀਫ਼ੇ ਤੋਂ ਬਾਅਦ ਦਸ ਸਾਲਾਂ ਵਿੱਚ ਯੂਨਾਈਟਿਡ ਕਿੰਗਡਮ ਦੇ ਸੱਤਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ। ਪਰ ਸਵਾਲ ਇਹ ਉਠਦਾ ਹੈ ਕਿ ਉਹ ਕਿੰਨਾ ਸਮਾਂ ਟਿਕ ਸਕਦੇ ਹਨ, ਕਿਉਂਕਿ ਉਹ ਪਿਛਲੇਂ 10 ਸਾਲਾਂ ਵਿਚ 7 ਪ੍ਰਧਾਨ ਮੰਤਰੀ ਵਜੋਂ ਚੁਣੇ ਗਏ ਹਨ, ਗੱਲ ਕੀ ਕੁਝ ਦੇਰ ਬਾਅਦ ਲੋਕਾਂ ਦਾ ਅਤੇ ਵਿਰੋਧੀ ਪਾਰਟੀ ਹੀ ਨਹੀਂ ਬੱਲਕੇ ਖੁਦ ਦੇ ਪਾਰਟੀ ਮੈਂਬਰ ਜੋ ਵੀ ਪ੍ਰਧਾਨ ਮੰਤਰੀ ਬਣਦਾ ਹੈ ਉਸ ਦੇ ਵਿਰੋਧ ਵਿਚ ਹੋ ਜਾਂਦੇ ਹਨ।

ਹੁਣ ਉਹ ਗ੍ਰੇਟਰ ਮੈਨਚੈਸਟਰ ਦਾ ਸਾਬਕਾ ਮੇਅਰ ਲੇਬਰ ਪਾਰਟੀ ਅਤੇ ਸਰਕਾਰ, ਦੋਵਾਂ ਦੀ ਅਗਵਾਈ ਕਰ ਰਿਹਾ ਹੈ। ਉਸਦਾ ਪਹਿਲਾ ਸੁਨੇਹਾ ਸਿੱਧਾ ਸੀ: ਪਰਿਵਾਰਾਂ ਉੱਤੇ ਪੈ ਰਿਹਾ ਖਰਚੇ ਦਾ ਦਬਾਅ ਘਟਾਉਣਾ, ਲੋਕਾਂ ਦਾ ਭਰੋਸਾ ਵਾਪਸ ਲਿਆਉਣਾ ਅਤੇ ਵੈਸਟਮਿੰਸਟਰ ਦੀ ਬੇਕਾਬੂ ਸਿਆਸਤ ਨੂੰ ਰੋਕਣਾ। ਇਹ ਵਾਜਬ ਐਜੰਡਾ ਹੈ, ਪਰ ਇਸ ਨਾਲ ਉਮੀਦਾਂ ਵੀ ਵਧ ਗਈਆਂ ਹਨ। ਵੋਟਰਾਂ ਨੇ ਪਹਿਲਾਂ ਵੀ ਬਦਲਾਅ ਅਤੇ ਨਵੀਂ ਸ਼ੁਰੂਆਤ ਦੇ ਵਾਅਦੇ ਸੁਣੇ ਹਨ। ਸੱਤਾ ਦਾ ਤਬਾਦਲਾ ਤੇਜ਼ੀ ਨਾਲ ਹੋਇਆ। ਸੱਤਾ ਚਲਾਉਣ ਦੀ ਅਸਲ ਪਰਖ ਹੁਣ ਸ਼ੁਰੂ ਹੋਵੇਗੀ।

**ਸੱਤਾ ਤੱਕ ਪਹੁੰਚ**

ਕੀਰ ਸਟਾਰਮਰ ਨੇ 22 ਜੂਨ ਨੂੰ ਲੇਬਰ ਸੰਸਦ ਮੈਂਬਰਾਂ ਦਾ ਸਮਰਥਨ ਗੁਆਉਣ ਤੋਂ ਬਾਅਦ ਅਸਤੀਫ਼ੇ ਦਾ ਐਲਾਨ ਕੀਤਾ। ਨਵੇਂ ਆਗੂ ਦੀ ਚੋਣ ਤੱਕ ਉਹ ਕਾਰਜਕਾਰੀ ਪ੍ਰਧਾਨ ਮੰਤਰੀ ਰਹੇ। ਇਸ ਦੌਰਾਨ ਬਰਨਹੈਮ ਨੂੰ ਤਿਆਰੀ ਲਈ ਸਮਾਂ ਮਿ ?ਲਿਆ, ਪਰ ਦੇਸ਼ ਵਿੱਚ ਪਹਿਲਾਂ ਤੋਂ ਮੌਜੂਦ ਅਨਿਸ਼ਚਿਤਤਾ ਘਟੀ ਨਹੀਂ।

ਬਰਨਹੈਮ ਮੇਕਰਫੀਲਡ ਦੀ ਉਪਚੋਣ ਜਿੱਤ ਕੇ ਦੁਬਾਰਾ ਹਾਊਸ ਆਫ ਕਾਮਨਜ਼ ਵਿੱਚ ਪਹੁੰਚੇ। ਸਟਾਰਮਰ ਦੇ ਅਸਤੀਫ਼ੇ ਦੇ ਐਲਾਨ ਵਾਲੇ ਦਿਨ ਹੀ ਉਨ੍ਹਾਂ ਨੇ ਹਲਕੇ ਦੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ। ਇਸ ਨਾਲ ਲੇਬਰ ਦੀ ਲੀਡਰਸ਼ਿਪ ਦੌੜ ਸ਼ੁਰੂ ਹੋਣ ਵੇਲੇ ਉਨ੍ਹਾਂ ਕੋਲ ਸੰਸਦੀ ਆਧਾਰ ਮੌਜੂਦ ਸੀ।

ਪਰ ਇਹ ਦੌੜ ਅਸਲ ਵਿੱਚ ਮੁਕਾਬਲਾ ਨਹੀਂ ਬਣੀ। 17 ਜੁਲਾਈ ਨੂੰ ਬਰਨਹੈਮ ਬਿਨਾਂ ਵਿਰੋਧ ਚੁਣੇ ਗਏ। ਉਨ੍ਹਾਂ ਨੂੰ 379 ਨਾਮਜ਼ਦਗੀਆਂ ਮਿਲੀਆਂ, ਜੋ ਲੇਬਰ ਸੰਸਦ ਮੈਂਬਰਾਂ ਦਾ 94 ਫ਼ੀਸਦੀ ਤੋਂ ਵੱਧ ਹਿੱਸਾ ਸੀ। ਲੇਬਰ ਕੋਲ ਕਾਮਨਜ਼ ਦੀਆਂ 650 ਵਿੱਚੋਂ 403 ਸੀਟਾਂ ਹਨ, ਇਸ ਲਈ ਬਰਨਹੈਮ ਨੂੰ ਪਾਰਟੀ ਅੰਦਰ ਮਜ਼ਬੂਤ ਸਮਰਥਨ ਮਿ ?ਲਿਆ।

ਪਰ ਬਿਨਾਂ ਵਿਰੋਧ ਜਿੱਤ ਦੀ ਆਪਣੀ ਕੀਮਤ ਹੁੰਦੀ ਹੈ। ਹੁਣ ਉਨ੍ਹਾਂ ਨੂੰ ਉਹਨਾਂ ਉਮੀਦਾਂ ਨੂੰ ਪੂਰਾ ਕਰਨਾ ਪਵੇਗਾ ਜੋ ਇਸ ਜਿੱਤ ਨੇ ਪੈਦਾ ਕੀਤੀਆਂ ਹਨ।

ਕਿੰਗ ਚਾਰਲਸ ਤੀਜੇ ਨਾਲ ਬਕਿੰਘਮ ਪੈਲੇਸ ਵਿੱਚ ਮੁਲਾਕਾਤ ਤੋਂ ਬਾਅਦ ਬਰਨਹੈਮ ਨੇ ਸਰਕਾਰ ਬਣਾਉਣ ਦਾ ਸੱਦਾ ਕਬੂਲ ਕੀਤਾ। ਇਸ ਸੰਵਿਧਾਨਕ ਕਦਮ ਨਾਲ ਉਹ ਅਧਿਕਾਰਕ ਤੌਰ 'ਤੇ ਪ੍ਰਧਾਨ ਮੰਤਰੀ ਬਣ ਗਏ।

ਉਹ ਆਪਣੀ ਪਤਨੀ ਮੈਰੀ-ਫਰਾਂਸ ਵੈਨ ਹੀਲ ਨਾਲ 10 ਡਾਊਨਿੰਗ ਸਟ ?ਰੀਟ ਪਹੁੰਚੇ। ਬਰਨਹੈਮ 2017 ਤੋਂ 2026 ਤੱਕ ਨੌਂ ਸਾਲ ਗ੍ਰੇਟਰ ਮੈਨਚੈਸਟਰ ਦੇ ਮੇਅਰ ਰਹੇ। ਲੰਡਨ-ਕੇਂਦਰਿਤ ਫ਼ੈਸਲਾ ਪ੍ਰਣਾਲੀ ਦੀ ਆਲੋਚਨਾ ਕਰਕੇ ਉਨ੍ਹਾਂ ਨੇ ÷ਉੱਤਰ ਦਾ ਬਾਦਸ਼ਾਹ÷ ਵਾਲੀ ਰਾਸ਼ਟਰੀ ਛਵੀ ਬਣਾਈ।

ਹੁਣ ਸਵਾਲ ਇਹ ਹੈ ਕਿ ਕੀ ਖੇਤਰੀ ਸਿਆਸਤ ਪੂਰੇ ਦੇਸ਼ ਨੂੰ ਚਲਾ ਸਕਦੀ ਹੈ।

**ਮਹਿੰਗਾਈ ਅਤੇ ਭਰੋਸੇ ਦੀ ਪਰਖ**

10 ਡਾਊਨਿੰਗ ਸਟ ?ਰੀਟ ਦੇ ਬਾਹਰ ਬਰਨਹੈਮ ਨੇ ਕਿਹਾ ਕਿ ਬ੍ਰਿਟੇਨ ਨੂੰ ਸਥਿਰਤਾ, ਉਮੀਦ ਅਤੇ ਲੋਕਾਂ ਦਾ ਭਰੋਸਾ ਚਾਹੀਦਾ ਹੈ। ਇਹ ਸੁਨੇਹਾ ਉਨ੍ਹਾਂ ਵੋਟਰਾਂ ਲਈ ਸੀ ਜੋ ਲਗਾਤਾਰ ਬਦਲਦੇ ਆਗੂਆਂ ਅਤੇ ਅਜਿਹੀਆਂ ਸਿਆਸੀ ਲੜਾਈਆਂ ਤੋਂ ਥੱਕ ਚੁੱਕੇ ਹਨ ਜਿਨ੍ਹਾਂ ਦਾ ਰੋਜ਼ਾਨਾ ਜੀਵਨ 'ਤੇ ਕੋਈ ਸਾਫ਼ ਅਸਰ ਨਹੀਂ ਪੈਂਦਾ।

ਪਰ ਸ਼ਾਂਤ ਭਾਸ਼ਾ ਨਾਲ ਭਰੋਸਾ ਵਾਪਸ ਨਹੀਂ ਆਵੇਗਾ। ਲੋਕ ਸਰਕਾਰ ਨੂੰ ਆਪਣੀਆਂ ਤਨਖ਼ਾਹਾਂ, ਕਿਰਾਏ, ਘਰਾਂ ਦੀਆਂ ਕੀਮਤਾਂ, ਸਥਾਨਕ ਸੇਵਾਵਾਂ ਅਤੇ ਬਿਜਲੀ ਦੇ ਬਿੱਲਾਂ ਵਿੱਚ ਤਬਦੀਲੀ ਦੇਖ ਕੇ ਪਰਖਣਗੇ।

ਬਰਨਹੈਮ ਨੇ ਜੀਵਨ-ਜਿਉਣ ਦੇ ਖਰਚੇ ਨੂੰ ਤੁਰੰਤ ਘਟਾਉਣ ਦਾ ਵਾਅਦਾ ਕੀਤਾ ਹੈ। ਪਰਿਵਾਰਾਂ ਨੂੰ ਮਹਿੰਗਾਈ ਅਤੇ ਵੱਡੇ ਬਿੱਲਾਂ ਤੋਂ ਹੁਣ ਰਾਹਤ ਚਾਹੀਦੀ ਹੈ। ਵੱਡੀ ਸਮੱਸਿਆ ਇਹ ਹੈ ਕਿ ਸਰਕਾਰੀ ਖਰਚੇ ਪਹਿਲਾਂ ਹੀ ਦਬਾਅ ਹੇਠ ਹਨ। ਖਜ਼ਾਨੇ ਕੋਲ ਹਰ ਵਾਅਦੇ ਲਈ ਬੇਅੰਤ ਪੈਸਾ ਨਹੀਂ।

ਸੱਤ ਪ੍ਰਧਾਨ ਮੰਤਰੀ, ਦਸ ਸਾਲ।÷ ਬਰਨਹੈਮ ਦੇ ਪਹਿਲੇ ਭਾਸ਼ਣ ਵਿੱਚ ਇਹ ਗਿਣਤੀ ਚੇਤਾਵਨੀ ਵਜੋਂ ਆਈ। ਇਹ ਉਸ ਸਿਆਸੀ ਪ੍ਰਣਾਲੀ ਨਾਲ ਲੋਕਾਂ ਦੀ ਨਾਰਾਜ਼ਗੀ ਦੱਸਦੀ ਹੈ ਜੋ ਵਾਰ-ਵਾਰ ਸਥਿਰਤਾ ਦਾ ਵਾਅਦਾ ਕਰਦੀ ਹੈ, ਪਰ ਨਤੀਜੇ ਵਜੋਂ ਇੱਕ ਹੋਰ ਆਗੂ ਬਦਲ ਦਿੰਦੀ ਹੈ।

**ਦਸ ਸਾਲਾ ਯੋਜਨਾ**

ਬਰਨਹੈਮ ਨੇ ਕਿਹਾ ਹੈ ਕਿ 1980 ਦੇ ਦਹਾਕੇ ਤੋਂ ਬਾਅਦ ਦੇਸ਼ ਨੇ ਕਈ ਗਲਤ ਮੋੜ ਲਏ ਹਨ। ਉਨ੍ਹਾਂ ਨੇ ਨਿੱਜੀਕਰਨ, ਕਮਜ਼ੋਰ ਸਥਾਨਕ ਸਰਕਾਰ ਅਤੇ ਦਬਾਅ ਹੇਠ ਚੱਲ ਰਹੀਆਂ ਜਨਤਕ ਸੇਵਾਵਾਂ ਤੋਂ ਬਾਅਦ ÷ਸਰਕਟ ਬ੍ਰੇਕਰ÷ ਦੀ ਮੰਗ ਕੀਤੀ ਹੈ।

ਉਨ੍ਹਾਂ ਦੀ ਦਸ ਸਾਲਾ ਰਾਸ਼ਟਰੀ ਯੋਜਨਾ 2026 ਦੇ ਅੰਤ ਤੱਕ ਆਉਣ ਦੀ ਉਮੀਦ ਹੈ। ਇਸ ਵਿੱਚ ਉਦਯੋਗਿਕ ਪੁਨਰ-ਨਿਰਮਾਣ, ਬ੍ਰਿ ?ਟਿਸ਼ ਕਾਰੋਬਾਰਾਂ ਲਈ ਮਦਦ, ਨੌਜਵਾਨਾਂ ਲਈ ਰੁਜ਼ਗਾਰ, ਸਿੱਖਿਆ, ਸਸਤੀਆਂ ਜ਼ਰੂਰੀ ਵਸਤਾਂ ਅਤੇ ਮਜ਼ਬੂਤ ਜਨਤਕ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ। ਪਰ ਐਲਾਨ ਅਤੇ ਨੀਤੀ ਵਿੱਚ ਫ਼ਰਕ ਹੁੰਦਾ ਹੈ। ਯੋਜਨਾ ਦੀ ਭਰੋਸੇਯੋਗਤਾ ਲਈ ਸਾਲਾਨਾ ਟੀਚੇ, ਪੱਕਾ ਵਿੱਤੀ ਸਰੋਤ ਅਤੇ ਲਗਾਤਾਰ ਕੰਮ ਕਰਨ ਵਾਲੇ ਮੰਤਰੀ ਚਾਹੀਦੇ ਹਨ। ਪਰਿਵਾਰਾਂ ਨੂੰ ਅੱਜ ਰਾਹਤ ਚਾਹੀਦੀ ਹੈ, ਜਦਕਿ ਆਰਥਿਕ ਪੁਨਰਗਠਨ ਨੂੰ ਸਾਲਾਂ ਲੱਗਣਗੇ।

ਬਰਨਹੈਮ ਨੂੰ ਵੱਡਾ ਸਰਕਾਰੀ ਕਰਜ਼ਾ, ਮਹਿੰਗੀਆਂ ਜਨਤਕ ਸੇਵਾਵਾਂ, ਘਰਾਂ ਦੀ ਘਾਟ ਅਤੇ ਪਰਿਵਾਰਕ ਬਜਟਾਂ ਨੂੰ ਕੱਟਦੀ ਮਹਿੰਗਾਈ ਵਿਰਾਸਤ ਵਿੱਚ ਮਿਲੀ ਹੈ। ਇਨ੍ਹਾਂ ਵਿੱਚੋਂ ਕਿਸੇ ਸਮੱਸਿਆ ਦਾ ਤੁਰੰਤ ਹੱਲ ਨਹੀਂ। ਸਰਕਾਰ ਇੱਕ ਦਿਨ ਵਿੱਚ ਖਰਚੇ ਦਾ ਐਲਾਨ ਕਰ ਸਕਦੀ ਹੈ, ਪਰ ਘਰ ਬਣਾਉਣ, ਕਾਮਿਆਂ ਨੂੰ ਸਿਖਲਾਈ ਦੇਣ, ਸੇਵਾਵਾਂ ਵਧਾਉਣ ਅਤੇ ਉਤਪਾਦਕਤਾ ਸੁਧਾਰਨ ਵਿੱਚ ਸਾਲਾਂ ਲੱਗਦੇ ਹਨ। ਬਰਨਹੈਮ ਦਾ ਦੂਜਾ ਵੱਡਾ ਵਾਅਦਾ ਵੈਸਟਮਿੰਸਟਰ ਅਤੇ ਵ ?ਹਾਈਟਹਾਲ ਤੋਂ ਤਾਕਤ ਖੇਤਰਾਂ, ਕੌਂਸਲਾਂ ਅਤੇ ਸਥਾਨਕ ਭਾਈਚਾਰਿਆਂ ਵੱਲ ਭੇਜਣ ਦਾ ਹੈ। ਗ੍ਰੇਟਰ ਮੈਨਚੈਸਟਰ ਦੇ ਮੇਅਰ ਵਜੋਂ ਉਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਸਥਾਨਕ ਆਗੂ ਆਪਣੇ ਲੋਕਾਂ ਦੀਆਂ ਲੋੜਾਂ ਦੂਰ ਬੈਠੇ ਸਰਕਾਰੀ ਵਿਭਾਗਾਂ ਨਾਲੋਂ ਚੰਗੀ ਤਰ੍ਹਾਂ ਸਮਝਦੇ ਹਨ। ਵੱਧ ਅਧਿਕਾਰ ਮਿਲਣ ਨਾਲ ਆਵਾਜਾਈ, ਖੇਤਰੀ ਨਿਵੇਸ਼, ਸਥਾਨਕ ਸੇਵਾਵਾਂ ਅਤੇ ਰੁਜ਼ਗਾਰ ਯੋਜਨਾਵਾਂ 'ਤੇ ਕੌਂਸਲਾਂ ਦੀ ਭੂਮਿਕਾ ਵਧ ਸਕਦੀ ਹੈ। ਪਰ ਸਵਾਲ ਇਹ ਰਹੇਗਾ ਕਿ ਕੀ ਉਨ੍ਹਾਂ ਕੋਲ ਇਸ ਜ਼ਿੰਮੇਵਾਰੀ ਲਈ ਕਾਫ਼ੀ ਪੈਸਾ ਅਤੇ ਪ੍ਰਬੰਧਕੀ ਸਮਰੱਥਾ ਹੈ।

ਬਰਨਹੈਮ ਨੇ ਸੜਕਾਂ 'ਤੇ ਰਹਿਣ ਵਾਲੇ ਬੇਘਰ ਲੋਕਾਂ ਦੀ ਗਿਣਤੀ ਘਟਾਉਣ ਨੂੰ ਪਹਿਲੀ ਤਰਜੀਹ ਬਣਾਇਆ ਹੈ। ਉਨ੍ਹਾਂ ਦੀ ਯੋਜਨਾ ਵਿੱਚ ਕੌਂਸਲ ਘਰ, ਸਥਿਰ ਰਿਹਾਇਸ਼ ਅਤੇ ਮਾਨਸਿਕ ਸਿਹਤ ਸਹਾਇਤਾ ਸ਼ਾਮਲ ਹੈ। ਇਹ ਮਸਲਾ ਸਿਰਫ਼ ਘਰ ਦੇਣ ਨਾਲ ਹੱਲ ਨਹੀਂ ਹੋਵੇਗਾ। ਨਸ਼ਾ ਛੁਡਾਉਣ ਦੀ ਸਹਾਇਤਾ, ਸਮਾਜਿਕ ਦੇਖਭਾਲ, ਭਲਾਈ ਯੋਜਨਾਵਾਂ ਅਤੇ ਕੰਮ ਤੱਕ ਪਹੁੰਚ ਵੀ ਲੋੜੀਂਦੀ ਹੈ। ਇਸ ਵਾਅਦੇ ਦਾ ਨਿੱਜੀ ਸਿਆਸੀ ਪਿਛੋਕੜ ਵੀ ਹੈ। ਗ੍ਰੇਟਰ ਮੈਨਚੈਸਟਰ ਦੇ ਮੇਅਰ ਵਜੋਂ ਬਰਨਹੈਮ ਨੇ 2020 ਤੱਕ ਸੜਕਾਂ 'ਤੇ ਬੇਘਰੀ ਖ਼ਤਮ ਕਰਨ ਦਾ ਟੀਚਾ ਰੱਖਿਆ ਸੀ, ਪਰ ਉਹ ਪੂਰਾ ਨਹੀਂ ਹੋਇਆ। ਰਾਸ਼ਟਰੀ ਸਰਕਾਰ ਕੋਲ ਵੱਧ ਸਰੋਤ ਹਨ, ਪਰ ਉਸਦੇ ਸਾਹਮਣੇ ਸਮੱਸਿਆਵਾਂ ਵੀ ਵੱਡੀਆਂ ਹਨ।

**ਅਗਲੀ ਪਰਖ**

ਕੈਬਨਿਟ ਦੀ ਚੋਣ ਬਰਨਹੈਮ ਦਾ ਅਗਲਾ ਵੱਡਾ ਫ਼ੈਸਲਾ ਹੈ। ਖਜ਼ਾਨਾ, ਗ੍ਰਹਿ ਮੰਤਰਾਲਾ, ਵਿਦੇਸ਼ ਮੰਤਰਾਲਾ ਅਤੇ ਊਰਜਾ ਵਿਭਾਗ ਦੱਸਣਗੇ ਕਿ ਉਹ ਕਿੱਥੇ ਪੁਰਾਣੀ ਨੀਤੀ ਜਾਰੀ ਰੱਖਣਾ ਚਾਹੁੰਦੇ ਹਨ ਅਤੇ ਕਿੱਥੇ ਤਬਦੀਲੀ ਲਿਆਉਣੀ ਹੈ। ਰਿਪੋਰਟਾਂ ਮੁਤਾਬਕ ਉਨ੍ਹਾਂ ਨੇ 21 ਜੁਲਾਈ ਨੂੰ ਪਹਿਲੀ ਕੈਬਨਿਟ ਮੀਟਿੰਗ ਕੀਤੀ ਅਤੇ ਸਟਾਰਮਰ ਦੇ ਕਈ ਸਾਥੀਆਂ ਨੂੰ ਬਦਲ ਦਿੱਤਾ। ਮਜ਼ਬੂਤ ਸੰਸਦੀ ਬਹੁਮਤ ਤੁਰੰਤ ਬਗਾਵਤ ਦਾ ਖ਼ਤਰਾ ਘਟਾਉਂਦਾ ਹੈ, ਪਰ ਲੇਬਰ ਅੰਦਰ ਟੈਕਸਾਂ, ਸਰਕਾਰੀ ਖਰਚੇ, ਘਰਾਂ, ਪਰਵਾਸ ਅਤੇ ਵਿਦੇਸ਼ ਨੀਤੀ 'ਤੇ ਮਤਭੇਦ ਮੌਜੂਦ ਰਹਿਣਗੇ। ਵਿਦੇਸ਼ ਨੀਤੀ ਵਿੱਚ ਬ੍ਰਿਟੇਨ ਯੂਕਰੇਨ ਲਈ ਸਮਰਥਨ ਸਮੇਤ ਆਪਣੇ ਰੱਖਿਆ ਵਾਅਦੇ ਜਾਰੀ ਰੱਖੇਗਾ। ਅਮਰੀਕੀ ਅਤੇ ਯੂਕਰੇਨੀ ਰਾਸ਼ਟਰਪਤੀਆਂ ਨਾਲ ਬਰਨਹੈਮ ਦੀਆਂ ਸ਼ੁਰੂਆਤੀ ਗੱਲਬਾਤਾਂ ਮਹੱਤਵਪੂਰਨ ਹੋਣਗੀਆਂ। ਪਰ ਵਿਦੇਸ਼ੀ ਵਾਅਦਿਆਂ ਨੂੰ ਘਰੇਲੂ ਖਰਚਿਆਂ ਨਾਲ ਜੋੜਨਾ ਆਸਾਨ ਨਹੀਂ ਹੋਵੇਗਾ। ਬਰਨਹੈਮ ਕੋਲ ਮਜ਼ਬੂਤ ਬਹੁਮਤ ਹੈ, ਪਰ ਅਸੀਮਿਤ ਪੈਸਾ ਜਾਂ ਅਸੀਮਿਤ ਸਮਾਂ ਨਹੀਂ। ਉਨ੍ਹਾਂ ਦੀ ਅਸਲ ਚੁਣੌਤੀ ਸਾਫ਼ ਹੈ: ਵੱਡੇ ਵਾਅਦਿਆਂ ਨੂੰ ਅਜਿਹੇ ਕਿਫ਼ਾਇਤੀ ਫ਼ੈਸਲਿਆਂ ਵਿੱਚ ਬਦਲਣਾ ਜੋ ਵੈਸਟਮਿੰਸਟਰ ਤੋਂ ਬਾਹਰ ਲੋਕਾਂ ਦੀ ਜ਼ਿੰਦਗੀ ਸੁਧਾਰਨ। ਲੋਕ ਉਨ੍ਹਾਂ ਨੂੰ ਭਾਸ਼ਣਾਂ ਨਾਲ ਨਹੀਂ, ਨਤੀਜਿਆਂ ਨਾਲ ਯਾਦ ਰੱਖਣਗੇ। ਜੇ ਉਹ ਖਰਚੇ ਦਾ ਦਬਾਅ ਘਟਾ ਸਕੇ, ਘਰਾਂ ਦੀ ਘਾਟ 'ਤੇ ਕੰਮ ਕਰ ਸਕੇ, ਸਥਾਨਕ ਸਰਕਾਰਾਂ ਨੂੰ ਅਸਲ ਤਾਕਤ ਦੇ ਸਕੇ ਅਤੇ ਬੇਘਰੀ ਘਟਾ ਸਕੇ, ਤਾਂ ਉਨ੍ਹਾਂ ਕੋਲ ਟਿਕਣ ਦਾ ਮੌਕਾ ਹੈ। ਨਹੀਂ ਤਾਂ ਦਸ ਸਾਲਾਂ ਵਿੱਚ ਅੱਠਵੇਂ ਪ੍ਰਧਾਨ ਮੰਤਰੀ ਦੀ ਗਿਣਤੀ ਸਿਰਫ਼ ਸਮੇਂ ਦੀ ਗੱਲ ਹੋਵੇਗੀ।

# ਬੱਚਿਆਂ ਵਿੱਚ ਮੋਬਾਈਲ ਦਾ ਰੁਝਾਨ ਕਿਵੇਂ ਘਟਾਈਏ ?



ਅੱਜ ਦੇ ਟੈਕਨੋਲੋਜੀ ਦਾ ਯੁੱਗ ਵਿੱਚ ਸਮਾਰਟਫ਼ੋਨ ਮਨੁੱਖੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕਿਆ ਹੈ। ਪੜ੍ਹਾਈ ਲਈ, ਕਿਸੇ ਵੀ ਜਾਣਕਾਰੀ ਲਈ, ਬੈਂਕਿੰਗ ਲਈ, ਖ਼ਰੀਦਦਾਰੀ ਲਈ ਅਤੇ ਸੰਚਾਰ ਦੇ ਸਾਧਨ ਵਜੋਂ ਮਤਲਬ ਕਿ ਹਰ ਕੰਮ ਮੋਬਾਈਲ ਰਾਹੀਂ ਹੋਣ ਲੱਗਿਆ ਹੈ। ਪਰ ਜਿੱਥੇ ਇਸ ਦੇ ਅਨੇਕਾਂ ਫ਼ਾਇਦੇ ਹਨ, ਉੱਥੇ ਇਸ ਦੀ ਬੇਲੋੜੀ ਅਤੇ ਬੇਹੱਦ ਵਰਤੋਂ ਬਹੁਤ ਖਤਰਨਾਕ ਸਿੱਧ ਹੋ ਰਹੀ ਹੈ। ਖ਼ਾਸ ਕਰਕੇ ਬੱਚਿਆਂ ਵਿੱਚ ਮੋਬਾਈਲ ਦੀ ਵਰਤੋਂ ਇੱਕ ਗੰਭੀਰ ਸਮਾਜਿਕ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਅੱਜ ਬਹੁਤ ਸਾਰੇ ਬੱਚੇ ਖੇਡ ਦੇ ਮੈਦਾਨਾਂ ਵਿੱਚ ਖੇਡਣ ਨਾਲੋਂ ਮੋਬਾਈਲ ਦੀ ਸਕ੍ਰੀਨ 'ਤੇ ਜ਼ਿਆਦਾ ਸਮਾਂ ਬਿਤਾਉਣਾ ਪਸੰਦ ਕਰਦੇ ਹਨ। ਜਿਸ ਕਰਕੇ ਉਨ੍ਹਾਂ ਦੀ ਸਿਹਤ, ਪੜ੍ਹਾਈ, ਸਮਾਜਿਕ ਵਿਵਹਾਰ ਅਤੇ ਮਾਨਸਿਕ ਵਿਕਾਸ ਵੀ ਪ੍ਰਭਾਵਿਤ ਹੋ ਰਿਹਾ ਹੈ।

ਇਹ ਸੋਚਣ ਵਾਲੀ ਗੱਲ ਹੈ ਕਿ ਕੀ ਸੱਚਮੁੱਚ ਬੱਚੇ ਆਪ ਮੋਬਾਈਲ ਦੇ ਆਦੀ ਬਣੇ ਹਨ ਜਾਂ ਅਸੀਂ ਵੱਡੇ ਉਨ੍ਹਾਂ ਨੂੰ ਇਸ ਪਾਸੇ ਲੈ ਕੇ ਆਏ ਹਾਂ ? ਮਾਂਵਾਂ ਵੱਲੋਂ ਜਦੋਂ ਛੋਟੇ ਬੱਚੇ ਨੂੰ ਖਾਣਾ ਖੁਆਉਣ ਲਈ ਮੋਬਾਈਲ ਫੜਾ ਦਿੱਤਾ ਜਾਂਦਾ ਹੈ, ਬੱਚੇ ਨੂੰ ਰੋਣ ਤੋਂ ਚੁੱਪ ਕਰਵਾਉਣ ਦਾ ਸਭ ਤੋਂ ਆਸਾਨ ਤਰੀਕਾ ਮੋਬਾਈਲ ਬਣ ਜਾਂਦਾ ਹੈ, ਤਾਂ ਹੌਲੀ-ਹੌਲੀ ਉਹ ਇਸ ਦੇ ਆਦੀ ਹੋ ਜਾਂਦੇ ਹਨ ਤੇ ਇਸ ਤੋਂ ਬਿਨਾਂ ਰਹਿਣਾ ਹੀ ਭੁੱਲ ਜਾਂਦਾ ਹੈ। ਜੇ ਇਸ ਦੀ ਲਤ ਵੱਡਿਆਂ ਨੇ ਲਾਈ ਹੈ ਤਾਂ ਇਸ ਲਈ ਹੱਲ ਵੀ ਪਰਿਵਾਰ ਤੋਂ ਹੀ ਸ਼ੁਰੂ ਹੁੰਦਾ ਹੈ। ਬੱਚਿਆਂ ਨੂੰ ਰੋਕਣ ਟੋਕਣ ਦੀ ਬਜਾਏ ਸਭ ਤੋਂ ਪਹਿਲਾਂ ਮਾਪਿਆਂ ਨੂੰ ਆਪਣੇ ਵਿਹਾਰ ਵਿੱਚ ਤਬਦੀਲੀ ਲਿਆਉਣੀ ਪਵੇਗੀ। ਬੱਚੇ ਵੱਡਿਆਂ ਵੱਲੋਂ ਦਿੱਤੇ ਗਏ ਉਪਦੇਸ਼ਾਂ ਤੇ ਘੱਟ ਅਮਲ ਕਰਦੇ ਹਨ ਬਲਕਿ ਉਸ ਨਾਲੋਂ ਵੱਧ ਉਹ ਆਪਣੇ ਘਰ ਦਾ ਮਾਹੌਲ ਦੇਖ ਕੇ ਸਿੱਖਦੇ ਹਨ। ਜੇ ਮਾਪੇ ਆਪ ਹੀ ਹਰ ਵੇਲੇ ਮੋਬਾਈਲ ਵਿੱਚ ਰੁੱਝੇ ਰਹਿਣਗੇ ਤਾਂ ਬੱਚਿਆਂ ਤੋਂ ਇਸ ਦੀ ਘੱਟ ਵਰਤੋਂ ਦੀ ਉਮੀਦ ਕਰਨੀ ਔਖੀ ਹੈ। ਜਦੋਂ ਸਾਰਾ ਪਰਿਵਾਰ ਇਕੱਠੇ ਬੈਠੇ ਤਾਂ ਕੁਝ ਸਮਾਂ ਆਪਣੇ ਆਪਣੇ ਮੋਬਾਈਲ ਪਾਸੇ ਰੱਖ ਕੇ ਆਪਸ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ। ਪਰਿਵਾਰ ਦੀਆਂ ਛੋਟੀਆਂ-ਛੋਟੀਆਂ ਗੱਲਾਂ, ਵੱਡਿਆਂ ਦੇ ਬੀਤੇ ਸਮੇਂ ਦੀਆਂ ਹੱਡ ਬੀਤੀਆਂ ਦੇ ਕਿੱਸੇ, ਮਾਪਿਆਂ ਦੇ ਬਚਪਨ ਦੀਆਂ ਕਹਾਣੀਆਂ, ਓਹਨਾਂ ਦੇ ਸਕੂਲ ਸਮੇਂ ਦੇ ਦੋਸਤਾਂ ਮਿੱਤਰਾਂ ਜਾਂ ਅਧਿਆਪਕਾਂ ਬਿਤਾਏ ਪਲ,ਹਾਸੇ-ਮਜ਼ਾਕ ਅਤੇ ਸਾਂਝੇ ਪਲ ਬੱਚਿਆਂ ਨੂੰ ਸਕ੍ਰੀਨ ਨਾਲੋਂ ਕਿਤੇ ਵੱਧ ਦਿਲਚਸਪ ਲੱਗਦੇ ਹਨ।

ਬਰਜਿੰਦਰ ਕੌਰ ਬਿਸਰਾਓ...
9988901324

ਇਸ ਤੋਂ ਇਲਾਵਾ ਬੱਚਿਆਂ ਨੂੰ ਖੁੱਲ੍ਹੇ ਮੈਦਾਨਾਂ ਨਾਲ ਜੋੜਨਾ ਵੀ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਰਵਾਇਤੀ ਖੇਡਾਂ ਬਾਰੇ ਦੱਸਣਾ ਤੇ ਓਹਨਾਂ ਨਾਲ ? ਜੋੜਨਾ ਵੀ ਬਹੁਤ ਜ਼ਰੂਰੀ ਹੈ। ਕਬੱਡੀ, ਫੁੱਟਬਾਲ, ਕ੍ਰਿਕਟ, ਬੈਡਮਿੰਟਨ, ਸਾਈਕਲ ਚਲਾਉਣਾ, ਰੱਸਾ ਟੱਪਣਾ ਜਾਂ ਸਧਾਰਨ ਦੌੜ-ਭੱਜ ਆਦਿ ਸਿਰਫ਼ ਖੇਡਾਂ ਹੀ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਸਾਧਨ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਿਹੜਾ ਬੱਚਾ ਸ਼ਾਮ ਨੂੰ ਦੋ ਘੰਟੇ ਮੈਦਾਨ ਵਿੱਚ ਖੇਡ ਕੇ ਆਉਂਦਾ ਹੈ, ਉਹ ਮੋਬਾਈਲ ਲਈ ਘੱਟ ਜ਼ਿੱਦ ਕਰਦਾ ਹੈ। ਬੱਚਿਆਂ ਵਿੱਚ ਪੜ੍ਹਨ ਦੀ ਆਦਤ ਵੀ ਮੋਬਾਈਲ ਦੀ ਖਿੱਚ ਘਟਾਉਣ ਦਾ ਸਭ ਵਧੀਆ ਤਰੀਕਾ ਹੈ। ਉਮਰ ਅਨੁਸਾਰ ਕਹਾਣੀਆਂ, ਜੀਵਨੀਆਂ, ਵਿਗਿਆਨ, ਕੁਦਰਤ ਅਤੇ ਬਾਲ ਸਾਹਿਤ ਦੀਆਂ ਕਿਤਾਬਾਂ ਬੱਚਿਆਂ ਦੀ ਕਲਪਨਾ ਨੂੰ ਨਵੀਂ ਉਡਾਣ ਦਿੰਦੀਆਂ ਹਨ। ਜੇ ਘਰ ਵਿੱਚ ਇੱਕ ਛੋਟਾ ਜਿਹਾ ਪੁਸਤਕ-ਕੋਨਾ ਜਾਂ ਲਾਇਬ੍ਰੇਰੀ ਬਣਾ ਲਈ ਜਾਵੇ ਤੇ ਮਾਪੇ ਆਪ ਵੀ ਰੋਜ਼ਾਨਾ ਉੱਥੇ ਬੈਠ ਕੇ ਕਿਤਾਬਾਂ ਪੜ੍ਹਨ ਤਾਂ ਬੱਚੇ ਆਪਣੇ ਆਪ ਉਸ ਪਾਸੇ ਰੁਚੀ ਲੈਣ ਲੱਗਦੇ ਹਨ ।ਉਹ ਵੀ ਮਾਪਿਆਂ ਵਾਂਗ ਜ਼ਰੂਰ ਕੁਛ ਸਮਾਂ ਬੈਠ ਕੇ ਆਪਣੀ ਪਸੰਦ ਦਾ ਪੜ੍ਹਦੇ ਨਜ਼ਰ ਆਉਣਗੇ।

ਰਚਨਾਤਮਕ ਅਤੇ ਕਲਾਤਮਕ ਗਤੀਵਿਧੀਆਂ ਬੱਚਿਆਂ ਦੀ ਊਰਜਾ ਨੂੰ ਸਹੀ ਦਿਸ਼ਾ ਦਿੰਦੀਆਂ ਹਨ। ਚਿੱਤਰਕਾਰੀ, ਸੰਗੀਤ, ਨਾਚ, ਕਵਿਤਾ, ਨਾਟਕ, ਬਾਗਬਾਨੀ, ਹੱਥਾਂ ਨਾਲ ਛੋਟੀਆਂ-ਛੋਟੀਆਂ ਚੀਜ਼ਾਂ ਬਣਾਉਣਾ ਜਾਂ ਘਰ ਦੇ ਕੰਮਾਂ ਵਿੱਚ ਸਹਿਯੋਗ ਦੇਣਾ, ਰਸੋਈ ਵਿੱਚ ਬੱਚਿਆਂ ਦੇ ਸਵਾਦ ਦੀਆਂ ਚੀਜ਼ਾਂ ਉਹਨਾਂ ਦੇ ਸਹਿਯੋਗ ਨਾਲ ਤਿਆਰ ਕਰਨਾ ਆਦਿ ਗੱਲਾਂ ਵੀ ਬੱਚਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ ਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਂਦੀਆਂ ਹਨ ਅਤੇ ਸਕ੍ਰੀਨ 'ਤੇ ਨਿਰਭਰਤਾ ਘਟਾਉਂਦੀਆਂ ਹਨ।

ਮੋਬਾਈਲ ਦੀ ਵਰਤੋਂ ਲਈ ਘਰ ਵਿੱਚ ਬਿਲਕੁਲ ਸਪੱਸ਼ਟ ਨਿਯਮ ਬਣਾਉਣੇ ਚਾਹੀਦੇ ਹਨ ਜਿਸ ਦਾ ਪਾਲਣ ਕਰਨ ਲਈ ਸਭ ਨੂੰ ਜ਼ਰੂਰੀ ਹੋਣਾ ਚਾਹੀਦਾ ਹੈ। ਖਾਣਾ ਖਾਂਦੇ ਸਮੇਂ, ਪੜ੍ਹਾਈ ਵੇਲੇ ਅਤੇ ਸੌਣ ਤੋਂ ਪਹਿਲਾਂ ਮੋਬਾਈਲ ਦੀ ਵਰਤੋਂ ਨਾ ਹੋਵੇ। ਬੱਚਿਆਂ ਨੂੰ ਇਹ ਨਿਯਮ ਸਜ਼ਾ ਵਜੋਂ ਨਹੀਂ, ਸਗੋਂ ਉਨ੍ਹਾਂ ਦੀ ਭਲਾਈ ਲਈ ਸਮਝਾਏ ਜਾਣ ਤੇ ਕੋਸ਼ਿਸ਼ ਕੀਤੀ ਜਾਵੇ ਕਿ ਵੱਡੇ ਵੀ ਉਸ ਸਮੇਂ ਆਪ ਵਰਤੋਂ ਨਾ ਕਰਨ। ਜਦੋਂ ਨਿਯਮ ਸਾਰੇ ਪਰਿਵਾਰ 'ਤੇ ਇਕਸਾਰ ਲਾਗੂ ਹੁੰਦੇ ਹਨ ਤਾਂ ਬੱਚੇ ਵੀ ਉਨ੍ਹਾਂ ਨੂੰ ਆਸਾਨੀ ਨਾਲ ਸਵੀਕਾਰ ਕਰ ਲੈਂਦੇ ਹਨ। ਮੋਬਾਈਲ ਫ਼ੋਨ ਦੀ ਅਧਿਕ ਵਰਤੋਂ ਨੂੰ ਰੋਕਣ ਲਈ ਸਕੂਲਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਅਧਿਆਪਕ ਬੱਚਿਆਂ ਨੂੰ ਡਿਜ਼ਿਟਲ ਸੰਤੁਲਨ ਬਾਰੇ ਜਾਗਰੂਕ ਕਰਨ, ਖੇਡਾਂ, ਭਾਸ਼ਣ, ਸੱਭਿਆਚਾਰਕ ਗਤੀਵਿਧੀਆਂ ਅਤੇ ਪੁਸਤਕ ਮੇਲਿਆਂ ਰਾਹੀਂ ਉਨ੍ਹਾਂ ਦੀਆਂ ਦਿਲਚਸਪੀਆਂ ਨੂੰ ਵਧਾਉਣ ਤਾਂ ਇਸ ਦਾ ਨਤੀਜਾ ਸਾਰਥਕ ਹੋਵੇਗਾ। ਬੱਚਿਆਂ ਉੱਪਰ ਮਾਪਿਆਂ ਨਾਲੋਂ ਜ਼ਿਆਦਾ ਅਧਿਆਪਕਾਂ ਦੀਆਂ ਗੱਲਾਂ ਦਾ ਅਸਰ ਜ਼ਿਆਦਾ ਅਤੇ ਛੇਤੀ ਹੁੰਦਾ ਹੈ। ਜਦੋਂ ਸਕੂਲ ਅਤੇ ਪਰਿਵਾਰ ਇੱਕੋ ਦਿਸ਼ਾ ਵਿੱਚ ਕੰਮ ਕਰਦੇ ਹਨ ਤਾਂ ਨਤੀਜੇ ਵਧੀਆ ਨਿਕਲ ?ਦੇ ਹਨ। ਬੱਚਿਆਂ ਨੂੰ ਇਹ ਵੀ ਅਹਿਸਾਸ ਕਰਵਾਉਂਦੇ ਰਹਿਣਾ ਚਾਹੀਦਾ ਹੈ ਕਿ ਮੋਬਾਈਲ ਪੂਰੀ ਤਰ੍ਹਾਂ ਬੁਰਾ ਨਹੀਂ ਹੈ। ਕਿਉਂ ਕਿ ਜੇ ਅਸੀਂ ਕਿਸੇ ਚੀਜ਼ ਨੂੰ ਇੱਕ ਬੁਰਾਈ ਸਮਝ ਕੇ ਰੋਕਣਾ ਚਾਹੁੰਦੇ ਹਾਂ ਤਾਂ ਉਸ ਦਾ ਪ੍ਰਭਾਵ ਨਾਕਾਰਾਤਮਕ ਤਰੀਕੇ ਨਾਲ ਪੈਂਦਾ ਹੈ। ਉਹਨਾਂ ਨੂੰ ਉਸ ਦੇ ਗੁਣ ਦੱਸ ਕੇ ਉਸ ਦੀ ਸਹੀ ਸਮੇਂ ਅਤੇ ਸਹੀ ਉਦੇਸ਼ ਲਈ ਇਸ ਦੀ ਵਰਤੋਂ ਦੇ ਲਾਭ ਦੱਸਣੇ ਚਾਹੀਦੇ ਹਨ ।

ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਮਨੋਰੰਜਨ, ਖੇਡ, ਦੋਸਤੀ ਅਤੇ ਸਿੱਖਣ ਦਾ ਇੱਕੋ-ਇੱਕ ਸਾਧਨ ਮੋਬਾਈਲ ਬਣ ਜਾਂਦਾ ਹੈ। ਇਸ ਲਈ ਬੱਚਿਆਂ ਨੂੰ ਮੋਬਾਈਲ ਤੋਂ ਦੂਰ ਕਰਨ ਦੀ ਥਾਂ ਉਨ੍ਹਾਂ ਨੂੰ ਇਸ ਦੀ ਸੰਤੁਲਿਤ ਅਤੇ ਜ਼ਿੰਮੇਵਾਰ ਵਰਤੋਂ ਸਿਖਾਉਣੀ ਚਾਹੀਦੀ ਹੈ।

ਅਖੀਰ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਬੱਚਿਆਂ ਵਿੱਚ ਮੋਬਾਈਲ ਦਾ ਰੁਝਾਨ ਡਾਂਟ ਕੇ ਜਾਂ ਜ਼ਬਰਦਸਤੀ ਨਾਲ ਨਹੀਂ ਸਗੋਂ ਪਿਆਰ, ਸਮਝਦਾਰੀ ਅਤੇ ਚੰਗੇ ਵਿਕਲਪ ਦੇ ਕੇ ਘਟਾਇਆ ਜਾ ਸਕਦਾ ਹੈ। ਜੇ ਅਸੀਂ ਉਨ੍ਹਾਂ ਨੂੰ ਪਰਿਵਾਰ ਦਾ ਸਾਥ, ਖੇਡਾਂ ਦੀ ਖ਼ੁਸ਼ੀ, ਕਿਤਾਬਾਂ ਦਾ ਗਿਆਨ, ਕੁਦਰਤ ਦੀ ਨੇੜਤਾ ਅਤੇ ਆਪਣਾ ਸਮਾਂ ਦੇਵਾਂਗੇ ਤਾਂ ਮੋਬਾਈਲ ਦੀ ਚਮਕ ਆਪਣੇ ਆਪ ਫਿੱਕੀ ਪੈ ਜਾਵੇਗੀ।

ਅਸਲ ਵਿੱਚ ਬੱਚਿਆਂ ਨੂੰ ਮੋਬਾਈਲ ਤੋਂ ਨਹੀਂ, ਇਕੱਲੇਪਣ ਤੋਂ ਬਚਾਉਣ ਦੀ ਲੋੜ ਹੈ। ਜਿੱਥੇ ਪਰਿਵਾਰ ਦਾ ਪਿਆਰ, ਆਪਸੀ ਸੰਵਾਦ ਅਤੇ ਸਾਂਝ ਹੋਵੇਗੀ, ਉੱਥੇ ਮੋਬਾਈਲ ਦੀ ਪਕੜ ਆਪਣੇ ਆਪ ਕਮਜ਼ੋਰ ਪੈ ਜਾਵੇਗੀ। ਬੱਚਿਆਂ ਨੂੰ ਮੋਬਾਈਲ ਨਹੀਂ, ਮੁੱਲਾਂ ਅਤੇ ਮੌਕਿਆਂ ਨਾਲ ਜੋੜਨ ਦੀ ਲੋੜ ਹੈ।

# ਓ.ਟੀ.ਪੀ. ਦੀ ਗੁਪਤਤਾ ਤੁਹਾਡੀ ਵਿੱਤੀ ਸੁਰੱਖਿਆ ਦੀ ਅਸਲ ਚਾਬੀ

## (ਘਰ-ਘਰ ਜਾਗਰੂਕਤਾ ਦੀ ਲੋੜ : ਪਰਿਵਾਰ ਦੇ ਹਰ ਮੈਂਬਰ ਨੂੰ ਓ.ਟੀ.ਪੀ. ਦੇ ਖ਼ਤਰਿਆਂ ਤੋਂ ਜਾਣੂ ਕਰਵਾਉਣਾ ਜ਼ਰੂਰੀ)

ਡਿਜੀਟਲ ਤਕਨਾਲੋਜੀ ਦੇ ਇਸ ਦੌਰ ਵਿੱਚ ਜਿੱਥੇ ਸਾਡੀ ਜ਼ਿੰਦਗੀ ਬਹੁਤ ਸੁਖਾਲੀ ਹੋ ਗਈ ਹੈ, ਉੱਥੇ ਹੀ ਸਾਈਬਰ ਅਪਰਾਧ ਅਤੇ ਆਨਲਾਈਨ ਠੱਗੀਆਂ ਦਾ ਖ਼ਤਰਾ ਵੀ ਬਹੁਤ ਜ਼ਿਆਦਾ ਵੱਧ ਗਿਆ ਹੈ। ਅੱਜ ਦੇ ਸਮੇਂ ਵਿੱਚ 'ਵਨ ਟਾਈਮ ਪਾਸਵਰਡ' ਯਾਨੀ ਓ.ਟੀ.ਪੀ. ਸਾਡੀ ਵਿੱਤੀ ਸੁਰੱਖਿਆ ਦੀ ਸਭ ਤੋਂ ਮਹੱਤਵਪੂਰਨ ਕੜੀ ਬਣ ਚੁੱਕਿਆ ਹੈ। ਸਾਡੀ ਇੱਕ ਛੋਟੀ ਜਿਹੀ ਲਾਪਰਵਾਹੀ ਜਾਂ ਅਣਜਾਣਪੁਣਾ ਪੂਰੇ ਪਰਿਵਾਰ ਨੂੰ ਵੱਡੀ ਮੁਸੀਬਤ ਵਿੱਚ ਪਾ ਸਕਦਾ ਹੈ। ਇਸ ਲਈ ਇਹ ਬੇਹੱਦ ਜ਼ਰੂਰੀ ਹੋ ਗਿਆ ਹੈ ਕਿ ਘਰ ਦੇ ਹਰ ਇੱਕ ਮੈਂਬਰ ਨੂੰ, ਚਾਹੇ ਉਹ ਬੱਚੇ ਹੋਣ, ਬਜ਼ੁਰਗ ਹੋਣ ਜਾਂ ਮਹਿਲਾਵਾਂ, ਓ.ਟੀ.ਪੀ. ਦੀ ਅਹਿਮੀਅਤ ਅਤੇ ਇਸ ਨਾਲ ਜੁੜੇ ਖ਼ਤਰਿਆਂ ਬਾਰੇ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਸਾਈਬਰ ਠੱਗ ਘਰ ਦੇ ਭੋਲੇ-ਭਾਲੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਮਾਸੂਮੀਅਤ ਦਾ ਫ਼ਾਇਦਾ ਉਠਾ ਕੇ ਫ਼ੋਨ 'ਤੇ ਆਇਆ ਕੋਡ ਪੁੱਛ ਲੈਂਦੇ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਮਹਿਜ਼ ਇੱਕ ਓ.ਟੀ.ਪੀ. ਦੱਸਣ ਨਾਲ ਬੈਂਕ ਖਾਤੇ ਵਿੱਚੋਂ ਜਮ ?ਹਾਂ-ਪੂੰਜੀ ਪਲਾਂ ਵਿੱਚ ਗਾਇਬ ਹੋ ਸਕਦੀ ਹੈ, ਜਿਸ ਨਾਲ ਪਰਿਵਾਰ ਨੂੰ ਵੱਡਾ ਆਰਥਿਕ ਝਟਕਾ ਲੱਗ ਸਕਦਾ ਹੈ।




ਇਹ ਵੀ ਸੱਚ ਹੈ ਕਿ ਅੱਜ-ਕੱਲ੍ਹ ਰੋਜ਼ਾਨਾ ਦੇ ਕਈ ਕੰਮਾਂ ਵਿੱਚ ਸਾਨੂੰ ਓ.ਟੀ.ਪੀ. ਦੇਣ ਦੀ ਅਸਲ ਵਿੱਚ ਲੋੜ ਪੈਂਦੀ ਹੈ। ਉਦਾਹਰਨ ਦੇ ਤੌਰ 'ਤੇ ਜਦੋਂ ਘਰ ਵਿੱਚ ਕੋਈ ਡਾਕ ਜਾਂ ਪਾਰਸਲ ਪ੍ਰਾਪਤ ਕਰਨਾ ਹੋਵੇ, ਆਨਲਾਈਨ ਮੰਗਵਾਇਆ ਸਾਮਾਨ ਲੈਣਾ ਹੋਵੇ, ਜਾਂ ਫਿਰ ਘਰ ਦਾ ਕੋਈ ਇਲੈਕਟ ?ਰਾਨਿਕ ਉਪਕਰਣ ਜਿਵੇਂ ਫਰਿੱਜ, ਏ.ਸੀ. ਜਾਂ ਟੀ.ਵੀ. ਖ਼ਰਾਬ ਹੋਣ 'ਤੇ ਕੰਪਨੀ ਦਾ ਮਕੈਨਿਕ ਉਸ ਦੀ ਮੁਰੰਮਤ ਕਰਨ ਆਵੇ, ਤਾਂ ਕੰਪਨੀ ਵੱਲੋਂ ਕੰਮ ਮੁਕੰਮਲ ਹੋਣ ਦੀ ਪੁਸ਼ਟੀ ਲਈ ਇੱਕ ਕੋਡ ਭੇਜਿਆ ਜਾਂਦਾ ਹੈ। ਪਰ ਅਜਿਹੇ ਮੌਕਿਆਂ 'ਤੇ ਬਹੁਤ ਜ਼ਿਆਦਾ ਗੌਰ ਕਰਨ ਅਤੇ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਜਦੋਂ ਵੀ ਮੋਬਾਈਲ 'ਤੇ ਕੋਈ ਓ.ਟੀ.ਪੀ. ਆਵੇ, ਤਾਂ ਉਸ ਨੂੰ ਅੱਖਾਂ ਮੀਟ ਕੇ ਸਾਂਝਾ ਕਰਨ ਦੀ ਬਜਾਏ ਪਹਿਲਾਂ ਮੈਸੇਜ ਨੂੰ ਪੂਰੇ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਮੈਸੇਜ ਵਿੱਚ ਸਾਫ਼ ਲਿਖਿਆ ਹੁੰਦਾ ਹੈ ਕਿ ਇਹ ਕੋਡ ਕਿਸ ਮਕਸਦ ਲਈ ਭੇਜਿਆ ਗਿਆ ਹੈ—ਕੀ ਇਹ ਸਾਮਾਨ ਦੀ ਡਿਲੀਵਰੀ ਲਈ ਹੈ, ਸਰਵਿਸ ਦੀ ਪੁਸ਼ਟੀ ਲਈ ਹੈ ਜਾਂ ਫਿਰ ਕਿਸੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾਉਣ ਜਾਂ ਪਾਸਵਰਡ ਬਦਲਣ ਲਈ ਹੈ। ਜੇਕਰ ਮੈਸੇਜ ਵਿੱਚ ਲਿਖਿਆ ਮਕਸਦ ਤੁਹਾਡੇ ਕੰਮ ਨਾਲ ਮੇਲ ਨਹੀਂ ਖਾਂਦਾ, ਤਾਂ ਉਹ ਕੋਡ ਕਦੇ ਵੀ ਕਿਸੇ ਨਾਲ ਸਾਂਝਾ ਨਾ ਕਰੋ।

ਇਸ ਤੋਂ ਇਲਾਵਾ, ਇੱਕ ਹੋਰ ਵੱਡੀ ਲਾਪਰਵਾਹੀ ਜੋ ਆਮ ਤੌਰ 'ਤੇ ਘਰਾਂ ਵਿੱਚ ਦੇਖੀ ਜਾਂਦੀ ਹੈ, ਉਹ ਹੈ ਕਿਸੇ ਵੀ ਅਣਜਾਣ ਵਿਅਕਤੀ ਨੂੰ ਆਪਣਾ ਮੋਬਾਈਲ ਫ਼ੋਨ ਫੜਾ ਦੇਣਾ। ਕਈ ਵਾਰ ਕੋਈ ਬਾਹਰੀ ਵਿਅਕਤੀ ਜਾਂ ਗਲੀ-ਮੁਹੱਲੇ ਵਿੱਚ ਆਇਆ ਕੋਈ ਅਣਜਾਣ ਬੰਦਾ ਫ਼ੋਨ ਕਾਲ ਕਰਨ ਬਹਾਨੇ ਜਾਂ ਕੋਈ ਹੋਰ ਮਦਦ ਮੰਗ ਕੇ ਸਾਡਾ ਮੋਬਾਈਲ ਮੰਗ ਲੈਂਦਾ ਹੈ। ਅਜਿਹੀ ਸਥਿਤੀ ਵਿੱਚ ਬਹੁਤ ਜ਼ਿਆਦਾ ਗੁਰੇਜ਼ ਕਰਨਾ ਚਾਹੀਦਾ ਹੈ। ਅਣਜਾਣ ਵਿਅਕਤੀ ਦੇ ਹੱਥ ਵਿੱਚ ਫ਼ੋਨ ਜਾਣ ਨਾਲ ਉਹ ਤੁਹਾਡੇ ਫ਼ੋਨ 'ਤੇ ਆਏ ਗੁਪਤ ਮੈਸੇਜ ਜਾਂ ਓ.ਟੀ.ਪੀ. ਨੂੰ ਆਸਾਨੀ ਨਾਲ ਦੇਖ ਸਕਦਾ ਹੈ, ਜਾਂ ਫ਼ੋਨ ਵਿੱਚ ਕੋਈ ਖ਼ਤਰਨਾਕ ਲਿੰਕ ਜਾਂ ਐਪਲੀਕੇਸ਼ਨ ਡਾਊਨਲੋਡ ਕਰਕੇ ਤੁਹਾਡਾ ਨਿੱਜੀ ਡਾਟਾ ਚੋਰੀ ਕਰ ਸਕਦਾ ਹੈ। ਡਿਜੀਟਲ ਸੁਰੱਖਿਆ ਦਾ ਨਿਯਮ ਕਹਿੰਦਾ ਹੈ ਕਿ ਤੁਹਾਡਾ ਸਮਾਰਟਫ਼ੋਨ ਤੁਹਾਡੇ ਬੈਂਕ ਦੇ ਲਾਕਰ ਦੀ ਚਾਬੀ ਵਾਂਗ ਹੈ, ਜਿਸ ਨੂੰ ਕਿਸੇ ਗੈਰ-ਮਰਦ ਜਾਂ ਅਣਜਾਣ ਦੇ ਹੱਥ ਵਿੱਚ ਦੇਣਾ ਖ਼ਤਰੇ ਤੋਂ ਖਾਲੀ ਨਹੀਂ।

ਸਾਈਬਰ ਸੁਰੱਖਿਆ ਨੂੰ ਲੈ ਕੇ ਪਰਿਵਾਰ ਵਿੱਚ ਇੱਕ ਖੁੱਲ੍ਹੀ ਚਰਚਾ ਹੋਣੀ ਬਹੁਤ ਲਾਜ਼ਮੀ ਹੈ। ਘਰ ਦੇ ਸਾਰੇ ਮੈਂਬਰਾਂ ਨੂੰ ਇਹ ਪੱਕੇ ਤੌਰ 'ਤੇ ਸਿਖਾਇਆ ਜਾਵੇ ਕਿ ਕੋਈ ਵੀ ਬੈਂਕ, ਸਰਕਾਰੀ ਵਿਭਾਗ ਜਾਂ ਨਾਮਵਰ ਕੰਪਨੀ ਫ਼ੋਨ ਕਰਕੇ ਕਦੇ ਵੀ ਤੁਹਾਡੇ ਕੋਲੋਂ ਗੁਪਤ ਪਿੰਨ, ਪਾਸਵਰਡ ਜਾਂ ਓ.ਟੀ.ਪੀ. ਨਹੀਂ ਮੰਗਦੀ। ਜੇਕਰ ਕੋਈ ਫ਼ੋਨ 'ਤੇ ਲਾਟਰੀ ਨਿਕਲਣ, ਬੈਂਕ ਖਾਤਾ ਬੰਦ ਹੋਣ ਜਾਂ ਸਸਤੇ ਲੋਨ ਦਾ ਲਾਲਚ ਦੇ ਕੇ ਓ.ਟੀ.ਪੀ. ਮੰਗੇ, ਤਾਂ ਤੁਰੰਤ ਫ਼ੋਨ ਕੱਟ ਦਿੱਤਾ ਜਾਵੇ। ਜਿੰਨਾ ਚਿਰ ਅਸੀਂ ਪਰਿਵਾਰ ਦੇ ਹਰ ਮੈਂਬਰ ਨੂੰ ਡਿਜੀਟਲ ਰੂਪ ਵਿੱਚ ਸਾਖਰ ਅਤੇ ਸੁਚੇਤ ਨਹੀਂ ਬਣਾਵਾਂਗੇ, ਉੱਨਾ ਚਿਰ ਸਾਡੀ ਮਿਹਨਤ ਦੀ ਕਮਾਈ ਸੁਰੱਖਿਅਤ ਨਹੀਂ ਰਹਿ ਸਕਦੀ। ਜਾਗਰੂਕਤਾ ਹੀ ਸਾਈਬਰ ਠੱਗਾਂ ਦੇ ਇਸ ਜਾਲ ਤੋਂ ਬਚਣ ਦਾ ਸਭ ਤੋਂ ਉੱਤਮ ਅਤੇ ਇੱਕੋ-ਇੱਕ ਹੱਲ ਹੈ।

**ਚਾਨਣਦੀਪ ਸਿੰਘ ਔਲਖ** (ਮਾਨਸਾ), ਸੰਪਰਕ
9876888177

# ਕੁਦਰਤ ਦੀ ਅਨਮੋਲ ਦਾਤ ਸਵੱਛ ਵਾਤਾਵਰਨ





**ਨੀਲਮ ਕੁਮਾਰੀ,**
**ਪੰਜਾਬੀ ਮਿਸਟ੍ਰੈਸ, ਸਰਕਾਰੀ ਹਾਈ ਸਕੂਲ,**
**ਸਮਾਓ (97797-88365)**

**ਧਰਤੀ ਕੁੱਖੋਂ ਬੂਟਾ ਜੰਮਦਾ, ਮਾਂ ਦੀ ਕੁੱਖੋਂ ਧੀ,**
**ਆਪ ਖੁਦਾ ਨੇ ਰਚਨਾ ਕੀਤੀ,ਧੀ ਤੇ ਬੂਟੇ ਦੀ।**

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਵਿਸਵ ਵਾਤਾਵਰਨ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ। 1972 ਵਿੱਚ ਸੰਯੁਕਤ ਰਾਸਟਰ ਦੁਆਰਾ ਚਲਾਏ ਗਏ ਇਸ ਦਿਵਸ ਨੂੰ ਅੱਜ 100 ਤੋਂ ਵੱਧ ਦੇਸਾਂ ਦੇ ਲੋਕਾਂ ਦੁਆਰਾ ਮਨਾਇਆ ਜਾਂਦਾ ਹੈ। ਇਸ ਦਿਵਸ ਦਾ ਮੁੱਖ ਉਦੇਸ ਲੋਕਾਂ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਕੁਦਰਤ ਅਤੇ ਕੁਦਰਤੀ ਦਾਤਾਂ ਦੀ ਰੱਖਿਆ ਕਰਨਾ ਅਤੇ ਲੋਕਾਂ ਵਿੱਚ ਕੁਦਰਤ ਨਾਲ ਪਿਆਰ ਕਰਨ ਦੀ ਭਾਵਨਾ ਪੈਦਾ ਕਰਨਾ ਹੈ। ਇਹ ਦਿਵਸ ਮਨਾਉਣਾ ਇੱਕ ਸਲਾਨਾ ਮੁਹਿੰਮ ਹੈ ।ਅੱਜ ਦਾ ਯੁੱਗ ਭੌਤਿਕਵਾਦੀ ਅਤੇ ਮਸੀਨੀ ਯੁੱਗ ਹੈ। ਜਿਸ ਨੇ ਕਾਫੀ ਹੱਦ ਤੱਕ ਮਨੁੱਖ ਦੀ ਜ਼ਿੰਦਗੀ ਨੂੰ ਵੀ ਮਸੀਨੀ ਬਣਾ ਦਿੱਤਾ ਹੈ। ਅੱਜ ਅਸੀਂ ਏਨੇ ਸੁਆਰਥੀ ਹੋ ਗਏ ਹਾਂ ਕਿ ਆਪਣੇ ਸਵਾਰਥ ਅਤੇ ਫਾਇਦੇ ਲਈ ਵਾਤਾਵਰਨ ਨਾਲ ਛੇੜਛਾੜ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ।

**ਕੁਦਰਤ ਨਾਲ ਛੇੜਛਾੜ ਨਾ ਕਰੋ**
**ਸਗੋਂ ਉਸ ਦੀ ਸੁੰਦਰਤਾ ਦਾ ਆਨੰਦ ਮਾਣੋ..**

ਇੱਕ ਸਵੱਛ ਵਾਤਾਵਰਨ ਵਿੱਚ ਸਾਰੇ ਕੁਦਰਤੀ ਸਰੋਤ ਸਾਮਿਲ ਹੁੰਦੇ ਹਨ ਅਤੇ ਇਹ ਕਈ ਤਰੀਕਿਆਂ ਨਾਲ ਸਹਾਇਤਾ ਕਰਨ ਲਈ ਸਾਡੇ ਆਲੇ-ਦੁਆਲੇ ਵਿਚਰਦੇ ਹਨ। ਇੱਕ ਸਾਫ ਵਾਤਾਵਰਨ ਸਾਨੂੰ ਇਸ ਧਰਤੀ ਤੇ ਵਿਕਸਤ ਹੋਣ ਲਈ ਅਤੇ ਜਿਉਂਦੇ ਰਹਿਣ ਲਈ ਸਾਰੀਆਂ ਜਰੂਰੀ ਵਸਤੂਆਂ ਅਤੇ ਬਿਹਤਰ ਮਾਧਿਅਮ ਪ੍ਰਦਾਨ ਕਰਦਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਇਹੀ ਮਨੁੱਖ ਆਪਣੀਆਂ ਨਵੀਆਂ ਤਕਨੀਕਾਂ ਨਾਲ ਵੱਧ ਲਾਭ ਕਮਾਉਣ ਦੀ ਖਾਤਿਰ ਸਾਨੂੰ ਜੀਵਨ ਦੇਣ ਵਾਲੇ ਇਸ ਵਾਤਾਵਰਨ ਦੇ ਜਰੂਰੀ ਤੱਤਾਂ ਨੂੰ ਦਿਨੋ ਦਿਨ ਘਟਾ ਰਿਹਾ ਹੈ। ਪਿਛਲੇ 60-65 ਸਾਲਾਂ ਵਿੱਚ ਮਨੁੱਖ ਨੇ ਬੁਰੀ ਤਰ੍ਹਾਂ ਵਾਤਾਵਰਨ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।

ਅੱਜ ਧਰਤੀ ਉੱਤੇ ਸਾਇਦ ਹੀ ਕੋਈ ਮਨੁੱਖ ਹੋਵੇਗਾ ਜਿਸਨੇ ਵਾਤਾਵਰਨ ਨੂੰ ਦੂਸ਼ਿਤ ਨਾ ਕੀਤਾ ਹੋਵੇ। ਅਸੀਂ ਸਾਰੇ ਜਾਣਦੇ ਹਾਂ ਕਿ ਵਾਤਾਵਰਨ ਕਿਵੇ ਦੂਸ਼ਿਤ ਹੁੰਦਾ ਹੈ। ਸਾਡੀਆਂ ਲੋੜਾਂ, ਪੈਸੇ ਕਮਾਉਣ ਦੀ ਹਵਸ, ਅਤੇ ਵਪਾਰਕ ਰੁਚੀਆਂ ਐਨੀਆਂ ਵਧ ਗਈਆਂ ਹਨ ਕਿ ਅਸੀਂ ਚਾਹੇ ਪਾਣੀ ਪ੍ਰਦੂਸਣ ਹੋ ਰਿਹਾ ਹੋਵੇ ਜਾਂ ਮਿੱਟੀ ਪ੍ਰਦੂਸਣ ਜਾਂ ਫੇਰ ਹਵਾ ਪ੍ਰਦੂਸਣ ਕੋਈ ਧਿਆਨ ਹੀ ਨਹੀਂ ਦਿੰਦੇ।

ਕੁਦਰਤ ਨੇ ਬਿਨਾਂ ਕੋਈ ਮੁੱਲ ਲਏ ਸਾਨੂੰ ਅਣਤੋਲੀਆ ਅਣਮੁੱਲੀਆਂ ਦਾਤਾਂ ਵਾਤਾਵਰਨ ਦੇ ਰੂਪ ਵਿੱਚ ਬਖਸੀਆ ਹਨ ਅਤੇ ਇਹ ਸਾਡਾ ਫਰਜ ਬਣਦਾ ਹੈ ਕਿ ਅਸੀਂ ਇਨ੍ਹਾਂ ਦਾਤਾਂ ਨੂੰ ਸਹੀ ਢੰਗ ਨਾਲ ਬਰਤੀਏ। ਸਾਨੂੰ ਇਹ ਗੱਲ ਸਮਝਣੀ ਪਵੇਗੀ ਕਿ ਮਨੁੱਖ ਤੇ ਬਨਸਪਤੀ ਦੀ ਹੋਂਦ ਤੱਦ ਹੀ ਸੰਭਵ ਹੈ ਜੇਕਰ ਧਰਤੀ ਉੱਤੇ ਕੁਦਰਤ ਦੁਆਰਾ ਦਿਤੀ ਹੋਈ ਹਵਾ,ਪਾਣੀ, ਮਿੱਟੀ, ਸੂਰਜ ਦੀ ਗਰਮੀ ਅਤੇ ਹੋਰ ਅਨੇਕਾਂ ਉਰਜਾਵਾ ਦਾ ਆਪਣਾ ਰੂਪ,ਮਿਕਦਾਰ ਅਤੇ ਆਪਸੀ ਤਾਲਮੇਲ ਉਸੇ ਸੰਤੁਲਿਤ ਮਾਤਰਾ ਵਿੱਚ ਰਹੇ,ਜਿਸ ਮਾਤਰਾ ਨਾਲ ਮਨੁੱਖ ਅਤੇ ਸਾਰੀ ਬਨਸਪਤੀ ਦਾ ਵਿਕਾਸ ਅਤੇ ਵਧਣਾ ਫੁੱਲਣਾ ਸੰਭਵ ਹੈ। ਵਿਗਿਆਨਕ ਕਾਢਾਂ ਨੇ ਮਨੁੱਖ ਨੂੰ ਸੰਵਾਰਿਆ ਪਰ ਮਨੁੱਖ ਨੇ ਵਿਗਿਆਨਕ ਕਾਢਾਂ ਦੀ ਦੁਰਵਰਤੋਂ ਨਾਲ ਕੁਦਰਤ ਨੂੰ ਹੀ ਕਰੂਪ ਕਰ ਦਿੱਤਾ। ਕੁਦਰਤ ਦਾ ਨਿਯਮ ਹੈ ਕਿ ਜੇ ਅਸੀਂ ਉਸ ਦੇ ਬਣਾਏ ਹੋਏ ਨਿਯਮਾਂ ਨੂੰ ਭੰਗ ਕਰਾਂਗੇ ਤਾਂ ਉਹ ਸਾਡੇ ਲਈ ਵਿਨਾਸਕਾਰੀ ਅਸਰ ਉਤਪੰਨ ਕਰ ਦੇਵੇਗੀ ਅਤੇ ਕੁਦਰਤ ਦੇ ਵਿਕਰਾਲ ਰੂਪ ਸਾਹਮਣੇ ਮਨੁੱਖ ਦੀਹਸਤੀ ਬਹੁਤ ਛੋਟੀ ਨਜਰ ਆਵੇਗੀ ਜੇਕਰ ਸੋਸਲ ਮੀਡੀਆ ਤੇ ਝਾਤੀ ਮਾਰੀਏ ਤਾਂ ਹਰ ਤੀਜਾ ਬੰਦਾ ਵਾਤਾਵਰਨ ਪ੍ਰੇਮੀ ਹੈ, ਹਰ ਦੂਜਾ ਬੰਦਾ ਸਮਾਜ ਸੇਵੀ ਹੈ, ਹਰ ਵਿਅਕਤੀ ਇਮਾਨਦਾਰ ਹੈ...

ਇਸ ਵਿੱਚ ਕਿੰਨੀ ਕੁ ਸਚਾਈ ਹੈ ਅੱਜ ਕੁਦਰਤ ਦਾ ਇਹ ਹਾਲ ਦੇਖ ਕਿ ਅਸੀਂ ਆਪ ਹੀ ਸੋਚ ਸਕਦੇ ਹਾਂ। ਅੰਤ ਵਿਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਧਰਤੀ ਉੱਤੇ ਜੀਵਨ ਜਾਰੀ ਰੱਖਣ ਲਈ ਸਾਨੂੰ ਵਾਤਾਵਰਨ ਦੀ ਮੌਲਿਕਤਾ ਨੂੰ ਕਾਇਮ ਰੱਖਣ ਦੀ ਲੋੜ ਹੈ ।ਧਰਤੀ ਹੀ ਇਕ ਅਜਿਹੀ ਜਗ੍ਹਾ ਹੈ ਜਿੱਥੇ ਜੀਵਨ ਸੰਭਵ ਹੈ। ਵਿਸਵ ਵਾਤਾਵਰਨ ਦਿਵਸ ਹਰ ਸਾਲ 5 ਜੂਨ ਨੂੰ ਜਨਤਾ ਨੂੰ ਵਾਤਾਵਰਨ ਨੂੰ ਬਚਾਉਣ ਦੇ ਤਰੀਕੇ ਜਾਣਨ, ਬੁਰੀਆਂ ਆਦਤਾਂ ਨੂੰ ਛੱਡਣ, ਵੱਧ ਤੋਂ ਵੱਧ ਰੁੱਖ ਲਾਉਣ ਲਈ, ਪਾਣੀ ਦੀ ਬਚਤ ਕਰਨ ਲਈ, ਪ੍ਰਦੂਸਣ ਘਟਾਉਣ ਲਈ ਅਤੇ ਧਰਤੀ ਨੂੰ ਹਰਿਆ ਭਰਿਆ ਬਣਾਉਣ ਲਈ ਸੰਕਲਪ ਲੈਂਦਾਂ ਹੈ ਕਿਉਂਕਿ ਜੇ ਦੇਸ ਦੇ ਵਿਕਾਸ ਨੂੰ ਜੇ ਰਾਹ ਤੇ ਲਿਆਉਣਾ, ਵਾਤਾਵਰਨ ਨੂੰ ਪਵੇਗਾ ਬਚਾਉਣਾ।



# ਵਾਤਾਵਰਨ

ਵਾਤਾਵਰਨ ਨੂੰ ਬਚਾਉਣ ਤੇ ਜ਼ਿੰਦਗੀ ਨੂੰ ਕੁਦਰਤ ਦੇ ਨਾਲ ਜੋੜਨ ਲਈ ਹਰ ਸਾਲ 5 ਜੂਨ ਨੂੰ ਸਮਾਜ ਨੂੰ ਵਾਤਾਵਰਨ ਸਬੰਧੀ ਜਾਗਰੂਕ ਕਰਨ ਲਈ ਵਿਸਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ ।ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਧਰਤੀ ਤੇ ਰਹਿ-ਰਹੇ ਲੋਕ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸੀ ਤੇ ਹੈ। ਮੌਜੂਦਾ ਸਮੇਂ ਮਨੁੱਖ ਨੇ ਆਪਣੇ ਨਿੱਜੀ ਸਵਾਰਥਾਂ ਲਈ ਕੁਦਰਤੀ ਸਰੋਤਾਂ, ਸੋਮਿਆਂ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ ਹੋਇਆ ਹੈ, ਜੋ ਬੇਹੱਦ ਮੰਦ-ਭਾਗਾ ਹੈ।

ਜੇਕਰ ਮਨੁੱਖ ਨੂੰ ਖੁਦ ਨੂੰ ਬਚਾਉਣਾ ਹੈ ਤਾਂ ਘੱਟੋ-ਘੱਟ ਇਕ ਦਰੱਖਤ ਜ਼ਰੂਰ ਲਾਵੇ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਅਤੇ ਜਲਵਾਯੂ ਸੰਕਟ ਵਿਚਾਲੇ ਤਾਲਮੇਲ ਬਣਾਉਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਮਨੁੱਖੀ ਗਤੀਵਿਧੀਆਂ ਕਾਰਨ ਵਾਤਾਵਰਣ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋਇਆ ਹੈ, ਜਿਸ ਦੇ ਨਤੀਜੇ ਸਾਡੇ ਸਾਹਮਣੇ ਆ ਰਹੇ ਹਨ। ਧਰਤੀ ਦਾ ਵੱਧਦਾ ਤਾਪਮਾਨ ਅਤੇ ਹਵਾ ਪ੍ਰਦੂਸ਼ਣ 'ਗਲੋਬਲ ਵਾਰਮਿੰਗ' ਦਾ ਕਾਰਨ ਬਣਦੇ ਹਨ, ਜੋ ਕਿ ਇਕ ਵੱਡਾ ਖਤਰਾ ਹੈ।

ਵਾਤਾਵਰਣ ਨੂੰ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਲੋਕਾਂ ਨੂੰ ਵੱਧ ਤੋਂ ਵੱਧ ਦਰੱਖਤ ਲਾਉਣ, ਆਪਣਾ ਆਲਾ-ਦੁਆਲਾ ਸਾਫ ਰੱਖਣ, ਸੀ. ਐੱਨ. ਜੀ. ਵਾਹਨਾਂ ਦਾ ਇਸਤੇਮਾਲ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜੇਕਰ ਅਸੀਂ ਖੁੱਲ੍ਹੀ ਹਵਾ ਵਿਚ ਸਾਹ ਲੈਣਾ ਹੈ ਤਾਂ ਪਹਿਲਾਂ ਕਦਮ ਸਾਨੂੰ ਹੀ ਪੁੱਟਣਾ ਪਵੇਗਾ, ਆਪਣੇ ਆਲੇ-ਦੁਆਲੇ ਨੂੰ ਸਾਫ ਰੱਖ ਕੇ।

ਆਮ ਜਨਤਾ ਵੀ ਵਾਤਾਵਰਣ ਨੂੰ ਸਾਫ ਰੱਖਣ 'ਚ ਆਪਣਾ ਯੋਗਦਾਨ ਦੇ ਸਕਦੀ ਹੈ। ਜਿਵੇਂ ਸੜਕਾਂ 'ਤੇ ਕੂੜਾ ਨਾ ਸੁੱਟੋ ਅਤੇ ਨਾ ਹੀ ਕੂੜੇ ਨੂੰ ਅੱਗ ਲਾਓ। ਪਲਾਸਟਿਕ, ਪੇਪਰ, ਈ-ਕੂੜੇ ਲਈ ਵੱਖਰੇ-ਵੱਖਰੇ ਕੂੜੇਦਾਨ ਵਿਚ ਕੂੜਾ ਸੁੱਟੋ ਤਾਂ ਕਿ ਉਹ ਆਸਾਨੀ ਨਾਲ ਰੀਸਾਈਕਲ ਹੋ ਸਕੇ। ਸਭ ਤੋਂ ਵੱਡੀ ਗੱਲ ਘੱਟ ਦੂਰੀ ਲਈ ਸਾਈਕਲ ਦੀ ਵਰਤੋਂ ਕਰ ਕੇ ਵਾਤਾਵਰਣ ਨੂੰ ਬਚਾਇਆ ਜਾ ਸਕਦਾ ਹੈ।

ਦਰੱਖਤਾਂ ਦੀ ਕਟਾਈ ਲਗਾਤਾਰ ਬੇਰਹਿਮੀ ਨਾਲ ਹੋ ਰਹੀ ਹੈ, ਜੋ ਵਾਤਾਵਰਣ ਪ੍ਰਦੂਸਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਮੋਟਰ ਵਾਹਨਾਂ ਨੇ ਜਿੱਥੇ ਮਨੁੱਖੀ ਜੀਵਨ ਦੀ ਰਫਤਾਰ ਨੂੰ ਤੇਜ਼ ਕੀਤਾ ਅਤੇ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਇਨ੍ਹਾਂ ਦੇ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਕਾਰਨ ਅਨੇਕਾਂ ਭਿਅੰਕਰ ਬੀਮਾਰੀਆਂ ਪੈਦਾ ਹੋ ਰਹੀਆਂ ਹਨ। ਵਧਦੇ ਸ਼ਹਿਰੀਕਰਨ ਦੇ ਕਾਰਨ ਫਾਲਤੂ ਕੂੜਾ ਕਰਕਟ, ਗੰਦਗੀ, ਪਲਾਸਟਿਕ ਪਦਾਰਥ ਅਤੇ ਵਿਸੇਸ ਤੌਰ 'ਤੇ ਪਾਲੀਥੀਨ ਬੈਗ ਦੇ ਢੇਰ, ਜੋ ਜਲਦ ਨਸ਼ਟ ਨਹੀਂ ਹੁੰਦੇ, ਵਾਤਾਵਰਨ ਪ੍ਰਦੂਸ਼ਿਤ ਕਰਨ ਵਿੱਚ ਸਭ ਤੋਂ ਅੱਗੇ ਹਨ। ਏਅਰ ਕੰਡੀਸ਼ਨ ਚਲਾਉਣ 'ਤੇ ਨਿਕਲਣ ਵਾਲੀ ਕਲੋਰੋ ਫਲੋਰੋ ਕਾਰਬਨ ਗੈਸ, ਓਜ਼ੋਨ ਪਰਤ ਨੂੰ ਪਤਲਾ ਕਰਨ ਵਿਚ ਸਭ ਤੋਂ ਵੱਡੀ ਭੂਮਿਕਾ ਨਿਭਾ ਰਹੀ ਹੈ।

ਧਾਰਮਿਕ ਸਥਾਨਾਂ 'ਤੇ ਲੱਗੇ ਵੱਡੇ ਸਪੀਕਰ, ਖੁਸ਼ੀ ਦੇ ਮੌਕੇ ਉੱਚੀ ਆਵਾਜ ਵਿਚ ਚਲਦੇ ਡੀ. ਜੇ ਸਿਸਟਮ, ਘਰਾਂ ਵਿੱਚ ਉਚੀ ਅਵਾਜ਼ ਵਿੱਚ ਚਲਦੇ ਟੈਲੀਵਿਜਨ ਅਤੇ ਮਿਊਜ਼ਿਕ ਸਿਸਟਮ ਅਤੇ ਮੋਟਰ ਸਾਈਕਲਾਂ 'ਤੇ ਲੱਗੇ ਪ੍ਰੈਸ਼ਰ ਹਾਰਨ ਦੇ ਕਾਰਨ, ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਉਥੇ ਅਨੇਕਾਂ ਸਰੀਰਕ ਅਤੇ ਮਾਨਸਿਕ ਰੋਗ ਪੈਦਾ ਹੋ ਰਹੇ ਹਨ ਜਿਨ੍ਹਾਂ ਵਿਚ ਸਿਰਦਰਦ, ਤਣਾਅ, ਕੰਨ ਦੇ ਰੋਗ ਨੀਂਦ ਨਾ ਆਉਣ ਦੀ ਬੀਮਾਰੀ ਆਦਿ।

ਸਮੇਂ ਦੀ ਮੰਗ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਦਰਖਤ ਲਗਾਏ ਜਾਣ। ਪੋਲੀਥੀਨ ਬੈਗ ਦਾ ਪ੍ਰਯੋਗ ਨਾ ਹੋਵੇ, ਮੋਟਰ ਗੱਡੀਆਂ 'ਤੇ ਵਿਸ਼ੇਸ਼ ਕਿਸਮ ਦੇ ਸਾਈਲੈਂਸਰ ਲਗਾਏ ਜਾਣ, ਲੈਡ ਰਹਿਤ ਪਟਰੋਲ ਦੀ ਵਰਤੋਂ ਕੀਤੀ ਜਾਵੇ। ਕਾਰਖਾਨਿਆਂ ਵਿੱਚ ਵਿਸ਼ੇਸ਼ ਕਿਸਮ ਦੀਆਂ ਚਿਮਨੀਆਂ ਲੱਗਣ, ਘਰਾਂ ਅਤੇ ਦਫਤਰਾਂ ਵਿਚ ਏਅਰ ਕੰਡੀਸਨਰਾਂ ਦੀ ਘੱਟ ਤੋਂ ਘੱਟ ਵਰਤੋਂ ਹੋਵੇ ਫਤਿਹ ਵਾਤਾਵਰਨ ਦੀ ਸੁਰੱਖਿਆ ਸਬੰਧੀ ਕਾਨੂੰਨਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਵੇ। ਬੱਚਿਆਂ ਨੂੰ ਸਕੂਲਾਂ ਵਿਚ ਵਾਤਾਵਰਣ ਸਬੰਧੀ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ, ਜੋ ਆਪਣਾ ਬਣਦਾ ਯੋਗਦਾਨ ਪਾ ਸਕਣ। ਆਉ ਅਸੀ ਸਾਰੇ ਮਿਲ ਕੇ ਆਪਣੇ ਵਾਤਾਵਰਨ ਨੂੰ ਪ੍ਰਦੂਸਣ ਮੁਕਤ ਬਣਾਈਏ ਅਤੇ ਇਸ ਧਰਤੀ ਨੂੰ ਸੁਹੱਪਣ ਨਾਲ ਭਰ ਦੇਈਏ। ਅਸੀਂ ਹੁਣ ਵੀ ਸੰਭਲ ਜਾਈਏ , ਅੱਜ ਵਿਸਵ ਵਾਤਾਵਰਨ ਦਿਵਸ ਤੇ ਸਾਨੂੰ ਸਭ ਨੂੰ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣਾ ਦਾ ਪ੍ਰਣ ਕਰਨਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ ਸੁਥਰਾ ਰੱਖਣਾ ਸਾਡਾ ਸਭ ਦਾ ਸਮਾਜਿਕ ਫ਼ਰਜ਼ ਹੈ। ਜੇ ਅਸੀਂ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰਾਂਗੇ ਤਾਂ ਖ਼ਤਰਨਾਕ ਨਤੀਜੇ ਤਾਂ ਸਾਨੂੰ ਹੀ ਭੁਗਤਣੇ ਪੈਣਗੇ।

**ਮਾਸਟਰ ਪ੍ਰੇਮ ਸਰੂਪ ਛਾਜਲੀ (ਸੰਗਰੂਰ)**
9876620369

# ਇਨਸਾਨੀਅਤ ਦੇ ਪੁਜਾਰੀ : ਸਤਿਕਾਰਯੋਗ ਡਾ. ਰਣਵੀਰ ਸਿੰਘ



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
ਇੰਡੀਆ ਬੁੱਕ ਆੱਫ ਰਿਕਾਰਡਜ ਹੋਲਡਰ

" ਹਮ ਲੀਏ ਫਿਰਤੇ ਹੈਂ
ਆਖੋਂ ਮੇਂ ਚਮਨ ਏ ਬਾਗਵਾਂ
ਜਿਸ ਤਰਫ ਉਠੀ ਨਿਗਾਹੇ - ਸ਼ੌਕ
ਗੁਲਸ਼ਨ ਹੋ ਗਯਾ "

ਕਿਸੇ ਇਨਸਾਨ ਦੇ ਦੁੱਖ - ਤਕਲੀਫ ਨੂੰ ਨੇੜਿਓਂ ਹੋ ਕੇ ਸਮਝਣਾ ਤੇ ਵੰਡਾਉਣਾ , ਮਾਨਵਤਾ ਦੀ ਭਲਾਈ ਲਈ ਹਮੇਸ਼ਾ ਕੁਝ ਨਾ ਕੁਝ ਕਰਦੇ ਰਹਿਣਾ , ਚੰਗੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ - ਨਾਲ ਸਮਾਜਿਕ , ਧਾਰਮਿਕ ਤੇ ਵਾਤਾਵਰਣ ਪ੍ਰਤੀ ਗਤੀਵਿਧੀਆਂ ਪ੍ਰਤੀ ਸਮਰਪਿਤ ਤੇ ਕਾਰਜਰਤ ਰਹਿਣਾ ਆਦਿ ਇਹ ਸਭ ਸਦਗੁਣ , ਪ੍ਰਵਿਰਤੀਆਂ , ਠਰੰਮਾ , ਲਗਾਉ ਤੇ ਲਗਨਸ਼ੀਲਤਾ ਦਾ ਹਰ ਕਿਸੇ ਇਨਸਾਨ ਵਿੱਚ ਹੋਣਾ ਅਸੰਭਵ ਹੈ , ਪਰ ਜਿਸ ਮਹਾਨ ਵਿਅਕਤੀਤਵ ਅੰਦਰ ਅਜਿਹੇ ਗੁਣ ਤੇ ਪਰਮਪਿਤਾ ਪਰਮਾਤਮਾ ਜੀ ਦੀ ਮਿਹਰ ਤੇ ਆਸ਼ੀਰਵਾਦ ਹੋਵੇ ਅਜਿਹੀ ਪਰਮ - ਪਵਿੱਤਰ ਸਖਸ਼ੀਅਤ ਸੱਚਮੁੱਚ ਹੀ ਬਹੁਤ ਸਤਿਕਾਰਯੋਗ , ਸ਼ਲਾਘਾਯੋਗ , ਵਿਸ਼ੇਸ਼ ਤੇ ਆਦਰਣੀਯਾ ਹੁੰਦੀ ਹੈ। ਮਹਾਨ ਗੁਣਾਂ ਨਾਲ ਭਰਪੂਰ ਅਜਿਹੀ ਹੀ ਮਹਾਨ ਸਖਸ਼ੀਅਤ ਹਨ : ਪੰਜਾਬ ਦੇ ਜ਼ਿ?ਲ੍ਹਾ ਰੂਪਨਗਰ ਦੀ ਤਹਿਸੀਲ ਸ਼੍ਰੀ ਅਨੰਦਪੁਰ ਸਾਹਿਬ ਦੇ ਵਸਨੀਕ ਤੇ ਸਿਵਲ ਹਸਪਤਾਲ਼ ਸ਼੍ਰੀ ਅਨੰਦਪੁਰ ਸਾਹਿਬ ਦੇ ਬਹੁਤ ਹੀ ਸਤਿਕਾਰਯੋਗ ਡਾਕਟਰ ਰਣਵੀਰ ਸਿੰਘ ਜੀ। ਮਾਤਾ ਸਤਿਕਾਰਯੋਗ ਸ਼੍ਰੀਮਤੀ ਸੱਤਿਆ ਜੀ ਤੇ ਪਿਤਾ ਸਵ: ਸ੍ਰ. ਗੁਰਮੀਤ ਸਿੰਘ ਜੀ ਦੇ ਸਪੁੱਤਰ ਡਾਕਟਰ ਰਣਵੀਰ ਸਿੰਘ ਜੀ ਮਾਨਵਤਾ ਦੀ ਸੇਵਾ ਨਾਲ ਸੰਬੰਧਿਤ ਡਾਕਟਰ ਦੇ ਕਿੱਤੇ ਨਾਲ ਜੁੜ ਕੇ ਇਨਸਾਨੀਅਤ ਦੇ ਦੁੱਖ - ਦਰਦ ਵੰਡਾ ਰਹੇ ਹਨ। ਸੰਨ 1984 ਵਿੱਚ ਜਨਮੇ ਡਾਕਟਰ ਰਣਵੀਰ ਸਿੰਘ ਜੀ ਨਿਮਰ , ਮਿੱਠ - ਬੋਲੜੇ , ਕਿੱਤੇ ਪ੍ਰਤੀ ਸਮਰਪਿਤ , ਮਾਨਵਤਾ ਦੀ ਅਲਖ ਜਗਾਉਣ ਵਾਲ਼ੇ ਤੇ ਉੱਚੇ - ਸੁੱਚੇ ਨੇਕ ਆਚਰਣ ਦੇ ਮਾਲਿਕ ਹਨ। ਉਹਨਾਂ ਕੋਲੋਂ ਆਪਣਾ ਇਲਾਜ ਕਰਵਾਉਣ ਲਈ ਦੂਰ - ਦੁਰਾਡਿਓਂ ਵੀ ਬਹੁਤ ਮਰੀਜ ਬਹੁਤ ਆਸ , ਉਮੀਦ ਤੇ ਵਿਸ਼ਵਾਸ ਨਾਲ ਉਹਨਾਂ ਕੋਲ਼ ਪਹੁੰਚਦੇ ਹਨ। ਡਾਕਟਰ ਰਣਵੀਰ ਸਿੰਘ ਜੀ ਹਰ ਮਰੀਜ ਨਾਲ਼ ਬਹੁਤ ਨਿਮਰਤਾ , ਠਰੰਮੇ ਤੇ ਅਪਣੱਤ - ਭਾਵ ਨਾਲ ਪੇਸ਼ ਆਉਂਦੇ ਹਨ। ਉਹਨਾਂ ਦੇ ਇਹੋ ਜਿਹਾ ਮਿੱਠਾ ਤੇ ਨਿੱਘਾ



ਵਿਵਹਾਰ ਤੇ ਮਿਠਾਸ ਹਰ ਕਿਸੇ ਲਈ ਇੱਕ ਨਵੀਂ ਉਮੀਦ ਜਗਾਉਂਦਾ ਹੈ। ਡਾਕਟਰ ਰਣਵੀਰ ਸਿੰਘ ਜੀ ਬਿਨਾਂ ਹਿਚਕਚਾਹਟ ਤੋਂ ਆਪਣੇ ਡਿਊਟੀ ਸਮੇਂ ਤੋਂ ਬਾਅਦ ਅਤੇ ਰਾਤ ਨੂੰ ਵੀ ਮਰੀਜਾਂ ਪ੍ਰਤੀ ਬਹੁਤ ਲਗਨ ਤੇ ਤਨਦੇਹੀ ਨਾਲ ਆਪਣਾ ਫਰਜ ਨਿਭਾਉਂਦੇ ਰਹਿੰਦੇ ਹਨ। ਉਹਨਾਂ ਦੀ ਇਸੇ ਮਹਾਨਤਾ ਸਦਕਾ ਇਲਾਕੇ ਦੇ ਲੋਕ ਉਹਨਾਂ ਦਾ ਦਿਲੋਂ ਬਹੁਤ ਸਤਿਕਾਰ ਕਰਦੇ ਹਨ। ਸ਼੍ਰੀ ਅਨੰਦਪੁਰ ਸਾਹਿਬ ਤੋਂ ਪਹਿਲਾਂ ਡਾਕਟਰ ਰਣਵੀਰ ਸਿੰਘ ਜੀ ਨੇ ਆਪਣੀਆਂ ਸੇਵਾਵਾਂ ਭਰਤਗੜ ਸਾਹਿਬ ਤੇ ਸ਼੍ਰੀ ਚਮਕੌਰ ਸਾਹਿਬ ਵਿਖੇ ਵੀ ਨਿਭਾਈਆਂ ਹਨ। ਉਹਨਾਂ ਨੇ ਆਪਣੀ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਸ਼੍ਰੀ ਅਨੰਦਪੁਰ ਸਾਹਿਬ ਮਾੱਡਲ ਸਕੂਲ ਤੋਂ , ਹਾਈ ਸਕੂਲ ਦੀ ਪੜ੍ਹਾਈ ਭਾਈ ਨੰਦ ਲਾਲ ਪਬਲਿਕ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਤੋਂ , ਉਚੇਰੀ ਵਿੱਦਿਆ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਤੋਂ ਅਤੇ ਡਾਕਟਰੀ ਤੇ ਐਮ.ਡੀ.ਦੀ ਉੱਚ ਪੜ੍ਹਾਈ ਪਟਿਆਲਾ ਤੋਂ ਪ੍ਰਾਪਤ ਕੀਤੀ। ਦੱਸਣਯੋਗ ਹੈ ਕਿ ਡਾਕਟਰ ਰਣਵੀਰ ਸਿੰਘ ਜੀ ਦਾ ਪਿਛੋਕੜ ਕਿਸਾਨੀ ਜੀਵਨ ਨਾਲ ਸੰਬੰਧਿਤ ਰਿਹਾ , ਪਰ ਪੜ੍ਹਾਈ ਨਾਲ ਬਚਪਨ ਤੋਂ ਹੀ ਉਹਨਾਂ ਨੂੰ ਲਗਾਓ ਰਿਹਾ। ਡਾਕਟਰ ਰਣਵੀਰ ਸਿੰਘ ਜੀ ਸਮਾਜਿਕ ਤੌਰ 'ਤੇ ਕਈ ਸੰਸਥਾਵਾਂ ਨਾਲ ਜੁੜੇ ਹੋਏ ਹਨ ,ਜੋ ਕਿ ਇਨਸਾਨੀਅਤ ਪ੍ਰਤੀ ਹਮੇਸ਼ਾ ਕਾਰਜਸ਼ੀਲ ਰਹਿੰਦੀਆਂ ਹਨ , ਜਿਵੇਂ ਕਿ ਰੋਟਰੀ ਕਲੱਬ ਸ਼੍ਰੀ ਅਨੰਦਪੁਰ ਸਾਹਿਬ , ਡਾ. ਬੀ.ਆਰ. ਅੰਬੇਡਕਰ ਸੋਸਾਇਟੀ ਆਦਿ ਆਦਿ। ਆਪਣੀ ਜ਼ਿ?ਦਗੀ ਦੇ ਹਰ ਪਲ ਦਾ ਸਹੀ ਤੇ ਸਚਾਰੂ ਢੰਗ ਨਾਲ ਸਦਉਪਯੋਗ ਕਰਨ ਵਾਲੇ ਡਾਕਟਰ ਰਣਵੀਰ ਸਿੰਘ ਜੀ ਡਾਕਟਰ ਹੋਣ ਦੇ ਨਾਲ - ਨਾਲ ਇੱਕ ਬਹੁਤ ਚੰਗੇ ਪੁਸਤਕ - ਪ੍ਰੇਮੀ ਅਤੇ ਖਿਡਾਰੀ ਵੀ ਹਨ। ਜਦੋਂ ਵੀ ਫੁਰਸਦ ਦੇ ਕੁਝ ਪਲ ਉਹਨਾਂ ਨੂੰ ਮਿਲ਼ਦੇ ਹਨ ਉਹ ਕੁਝ ਨਵਾਂ - ਨਰੋਆ ਤੇ ਕੁਝ ਚੰਗਾ ਸਾਹਿਤ / ਪੁਸਤਕਾਂ ਪੜ੍ਹਨ ਨੂੰ ਤਰਜੀਹ ਦਿੰਦੇ ਹਨ। ਉਹਨਾਂ ਨੂੰ ਕ੍ਰਿਕੇਟ , ਬੈਡਮਿੰਟਨ ਆਦਿ ਖੇਡਣ ਦਾ ਸ਼ੌਕ ਵੀ ਹੈ। ਆਪਣੀ ਪਰਿਵਾਰਕ ਜ਼ਿ?ਮੇਵਾਰੀ ਬਾਖੂਬੀ ਨਿਭਾਉਣ ਦੇ ਨਾਲ - ਨਾਲ ਡਾਕਟਰ ਰਣਵੀਰ ਸਿੰਘ ਜੀ ਨਵੀਂਆਂ - ਨਵੀਆਂ ਤੇ ਕੁਦਰਤੀ ਥਾਵਾਂ 'ਤੇ ਜਾ ਕੇ ਘੁੰਮਣ - ਫਿਰਨ ਅਤੇ ਕੁਦਰਤੀ ਵਰਤਾਰਿਆਂ ਨੂੰ ਦੇਖਣ - ਸਮਝਣ ਦਾ ਸ਼ੌਕ ਵੀ ਰੱਖਦੇ ਹਨ। ਉਹਨਾਂ ਦਾ ਦੋਸਤਾਨਾ ਦਾਇਰਾ ਵੀ ਬਹੁਤ ਵਧੀਆ ਹੈ। ਉਹਨਾਂ ਦੇ ਹੋਣਹਾਰ ਭਰਾ ਮਾਸਟਰ ਗੁਰਦੀਪ ਸਿੰਘ ਜੀ ਅਧਿਆਪਕ ਹਨ ਤੇ ਉਹਨਾਂ ਦੇ ਤਾਇਆ ਜੀ ਸਤਿਕਾਰਯੋਗ ਸ. ਸਵਰਨ ਸਿੰਘ ਜੀ ਬਤੌਰ ਜ਼ਿ?ਲ੍ਹਾ ਸਿੱਖਿਆ ਅਫਸਰ ਨਵਾਂਸਹਿਰ ਰਹਿ ਚੁੱਕੇ ਹਨ। ਡਾਕਟਰ ਸਾਹਿਬ ਜੀ ਦੇ ਬਹੁਤ ਵਧੀਆ ਵਿਵਹਾਰ ਤੇ ਸੇਵਾਵਾਂ ਲਈ ਉਹਨਾਂ ਨੂੰ ਅਨੇਕਾਂ ਕਲੱਬਾਂ , ਸੰਸਥਾਵਾਂ ਤੇ ਵਿਦਵਾਨ ਸਖਸੀਅਤਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਉਹਨਾਂ ਅਨੁਸਾਰ :
" ਜਬ ਕਿਸੀ ਆਂਖ ਸੇ ਗਿਰਾ ਆਂਸੂ
ਅਪਨੀ ਆਂਖੋਂ ਪੇ ਲੇ ਲੀਆ ਹਮਨੇ ।"

# ਪੰਜਾਬ ਸਰਕਾਰ ਤੇ ਪੰਜਾਬ ਦੇ ਲੋਕ



ਗੁਰਿੰਦਰ ਕਲੇਰ
ਪਿੰਡ/ਡਾਕ:ਕਲੇਰ ਕਲਾਂ( ਗੁਰਦਾਸਪੁਰ)
ਮੋਬਾਇਲ ਨੰ:9914538888

ਪੰਜਾਬ ਵਿਚ ਆਮ ਆਦਮੀ ਦੀ ਸਰਕਾਰ ਬਣੀ ਨੂੰ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਨਵੀ ਸਰਕਾਰ ਨੇ ਬਹੁਤ ਸਾਰੇ ਕੰਮ ਤੇ ਫੈਸਲੇ ਸੂਬੇ ਅਤੇ ਲੋਕਾਂ ਦੀ ਭਲਾਈ ਲਈ ਕੀਤੇ ਹਨ ।ਪਰ ਪੰਜਾਬ ਦੇ ਲੋਕ ਸਰਕਾਰ ਤੋਂ ਬਹੁਤੇ ਖੁਸ਼ ਨਜਰ ਨਹੀ ਆ ਰਹੇ ।ਕਿਉਕਿ ਸਰਕਾਰ ਵੱਲੋ ਕੀਤੇ ਬਹੁਤੇ ਕੰਮਾਂ ਦਾ ਸਿੱਧੇ ਤੌਰ ਤੇ ਲੋਕਾਂ ਨੂੰ ਲਾਭ ਨਹੀ ਪਹੁੰਚ ਰਿਹਾ। ਲੋਕਾ ਦੀ ਸੋਚ ਸੀ ਕਿ ਨਵੀ ਸਰਕਾਰ ਭਿਸਟਾਚਾਰ, ਦਫਤਰਾਂ ਵਿਚਲੀ ਖੱਜਲ-ਖਰਾਬੀ, ਬੇਰੁਜਗਾਰੀ, ਨਸ਼ੇ ਆਦਿ ਨੂੰ ਖਤਮ ਕਰੇਗੀ। ਰੋਜਗਾਰ ਦੇ ਨਵੇ ਮੋਕੇ ਨਵੀ ਇੰਡਸਟਰੀ ਲਾਵੇਗੀ ਅਤੇ ਪੁਰਾਣੀ ਇੰਡਸਟਰੀ ਨੂੰ ਦੁਬਾਰਾ ਚਾਲੂ ਕਰੇਗੀ। ਖਜਾਨਾਂ ਭਰਨ ਦੇ ਨਵੇਂ ਸਾਧਨ ਪੈਦਾ ਕੀਤੇ ਜਾਣਗੇ ਤਾ ਜੋ ਪੰਜਾਬ ਕਰਜਾ ਮੁਕਤ ਤੇ ਖੁਸਹਾਲ ਹੋ ਸਕੇ ।ਪਰ ਇਹਨਾਂ ਵਿਚੋਂ ਬਹੁਤ ਸਾਰੇ ਕੰਮ ਜਾ ਤਾ ਹੋ ਨਹੀ ਰਹੇ ਜਾਂ ਫਿਰ ਧਿੰਮੀ ਗਤੀ ਵਿਚ ਚਲ ਰਹੇ ਹਨ । ਲੋਕਾਂ ਨੂੰ ਆਸ ਸੀ ਕਿ ਨਵੀ ਸਰਕਾਰ ਪ੍ਰਸਾਸਨਿਕ ਢਾਚਾਂ ਇਸ ਤਰਾਂ ਦਾ ਕਰ ਦੇਵੇਗੀ ਕਿ ਕੰਮ ਕਰਵਾਉਣ ਲਈ ਰਾਜਨੀਤਿਕ ਲੋਕਾਂ ਦੀਆਂ ਸਿਫਾਰਸਾਂ ਦੀ ਲੋੜ ਨਹੀ ਪਵੇਗੀ। ਜਰੂਰਤ ਤੇ ਯੋਗਤਾ (ਮੈਰਿਟ) ਦੇ ਆਧਾਰ ਤੇ ਹੀ ਕੰਮ ਹੋ ਜਾਇਆ ਕਰਨਗੇ। ਪਰ ਸਥਿਤੀ ਇਸ ਦੇ ਉੱਲਟ ਹੈ। ਰੋਜ ਸੈਂਕੜੇਂ ਲੋਕ ਮੋਜੂਦਾ ਐਮ.ਐਲ.ਏ ਅਤੇ ਮੰਤਰੀਆਂ ਦੇ ਦਫਤਰਾਂ ਅਤੇ ਘਰਾਂ ਤੇ ਕੰਮ ਕਰਵਾਉਣ ਦੀਆਂ ਸਿਫਾਰਸਾਂ ਪਵਾਉਣ ਲਈ ਜੱਦੋਜਹਿਦ ਕਰ ਰਹੇ ਹੁੰਦੇ ਹਨ। ਕੀ ਇਕ ਵਿਅਕਤੀ ਸੈਕੜੇਂ ਲੋਕਾਂ ਦੀਆਂ ਮੁਸਕਲਾਂ ਨੂੰ ਸਮਝ ਅਤੇ ਹੱਲ ਕਰ ਸਕਦਾ ਹੈ ? ਕੁਝ ਪੁਰਾਣੀਆਂ ਸਰਕਾਰਾਂ ਵਾਲੀਆਂ ਗਲਤੀਆਂ ਦੁਹਰਾਈਆਂ ਜਾ ਰਹੀਆਂ ਹਨ ।ਲੋਕਾਂ ਦੇ ਕੰਮ ਨਹੀ ਹੋ ਰਹੇ। ਲੇਖਕ ਖੁਦ ਆਪਣਾ ਇਕ ਕੰਮ ਕਰਵਾਉਣ ਲਈ ਪਿਛਲੇ ਛੇ ਸਾਲ ਤੋਂ ਕੋਸ਼ਿਸ਼ ਕਰ ਰਿਹਾ ਹੈ। ਇਸ ਕੰਮ ਦੇ ਸੰਬੰਧ ਵਿਚ ਪਿਛਲੇ ਇਕ ਸਾਲ ਵਿੱਚ ਮੈਂ ਦਰਜਨਾ ਫੋਨ ਮੁੱਖ ਮੰਤਰੀ ਸਾਬ ਦੇ ਦਫਤਰ ਨੂੰ ਕੀਤੇ ।ਪਰ ਹਰੇਕ ਵਾਰ ਬਿਨਾ ਕੋਈ ਹੱਲ ਕੱਢੇ ਫੋਨ ਰੱਖ ਦਿੱਤਾ ਜਾਦਾ ਹੈ। ਲੋਕ ਮੁੱਖ ਮੰਤਰੀ ਦਫਤਰ ਜਿੱਲਿਆਂ ਵਿਚ ਖੋਲਣ ਦੀ ਉਡੀਕ ਕਰ ਰਹੇ ਹਨ।

ਲੋਕਾਂ ਨੂੰ ਜੋ ਸਰਕਾਰੀ ਸਹੂਲਤਾਂ ਮਿਲਦੀਆਂ ਹਨ। ਲੋਕਾਂ ਨੂੰ ਆਸ ਸੀ ਕਿ ਨਵੀ ਸਰਕਾਰ ਮਹਿੰਗਾਈ ਦਰ ਨੂੰ ਮੁੱਖ ਰੱਖਦੇ ਹੋਏ ਇਹਨਾਂ ਸਹੂਲਤਾਂ ਵਿਚ ਵੀ ਵਾਧਾ ਕਰੇਗੀ। ਪਰ ਹਾਲੇ ਅਜਿਹਾ ਕੁਝ ਨਹੀ ਹੋਇਆ ।ਲੋਕ ਇਹ ਆਸ ਕਰਦੇ ਹਨ ਕਿ ਪੀ.ਜੀ. ਆਈ , ਦੇ ਬਰਾਬਰ ਦਾ ਹਸਪਤਾਲ ਪੰਜਾਬ ਦੇ ਮਾਝੇ ਜਾਂ ਦੁਆਬੇ ਦੇ ਇਲਾਕੇ ਵਿਚ ਖੋਲਿਆਂ ਜਾਵੇ। ਹੁਣ ਪੰਜਾਬ ਦੇ ਸਰਹੱਦੀ ਜਿੱਲਿਆਂ ਦੇ ਲੋਕਾਂ ਨੂੰ 300-350 ਕਿ:ਮੀ ,ਦੀ ਦੂਰੀ ਤਹਿ ਕਰਕੇ ਪੀ. ਜੀ .ਆਈ , ਜਾਣਾ ਪੈਦਾ ਹੈ ਅਤੇ ਖੱਜਲ ਖਰਾਬ ਹੋਣਾ ਪੈਦਾ ਹੈ। ਹੁਣ ਤਕ ਜਿੰਨੇ ਮੁੱਖ ਮੰਤਰੀ ਆਏ ਸਭ ਨੇ ਆਪਣੇ ਹਲਕਿਆਂ ਨੂੰ ਤਰਜੀਹ ਦਿੱਤੀ ਨਾ ਕਿ ਸਮੂਚੇ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਫੈਸਲੇ ਕੀਤੇ। ਅੱਜ ਵੀ ਸਰਹੱਦੀ ਇਲਾਕੇ ਮੁਢਲੀਆਂ ਲੋੜਾਂ ਤੋਂ ਪਛੜੇ ਹੋਏ ਹਨ। ਜੇਕਰ ਇਸ ਤਰਾ ਦਾ ਹਸਪਤਾਲ ਗੁਰਦਾਸਪੁਰ ,ਪਠਾਨਕੋਟ ਜਾਂ ਹੁਸਿਆਰਪੁਰ ਖੋਲ ਦਿੱਤਾ ਜਾਵੇ ਤਾਂ ਇਸ ਸਹੂਲਤ ਦਾ ਪੰਜਾਬ ਦੇ ਲੋਕਾਂ ਦੇ ਨਾਲ ਨਾਲ ਹਿਮਾਚਲ ਅਤੇ ਜੰਮੂ ਕਸ਼ਮੀਰ ਦੇ ਲੌਕਾਂ ਨੂੰ ਵੀ ਫਾਇਦਾ ਹੋਵੇਗਾ। ਇਸ ਕੰਮ ਲਈ ਦਾਨੀ ਸੱਜਣਾਂ ਦੀ ਮਦਦ ਵੀ ਲਈ ਜਾ ਸਕਦੀ ਹੈ। ਲੋਕ ਸਰਕਾਰ ਤੋਂ ਇਹ ਵੀ ਆਸ ਰੱਖਦੇ ਹਨ ਕਿ ਪੰਜਾਬ ਦੇ ਕੁਝ ਪੜਾਈ ਵਿਚ ਹੁਸਿਆਰ ਵਿਦਿਆਰਥੀਆਂ ਨੂੰ ਕਿਸੇ ਪ੍ਰਾਈਵੇਟ ਸੰਸਥਾ ਤੋਂ ਨੀਟ , ਜੇ ਈ ਈ, ਯੂ ਪੀ ਐਸ ਈ , ਆਦਿ ਦੀ ਮੁਫਤ ਕੋਚਿੰਗ ਦਵਾਈ ਜਾਵੇ, ਤਾਂ ਜੋ ਉਹ ਕਾਮਯਾਬ ਹੋ ਕੇ ਆਪਣੇ ਰਾਜ ਦਾ ਨਾਂ ਰੋਸ਼ਨ ਕਰ ਸਕਣ। ਪੰਜਾਬ ਦੇ ਪਿੰਡਾ , ਸਹਿਰਾ ਅਤੇ ਕਸਬਿਆਂ ਵਿੱਚ ਗੰਦੇ ਪਾਣੀ ਦੇ ਨਿਕਾਸ ਦਾ ਵਧੀਆਂ ਅਤੇ ਪੁੱਖਤਾਂ ਪ੍ਰਬੰਧ ਨਹੀਂ ਹੈ ।ਜਿਸ ਕਾਰਨ ਲੋਕਾਂ ਨੂੰ ਬਹੁਤ ਮੁਸਕਲਾਂ ਆ ਰਹੀਆਂ ਹਨ ਅਤੇ ਆਪਸੀ ਝਗੜੇ ਹੋ ਰਹੇ ਹਨ। ਸੜਕਾਂ ਦੀ ਮਾੜੀ ਹਾਲਤ ਦੁਰਘਟਨਾਵਾਂ ਦਾ ਕਾਰਨ ਬਣ ਰਹੀਆਂ ਹਨ ਰੁੱਖ , ਪੁੱਤ ਅਤੇ ਪਾਣੀ ਬਚਾਉਣਾ ਸਰਕਾਰ ਦੇ ਅਜੰਡੇ ਦਾ ਹਿੱਸਾ ਹੋਣਾ ਚਾਹੀਦਾ ਹੈ। ਸਰਕਾਰ ਜੇਕਰ




ਪਿਛਲੀਆਂ ਸਰਕਾਰਾਂ ਵੱਲੋ ਕੀਤੇ ਕੰਮਾਂ ਦੀ ਪੁੰਨ ਛਾਣ ਕਰੇ ਤਾ ਕਰੋੜਾ - ਅਰਬਾਂ ਰੁਪਿਆਂ ਦੇ ਘਪਲੇ ਸਾਹਮਣੇ ਆ ਸਕਦੇ ਹਨ। ਕਸੂਰਵਾਰ ਅਧਿਕਾਰੀਆਂ ਲੀਡਰਾਂ ਆਦਿ ਦੀ ਜਾਇਦਾਦ ਜਪਤ ਕੀਤੀ ਜਾਵੇ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਵੀ ਕੁਝ ਹੁਲਾਰਾ ਮਿਲੇਗਾ।

ਬਹੁਤ ਸਾਰੀਆਂ ਜਾਚਾਂ ਚਲ ਵੀ ਰਹੀਆਂ ਹਨ । ਪਰ ਸਰਕਾਰ ਦੀ ਕੰਮ ਕਰਨ ਦੀ ਚਾਲ ਕੁਝ ਢਿੱਲੀ ਹੈ। ਲੋੜ ਹੈ ਪਿਛਲੀਆਂ ਸਰਕਾਰਾਂ ਤੋਂ ਕੁਝ ਹੱਟ ਕੇ ਕਰਨ ਦੀ। ਜੇਕਰ ਸਰਕਾਰ ਸਰਕਾਰੀ ਅਤੇ ਗੈਰਸਰਕਾਰੀ ਹਸਪਤਾਲਾਂ ਵਿੱਚ ਲੋਕਾਂ ਦਾ ਹਰ ਤਰਾ ਦਾ ਇਲਾਜ ਫੀ ਕਰ ਦੇਵੇ ਅਤੇ ਬੁਢਾਪਾ,ਵਿਕਲਾਂਗ ,ਵਿਧਵਾ ਪੈਨਸਨ ਨੂੰ ਘੱਟ ਤੋਂ ਘੱਟ ਦੂੱਗਣਾ ਕਰ ਦੇਵੇ ਤੇ ਬਾਕੀ ਦੀਆ ਫੀ ਵਾਲੀਆਂ ਸਹੂਲਤਾਂ ਬੰਦ ਕਰ ਦੇਵੇ ਤਾਂ ਹਰ ਵਰਗ ਦਾ ਭਲਾ ਹੋ ਸਕਦਾ ਹੈ। ਪੰਜਾਬ ਦੇ ਬਹੁਤ ਸਾਰੇ ਲੋਕਾਂ ਦਾ ਇਹ ਮੰਨਣਾ ਹੈ। ਦਿਨੋ-ਦਿਨ ਵੱਧ ਰਹੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਬਿਜਲੀ ਦੀ ਪੈਦਾਵਾਰ ਵਧਾਊਣੀ ਬਹੁਤ ਜਰੂਰੀ ਹੈ। ਲੋਕ ਆਸ ਕਰਦੇ ਹਨ ਕਿ ਸਾਂਤਮਈ ਅੰਦੋਲਨ ਕਰ ਰਹੇ ਲੋਕਾਂ ਦੀ ਗੱਲ ਨੂੰ ਸੁਣਿਆਂ ਜਾਵੇ ਅਤੇ ਢੁੱਕਵਾਂ ਹੱਲ ਕੱਢਿਆਂ ਜਾਵੇ। ਨਾ ਕਿ ਪਿਛਲੀਆਂ ਸਰਕਾਰਾਂ ਦੀ ਤਰਾ ਕੁਟਿਆ ਤੇ ਜਲੀਲ ਕੀਤਾ ਜਾਵੇ। ਸਰਕਾਰ ਦਾ ਮਕਸਦ ਸਰਕਾਰੀ ਖਜਾਨੇ ਤੇ ਬੋਝ ਘਟਾਉਣਾ ਹੋਣਾ ਚਾਹੀਦਾ ਹੈ। ਇਸ ਦੇ ਲਈ ਜਰੂਰੀ ਹੈ ਕਿ ਲੀਡਰ ਆਪਣੇ ਅਤੇ ਆਪਣੇ ਪਰਿਵਾਰਾਂ ਦੇ ਨਿੱਜੀ ਖਰਚਿਆਂ ਦਾ ਭਾਰ ਸਰਕਾਰੀ ਖਜਾਨੇ ਤੇ ਨਾ ਪਾਉਣ ।ਜੇਕਰ ਸਰਕਾਰ ਟ੍ਰੈਫਿਕ ਕਾਨੂੰਨ ਨੂੰ ਸਕਤੀ ਨਾਲ ਲਾਗੂ ਕਰੇ ਤਾਂ ਦੁਰਘਟਨਾਵਾਂ ਵਿੱਚ ਕਮੀ ਵੀ ਹੋਵੇਗੀ ਅਤੇ ਸਰਕਾਰ ਦੀ ਆਮਦਨ ਵਿਚ ਵੀ ਵਾਧਾ ਹੋਵੇਗਾ। ਇਸ ਦੇ ਲਈ ਜਰੂਰੀ ਹੈ ਕਿ ਜੁਰਮਾਨੇ ਦੀ ਰਕਮ ਘਟਾਈ ਜਾਵੇ ਅਤੇ ਚੈਕਿੰਗ ਵਧਾਈ ਜਾਵੇ । ਜੇਕਰ ਸਰਕਾਰ ਜਮੀਨਾਂ ਦੀਆ ਰਜਿਸਟਰੀਆਂ ਨੂੰ ਸਖਤੀ ਨਾਲ ਬਿਆਨੇ ਵਿੱਚ ਲਿਖੀ ਰਕਮ ਅਨੁਸਾਰ ਕਰਵਾਉਣੀ ਲਾਗੂ ਕਰ ਦੇਵੇ ਤਾਂ ਇਸ ਨਾਲ ਵੇਚਣ ਵਾਲੇ ਖਰੀਦਣ ਵਾਲੇ ਅਤੇ ਸਰਕਾਰ ਤਿੰਨਾ ਦਾ ਫਾਇਦਾ ਹੋਵੇਗਾ ਤੇ ਰਿਸ਼ਵਤਖੋਰੀ ਵੀ ਘਟੇਗੀ। ਇਸ ਦੇ ਲਈ ਰਜਿਸਟਰੀ ਦੀ ਫੀਸ ਘਟਾਉਣੀ ਜਰੂਰੀ ਹੋਵੇਗੀ। ਕੋਈ ਸੱਕ ਨਹੀਂ ਕਿ ਪਿਛਲੇ ਕਈ ਦਹਾਕਿਆਂ ਤੋਂ ਵਿਗੜੇ ਹੋਏ ਤੰਤਰ ਨੂੰ ਦਰੁਸਤ ਕਰਨਾ ਕੋਈ ਸੋਖਾ ਕੰਮ ਨਹੀ। ਸਰਕਾਰ ਨੇ ਬਹੁਤ ਸਾਰੇ ਇਤਿਹਾਸਕ ਫੈਸਲੇ ਕੀਤੇ ਹਨ । ਜਿੰਨਾ ਨੂੰ ਨਜਰ ਅਣਦਾਜ ਕਰਨਾ ਗਲਤ ਹੋਵੇਗਾ। ਫਿਰ ਵੀ ਪੰਜਾਬ ਤੇ ਪੰਜਾਬ ਦੇ ਲੋਕਾਂ ਦੇ ਲਈ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ ।ਕਿਉਂਕਿ ਪੰਜਾਬ ਦੇ ਇੱਕ ਵੱਡੇ ਇਕੱਠ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਅੱਡਿਆਂ ਭਾਰ ਹੋ ਕੇ ਜੋਰ ਲਗਾਇਆ ਸੀ ਅਤੇ ਇਕ ਇਤਿਹਾਸਕ ਜਿੱਤ ਦਵਾਈ ਸੀ । ਕਿਸਾਨ, ਮਜਦੂਰ, ਮੁਲਾਜ਼ਮ ਆਦਿ ਸਭ ਇਸ ਇਕੱਠ ਦਾ ਹਿੱਸਾ ਸਨ। ਇਹ ਵੀ ਯਾਦ ਰਖਣਾ ਬਹੁਤ ਜਰੂਰੀ ਹੈ ਕਿ ਸਮਾਂ ਆਪਣੀ ਰਫਤਾਰ ਨਾਲ ਦੋੜੀ ਜਾ ਰਿਹਾ ਹੈ। ਇਸ ਲੇਖ ਲਿਖਣ ਦਾ ਮਕਸਦ ਸਰਕਾਰ ਨੂੰ ਪੰਜਾਬ ਦੇ ਲੋਕਾਂ ਦੇ ਹਲਾਤਾਂ ਤੇ ਲੋਕਾਂ ਦੀਆਂ

# ਗੁਰਦੁਵਾਰਾ ਸੁਧਾਰ ਲਹਿਰ ਦੇ ਮੋਢੀ ਸ੍ਰ. ਖੜਕ ਸਿੰਘ

ਗੁਰਦੁਵਾਰਾ ਸੁਧਾਰ ਲਹਿਰ ਦੇ ਮੋਢੀ ਆਜਾਦੀ ਘੁਲਾਟੀਏ ਸਰਦਾਰ ਖੜਕ ਸਿੰਘ ਦਾ ਜਨਮ 6 ਜੂਨ 1867 ਨੂੰ ਸਿਆਲਕੋਟ (ਪਾਕਿ.)ਵਿਚ ਰਾਇ ਬਹਾਦਰ ਹਰੀ ਸਿੰਘ ਅਹਲੂਵਾਲੀਆ ਦੇ ਘਰ ਹੋਇਆ।ਆਪਦੇ ਪਿਤਾ ਸਰਕਾਰੀ ਮੁਲਾਜਮ ਸਨ।

ਇਹਨਾਂ ਨੇ ਮੁੱਡਲੀ ਵਿੱਦਿਆ ਅਤੇ ਦਸਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਗੌਰਮਿੰਟ ਕਾਲਜ ਲਾਹੌਰ ਵਿਖੇ ਦਾਖਲਾ ਲੈ ਲਿਆ।ਉੱਥੇ ਆਪ ਨੇ ਬੀ. ਏ ਪਾਸ ਕੀਤੀ। ਲਾਅ ਦੀ ਸਟੱਡੀ ਕਰਨ ਲਈ ਅਲਾਹਾਬਾਦ ਚਲੇ ਗਏ। ਪਿਛੋਂ ਪਿਤਾ ਦਾ ਦਿਹਾਂਤ ਹੋ ਗਿਆ ਫਿਰ ਵਾਪਸ ਸਿਆਲਕੋਟ ਆ ਕੇ ਘਰੇਲੂ ਜਿੰਮੇਵਾਰੀਆਂ ਸੰਭਾਲ ਲਈਆਂ।

13 ਅਪਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਦਾ ਸਾਕਾ ਤੇ ਪੰਜਾਬ ਵਿਚ ਮਾਰਸ਼ਲ ਲਾ ਹੋਇਆ ਜਿਸ ਨੇ ਸਾਰੇ ਦੇਸ਼ ਵਿਚ ਅਕਾਲੀ ਲਹਿਲ ਨੂੰ ਤੇਜ ਕਰ ਦਿੱਤਾ।

ਦਸੰਬਰ 1919 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਚ ਹੋਇਆ ਜਿਸ ਵਿਚ ਮਹਾਤਮਾਂ ਗਾਂਧੀ ਤੇ ਲੋਕ ਮਾਨੀਯ ਤਿਲਕ ਸ਼ਾਮਲ ਹੋਏ ਉਸ ਦਾ ਅਸਰ ਵੀ ਪੰਜਾਬ ਦੇ ਸਿੱਖਾ ਉੱਪਰ ਪਿਆ ਇਸ ਦੇ ਨਾਲ ਹੀ ਗੁਰਦੁਵਾਰਾ ਸੁਧਾਰ ਲਹਿਰ ਸ਼ੁਰੂ ਹੋਈ।ਆਪ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਤੇ ਆਜਾਦੀ ਦੀ ਲਹਿਰ ਵਿਚ ਸ਼ਾਮਲ ਹੋ ਗਏ ਸਨ।

ਜੱਥੇਦਾਰ ਤੇਜਾ ਸਿੰਘ ਭੁਚਰ ਦੇ ਇਕ ਆਰਡਰ ਜਾਰੀ ਕਰਨ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ 15 ਨਵੰਬਰ 1920 ਨੂੰ
ਸ੍ਰੀ ਅਕਾਲ ਤਖਤ ਸਾਹਿਬ ਤੇ ਸਿੰਘ ਸਭਾਵਾਂ ਪੰਥਕ ਜੱਥਿਆਂ ਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਤੀਨਿਧਾ ਦਾ ਇਕ ਇਕੱਠ ਹੋਇਆ ਜਿਸ ਵਿਚ ਗੁਰਦੁਵਾਰਿਆਂ ਦੇ ਪ੍ਰਬੰਧ ਤੇ ਸੁਧਾਰ ਲਹਿਰ ਨੂੰ ਜੱਥੇਬੰਦਕ ਤੌਰ ਤੇ ਚਲਾਉਣ ਲਈ 175 ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦਾ ਨਾਮ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ ਉਸ ਦੇ ਪ੍ਰਧਾਨ ਸ੍ਰ. ਖੜਕ ਸਿੰਘ ਚੁਣੇ ਗਏ।

20 ਫਰਵਰੀ 1921 ਨੂੰ ਸ੍ਰੀ. ਨਨਕਾਣਾ ਸਾਹਿਬ ਦਾ ਸਾਕਾ ਹੋਇਆ ਇਸ ਨਾਲ ਸਾਰੇ ਸਿੱਖ ਪੰਥ ਵਿਚ ਜੋਸ਼ ਤੇ ਕੁਰਬਾਨੀ ਦੀ ਲਹਿਰ ਪੈਦਾ ਹੋ ਗਈ ਤਾਂ ਉਸ ਵਕਤ ਸ੍ਰ. ਖੜਕ ਸਿੰਘ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ।

7 ਨਵੰਬਰ 1921 ਨੂੰ ਅੰਮ੍ਰਿਤਸਰ ਦੇ ਡੀ. ਸੀ ਨੇ ਲਾਲਾ ਅਮਰਨਾਥ ਮਜਿਸਟਰੇਟ ਨੂੰ ਭੇਜ ਕੇ ਸ੍ਰ. ਸੁੰਦਰ ਸਿੰਘ ਰਾਮਗੜੀਆ ਕੋਲੋਂ ਦਰਬਾਰ ਸਾਹਿਬ ਦੀਆਂ ਚਾਬੀਆ ਲੈ ਲਈਆਂ। ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕੀਤਾ ਸੀ ਕੇ ਦਰਬਾਰ ਸਾਹਿਬ ਦੀਆਂ ਚਾਬੀਆਂ ਤੇ ਖਜਾਨੇ ਦਾ ਕੰਟਰੋਲ ਸ੍ਰ. ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਕੋਲ ਹੋਣਾ ਚਾਹੀਦਾ ਹੈ ਪਰ ਸਰਕਾਰ ਨੇ ਇਹ ਬਹਾਨਾ ਘੜ ਕੇ ਲੈ ਲਈਆਂ ਕੇ ਸ਼੍ਰੋਮਣੀ ਕਮੇਟੀ ਕੰਨੂਨੀ ਤੌਰ ਤੇ ਜਾਇਜ ਨਹੀਂ ਹੈ।ਸਰਕਾਰ ਦੇ ਚਾਬੀਆਂ ਲੈਣ ਵਿਰੁਧ ਜਬਰਦਸਤ ਅੰਦੋਲਨ ਸ਼ੁਰੂ ਹੋਇਆ। 17 ਜਨਵਰੀ 1922 ਨੂੰ ਸਰਕਾਰ ਨੇ ਦਫਾ 144 ਲਗਾ ਕੇ ਸ੍ਰ. ਖੜਕ ਸਿੰਘ,ਸ੍ਰ. ਮਹਿਤਾਬ ਸਿੰਘ ਅਤੇ ਹੋਰ ਕਈ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ।

ਮਜਿਸਟਰੇਟ ਨੇ ਸ੍ਰ. ਖੜਕ ਸਿੰਘ ਅਤੇ ਸ੍ਰ.ਮਹਿਤਾਬ ਸਿੰਘ ਨੂੰ ਛੇ ਮਹੀਨੇ ਦੀ ਕੈਦ ਅਤੇ 1000 ਰੁਪਏ ਸਜਾ ਸੁਣਾਈ।ਸੈਕੜੇ ਸਿੰਘ ਗ੍ਰਿਫਤਾਰ ਕੀਤੇ ਗਏ ਅਖੀਰ ਸਰਕਾਰ ਨੇ ਆਪਣੀ ਗਲਤੀ ਮੰਨ ਕੇ ਸਾਰੇ ਰਿਹਾਅ ਕਰ ਦਿੱਤੇ।

19 ਜਨਵਰੀ 1922 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਇਕ ਨੁਮਾਇਦੇ ਨੂੰ ਚਾਬੀਆਂ ਦੇ ਕੇ ਭੇਜਿਆ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸ੍ਰ. ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਚਾਬੀਆਂ ਪੇਸ਼ ਕੀਤੀਆਂ।ਆਪ ਨੇ ਸੰਗਤਾਂ ਨੂੰ ਪੁਛਿਆ ਕੀ ਮੈਨੂੰ ਇਹ ਚਾਬੀਆਂ ਲੈਣ ਦੀ ਆਗਿਆ ਹੈ ? ਸੰਗਤਾਂ ਨੇ ਪ੍ਰਵਾਨਗੀ ਦਿੱਤੀ ਸ੍ਰ. ਖੜਕ ਸਿੰਘ ਨੇ ਚਾਬੀਆਂ ਫੜ ਲਈਆਂ।ਇਸ ਤਰਾਂ ਚਾਬੀਆਂ ਦਾ ਮੋਰਚਾ ਬੜੀ ਸ਼ਾਨ ਨਾਲ ਸਫਲ ਹੋਇਆ।ਇਸ ਮੌਕੇ ਗਾਂਧੀ ਨੇ ਸ੍ਰ.ਖੜਕ ਸਿੰਘ ਨੂੰ ਵਧਾਈ ਦਿੰਦੇ ਹੋਏ ਲਿਖਿਆ ਇਹ ਦੇਸ ਦੀ ਆਜਾਦੀ ਦੀ ਪਹਿਲੀ ਫੈਂਸਲਾ ਕੁਨ ਜੰਗ ਵਿਚ ਸਫਲਤਾ ਮਿਲੀ ਹੈ।

1922 ਵਿਚ ਸ੍ਰ. ਖੜਕ ਸਿੰਘ ਨੇ ਕ੍ਰਿਪਾਨਾਂ ਬਣਾਉਣ ਦਾ ਕਾਰਖਾਨਾ ਲਗਾਇਆ ਜਿਸ ਨੂੰ ਸਰਕਾਰ ਨੇ ਜਬਤ ਕਰ ਲਿਆ ਉਸ ਨਾਲ ਆਪਦਾ ਬਹੁਤ ਭਾਰੀ ਮਾਲੀ ਨੁਕਸਾਨ ਹੋਇਆ।

ਸਰਕਾਰ ਨੇ ਅੰਗਰੇਜੀ ਰਾਜ ਵਿਰੁਧ ਰਾਜਸੀ ਤਕਰੀਰਾਂ ਕਰਨ ਦੇ ਦੋਸ਼ ਹੇਠ ਆਪ ਜੀ ਨੂੰ ਗ੍ਰਿਫਤਾਰ ਕਰ ਲਿਆ।ਦਫਾ 121-24 ਲਗਾ ਕੇ ਮੁਕੱਦਮਾ ਚਲਾ ਦਿੱਤਾ ਆਪ ਨੂੰ ਤਿੰਨ ਸਾਲ ਦੀ ਸਜਾ ਸੁਣਾ ਗਈ।

4 ਅਪਰੈਲ 1922 ਨੂੰ ਇਹ ਸਜਾ ਸ਼ੁਰੂ ਹੋਈ। ਸ੍ਰ.ਖੜਕ ਸਿੰਘ ਡੇਰਾ ਗਾਜੀ ਖਾਨ ਜੇਲ ਵਿਚ ਸਨ।ਇਸ ਜੇਲ੍ਹ ਵਿਚ ਸਿੱਖਾਂ ਨੂੰ ਦਸਤਾਰ ਪਹਿਨਣ ਦੀ ਇਜਾਜਤ ਸੀ ਪਰ 22 ਜਨਵਰੀ 1923 ਦੇ ਦਿਨ ਜੇਲ੍ਹ ਸੁਪਰਡੈਂਟ ਨੇ ਜਬਰੀ ਸਿੱਖਾਂ ਦੀਆਂ ਦਸਤਾਰਾਂ ਲੁਹਾ ਦਿੱਤੀਆਂ ਜਦ ਸ੍ਰ. ਖੜਕ ਸਿੰਘ ਦੀ ਦਸਤਾਰ ਖੋਹੀ ਗਈ ਉਸ ਨੇ ਕਛਿਹਰੇ ਨੂੰ ਛੱਡ ਕੇ ਆਪਣੇ ਕਪੜੇ ਉਤਾਰ ਕੇ ਜੇਲ੍ਹ ਸੁਪਰਡੈਂਟ ਨੂੰ ਫੜਾ ਦਿੱਤੇ ਇਸ ਤਰਾਂ ਤੇਰ੍ਹਾਂ ਹੋਰ ਸਿੱਖ ਕੈਦੀਆਂ ਨੇ ਵੀ ਕਪੜੇ ਲਾਹ ਕੇ ਫੜਾ ਦਿੱਤੇ।ਇਹਨਾਂ ਨੇ ਕਿਹਾ ਉਸ ਸਮੇ ਕਪੜੇ ਪਾਵਾਂਗੇ ਜਦ ਦਸਤਾਰਾਂ ਮਿਲਣਗੀਆਂ। ਜੇਲ੍ਹ ਅੰਦਰ ਕਛਿਹਰੇ ਵਿਚ ਰਹਿਣ ਕਰਕੇ ਇਹਨਾਂ ਦੀ ਸਜਾ ਤਿੰਨ ਵਾਰ ਹੋਰ ਵਧਾਈ ਗਈ ਪਹਿਲੀ ਵਾਰ ਨੌ ਮਹੀਨੇ ਦੂਜੀ ਵਾਰ ਪੰਜ ਮਹੀਨੇ ਅਤੇ ਤੀਜੀ ਵਾਰ ਛੇ ਮਹੀਨੇ ਵਧਾ ਦਿੱਤੀ ਗਈ।ਫਿਰ ਇਹ ਪੰਜ ਸਾਲ ਦੀ ਸਜਾ ਕੱਟ ਕੇ ਕਛਿਹਰੇ ਵਿਚ ਹੀ 4 ਜੂਨ 1927 ਨੂੰ ਰਿਹਾ ਹੋਏ। ਪੰਜਾਬ ਕੌਂਸਲ ਵਿਚ ਗੁਰਦੁਵਾਰਾ ਐਕਟ ਪਾਸ ਹੋਣ ਤੇ 1 ਨਵੰਬਰ 1925 ਨੂੰ ਗੁਰਦੁਵਾਰਾ ਐਕਟ ਦੀ ਵਰਤੋਂ ਸ਼ੁਰੂ ਹੋਈ। 19 ਜੂਨ 1926 ਨੂੰ ਗੁਰਦੁਵਾਰਾ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਚੋਣ ਹੋਈ ਜਿਸ ਵਿਚ ਦੋ ਪਾਰਟੀਆਂ ਬਣ ਗਈਆਂ।ਇਕ ਸ੍ਰ. ਮਹਿਤਾਬ ਸਿੰਘ ਦੀ ਪਾਰਟੀ ਦੂਜੀ ਮਾਸਟਰ ਤਾਰਾ ਸਿੰਘ ਦੀ ਅਕਾਲੀ ਪਾਰਟੀ 2 ਅਕਤੂਬਰ 1926 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਹੋਈ ਜਿਸ ਵਿਚ ਸ੍ਰ. ਖੜਕ ਸਿੰਘ ਨੂੰ ਜੇਲ੍ਹ ਵਿਚ ਬੈਠਿਆਂ ਹੀ ਪ੍ਰਧਾਨ ਚੁਣ ਲਿਆ।ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। 1947 ਦੀ ਵੰਡ ਬਾਅਦ ਸ੍ਰ. ਖੜਕ ਸਿੰਘ ਜੀ ਪਰਿਵਾਰ ਸਮੇਤ ਦਿੱਲੀ ਵਿਚ ਆ ਵਸੇ ਉਹਨਾਂ ਨੂੰ ਪਾਕਿਸਤਾਨ ਵਿਚ ਰਹਿ ਗਈ ਜਾਇਦਾਦ ਦਾ ਕਲੇਮ ਮਿਲ ਗਿਆ ਸੀ।ਅਲੀਪੁਰ ਰੋਡ ਦਿੱਲੀ ਦੀ ਇਕ ਕੋਠੀ ਵਿਚ ਨਿਵਾਸ ਕਰਦੇ ਸਨ।ਸਿੱਖੀ ਸਿਦਕ ਭਰੋਸੇ ਦੇਸ਼ ਭਗਤੀ ਦਾ ਸ਼ਾਨਦਾਰ ਜੀਵਨ ਬਤੀਤ ਕਰਦੇ ਹੋਏ 6 ਅਕਤੂਬਰ 1963 ਨੂੰ ਦਿੱਲੀ ਵਿਚ ਹੀ ਗੁਰੂ ਚਰਨਾ ਵਿਚ ਜਾ ਬਿਰਾਜੇ ਸਨ।

ਸਮਾਪਤ

**ਸੁਖਵਿੰਦਰ ਸਿੰਘ ਮੁੱਲਾਂਪੁਰ**
**. 9914184794**

# “ਬਾਕੀ ਦੇ ਕੰਮ ਬਾਅਦ ’ਚ ਪਹਿਲਾਂ ਸਿਹਤ ਜ਼ਰੂਰੀ ਆ”

## ਮਸਾਜ ਕਰਵਾਉਣ ਨਾਲ ਵੀ ਬਹੁਤ ਸਾਰੇ ਰੋਗਾਂ ਤੋਂ ਮਿਲਦੈ ਛੁਟਕਾਰਾ

ਜੇਕਰ ਅੱਜ ਦਾ ਇਨਸਾਨ ਬਿਲਕੁਲ ਤੰਦਰੁਸਤ ਹੈ,ਤਾਂ ਫਿਰ ਓਹਦੇ ਵਰਗਾ ਕੋਈ ਰਾਜਾ ਨਹੀਂ।ਆਮ ਕਹਾਵਤ ਵੀ ਹੈ ਕਿ ਪਹਿਲਾਂ ਸਿਹਤ ਜਰੂਰੀ ਆ। ਵੈਸੇ ਅੱਜ ਦੇ ਹਾਲਾਤਾਂ ਵੱਲ ਗਹੁ ਨਾਲ ਤੱਕੀਏ ਤਾਂ ਹਰ ਘਰ ਵਿੱਚ ਹੀ ਕੋਈ ਨਾ ਕੋਈ ਘਰ ਦਾ ਜੀਅ ਬੀਮਾਰੀ ਵਿਚ ਗ੍ਰਿਸਤ ਹੈ,ਇਸ ਦਾ ਮੁੱਖ ਕਾਰਨ ਮਿਲਾਵਟੀ ਪਦਾਰਥ ਹਨ,ਜੋ ਆਪਾਂ ਹਰ ਰੋਜ ਸੇਵਨ ਕਰਦੇ ਹਾਂ ਭਾਵ ਖਾਂਦੇ ਪੀਂਦੇ ਹਾਂ।

ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਪਹਿਲੇ ਸਮਿਆਂ ਵਿੱਚ ਸਾਡੇ ਵੱਡ ਵਡੇਰਿਆਂ ਨੂੰ ਕਦੇ ਵੀ ਕਿਸੇ ਕਿਸਮ ਦੀ ਕੋਈ ਬੀਮਾਰੀ ਹੀ ਨਹੀਂ ਲੱਗਦੀ ਸੀ, ਕਿਉਂਕਿ ਸੁੱਧ ਖਾਲਸ ਚੀਜਾਂ ਖਾਣੀਆਂ, ਸੁੱਧ ਘਰ ਦਾ ਦੁੱਧ ਪੀਣਾ ਤਾਂ ਕੋਈ ਕਿਸੇ ਕਿਸਮ ਦੀ ਬੀਮਾਰੀ ਨੇੜੇ ਵੀ ਨਹੀਂ ਸੀ ਆਉਂਦੀ। ਅਜੋਕੇ ਸਮਿਆਂ ਵਿੱਚ ਵੀ ਪੁਰਾਣੇ ਬਜੁਰਗਾਂ ਨੂੰ ਓਹਨਾਂ ਦੀ ਤੰਦਰੁਸਤੀ ਵੇਖ ਆਪ ਮੁਹਾਰੇ ਹੀ ਇਹ ਸਬਦ ਮੂੰਹ ਚੋਂ ਨਿਕਲਦੇ ਹਨ ਕਿ ਬਾਪੂ ਹੋਰਾਂ ਨੇ ਤਾਂ ਪੁਰਾਣੀਆਂ ਖੁਰਾਕਾਂ ਖਾਧੀਆਂ ਨੇ ਜੋ ਅੱਜ ਵੀ ਕੰਮ ਦਿੰਦੀਆਂ ਹਨ। ਬਿਲਕੁਲ ਇਹ ਸਚਾਈ ਹੈ, ਓਹਨਾਂ ਸਮਿਆਂ ਵਿੱਚ ਹੱਥੀਂ ਕੰਮ ਕਰਨ ਨਾਲ ਪੈਦਲ ਤੁਰਨ ਨਾਲ ਵਰਜਿਸ ਕਰਨ ਭਾਵ ਮੁਧਕਰ ਚੱਕਣ ਨਾਲ ਜਾਂ ਘੋਲ ਘੁਲਣ ਨਾਲ ਕੋਈ ਕਿਸੇ ਵੀ ਕਿਸਮ ਦੀ ਬੀਮਾਰੀ ਨੇੜੇ ਨਹੀਂ ਸੀ ਆਉਂਦੀ। ਅੱਜ ਦੀ ਨੌਜਵਾਨ ਪੀੜ੍ਹੀ ਇਨ੍ਹਾਂ ਸਾਰੀਆਂ ਗੱਲਾਂ ਤੋਂ ਅਣਭਿੱਜ ਹੈ।

ਅੱਜ ਦੇ ਜਮਾਨੇ ਵਿੱਚ ਸੂਗਰ, ਬਲੱਡ ਵੱਧਣਾ/ਘਟਣਾ ਆਮ ਆਦਮੀ ਨੂੰ ਹੋ ਜਾਂਦਾ ਹੈ, ਫਿਰ ਪਹਿਲੇ ਸਮਿਆਂ ਵਿੱਚ ਇਸ ਦੀ ਨਾਰਮਲ ਕੋਈ ਗੋਲੀ ਜਾ ਦੁਸਾਂਦਾ ਬਣਾ ਕੇ ਪੁਰਾਣੀਆਂ ਬੀਬੀਆਂ ਨੇ ਘਰ ਵਿੱਚ ਰੱਖ ਲੈਣਾ ਤੇ ਓਸੇ ਨਾਲ ਹੀ ਆਰਾਮ ਆ ਜਾਇਆ ਕਰਦਾ ਸੀ।ਪਰ ਅੱਜ ਕਿਸੇ ਕਿਸਮ ਦੀ ਕੋਈ ਬੀਮਾਰੀ ਹੋਵੇ ਤਾਂ ਕੰਮ ਟੈਸਟਾਂ ਤੋਂ ਸੁਰੂ ਹੁੰਦਾ ਹੈ, ਤੇ ਟੈਸਟਾਂ ਤੇ ਹੀ ਹਜਾਰਾਂ ਰੁਪਏ ਲੱਗ ਜਾਂਦੇ ਨੇ,ਦਵਾਈ ਤਾਂ ਬਾਅਦ ਦੀ ਗੱਲ ਹੈ।

ਪਰ ਬਹੁਤ ਸਸਤੇ ਅਤੇ ਘਰੇਲੂ ਇਲਾਜ ਵੀ ਬਹੁਤ ਨੇ ਪਰ ਇਧਰ ਕੋਈ ਝਾਕਦਾ ਈ ਨਹੀਂ।ਮਸਾਜ ਭਾਵ ਮਾਲਿਸ ਕਰਨ ਨਾਲ ਬਹੁਤ ਸਾਰੀਆਂ ਬੀਮਾਰੀਆਂ ਦਾ ਇਲਾਜ ਸੰਭਵ ਹੈ,ਇਹ ਪ੍ਰਤੱਖ ਹੋ ਵੀ ਰਿਹਾ ਹੈ ਅਤੇ ਲੋਕ ਦੂਰੋਂ



ਦੂਰੋਂ ਜੱਜ ਮਸਹੂਰ ਮਸਾਜਰ ਸ੍ਰੀ ਮੁਕਤਸਰ ਸਾਹਿਬ ਵਾਲੇ ਕੋਲ ਆ ਵੀ ਰਹੇ ਹਨ ਤੇ ਠੀਕ ਵੀ ਹੋ ਰਹੇ ਹਨ।

ਜੱਜ ਮਸਹੂਰ ਮਸਾਜਰ ਸ੍ਰੀ ਮੁਕਤਸਰ ਸਾਹਿਬ ਨੇ ਇਹ ਗੁਰ ਕੇਰਲਾ ਤੋਂ ਸਿੱਖਿਆ ਹੈ। ਅੱਜ ਜੱਜ ਮਸਹੂਰ ਮਸਾਜਰ ਨੂੰ ਮਿਲਣ ਦਾ ਦਾਸ ਨੂੰ ਸਮਾਂ ਮਿਲਿਆ ਤੇ ਉਸ ਨੇ ਦੱਸਿਆ ਕਿ ਅਧਰੰਗ,ਲਕਵਾ,ਗਠੀਆ,ਸਰੀਰ ਵਿੱਚ ਦਰਦ, ਡਿਪਰੈਸਨ, ਇਥੋਂ ਤੱਕ ਕਿ ਪਹਿਲੀ ਸਟੇਜ ਦੀ ਨਾਮੁਰਾਦ ਬੀਮਾਰੀ ਕੈਂਸਰ ਤੋਂ ਵੀ ਮੇਰੇ ਮਸਾਜ ਕਰਨ ਨਾਲ ਲੋਕਾਂ ਨੂੰ ਰਾਹਤ ਮਿਲ ਚੁੱਕੀ ਹੈ। ਮੈਂ ਤਾਂ ਕੁੱਝ ਵੀ ਨਹੀਂ ਇਹ ਓਸ ਅਕਾਲਪੁਰਖ ਦੀ ਕ੍ਰਿਪਾ ਨਾਲ ਹੀ ਹੋ ਰਿਹਾ ਹੈ।ਖ਼ੂਨ ਦੇ ਸਰਕਲ, ਨਾੜਾਂ ਬਲੌਕ ਹੋਣੀਆਂ, ਨਾਮਰਦੀ, ਇਥੋਂ ਤੱਕ ਕਿ ਔਰਤਾਂ ਨੂੰ ਬੱਚਾ ਨਾ ਹੋਣ ਦੀ ਸੰਭਾਵਨਾ ਵੀ ਅਕਾਲਪੁਰਖ ਦੀ ਰਹਿਮਤ ਨਾਲ ਮੇਰੇ ਵੱਲੋਂ ਕੀਤੇ ਮਸਾਜ ਭਾਵ ਮਾਲਿਸ ਨਾਲ ਸੰਭਵ ਹੋਈ ਹੈ।ਬੱਤੀ ਸਾਲਾ ਜੱਜ ਮਸਾਜਰ ਨੇ ਅੱਗੇ ਗੱਲ ਕਰਦਿਆਂ ਦੱਸਿਆ ਕਿ ਮੇਰੇ ਤੋਂ ਹੁਣ ਤੱਕ ਮਸਹੂਰ ਗਾਇਕ ਭੋਲਾ ਯਮਲਾ ਜੀ,ਬਾਬਾ ਗਰੀਬਦਾਸ ਜੀ ਕੋਟਕਪੂਰਾ ਵਾਲੇ, ਕਸਮੀਰ ਸਿੰਘ ਸੰਘਾ, ਕੁਲਦੀਪ ਮਾਣਕ ਦੇ ਪੁੱਤਰ ਯੁੱਧਵੀਰ ਮਾਣਕ, ਓਹਨਾਂ ਦੇ ਮਾਤਾ ਸਰਬਜੀਤ ਕੌਰ, ਕਾਂਸੀ ਰਾਮ ਚੰਨ, ਕਮੇਡੀ ਕਲਾਕਾਰ ਘੁੱਲੇ ਸਾਹ,ਚਾਚਾ ਬਿਸਨਾ ਐਂਡ ਪਾਰਟੀ,ਕਿਲੀ ਵਾਲੇ ਬਾਬਾ ਬ੍ਰਹਮ ਦਾਸ ਜੀ, ਬਲਕਾਰ ਅਣਖੀਲਾ ਗਾਇਕ ਹੋਰਾਂ ਦੀ ਦਾਸ ਨੇ ਮਸਾਜ ਭਾਵ ਮਾਲਿਸ ਕੀਤੀ ਹੈ,ਓਸ ਵਾਹਿਗੁਰੂ ਜੀ ਦੀ ਰਹਿਮਤ ਨਾਲ ਵਧੀਆ ਰਿਜਲਟ ਰਿਹਾ ਅਤੇ ਸਤਿਕਾਰ ਵੀ ਮਿਲਿਆ ਹੈ।ਪਾਲੀ ਦੇਤਵਾਲੀਆ ਜੀ ਨੂੰ ਦਾਸ ਮਿਲ ਚੁੱਕਿਆ ਹੈ।ਇਸੇ ਤਰ੍ਹਾਂ ਅੱਗੇ ਗੱਲ ਕਰਦਿਆਂ ਜੱਜ ਮਸਹੂਰ ਮਸਾਜਰ ਨੇ ਦੱਸਿਆ ਕਿ ਮੇਰੇ ਕੋਲ ਕਰੀਬ ਅੱਸੀ ਕਿਸਮ ਦੀਆਂ ਬੂਟੀਆਂ ਤੋਂ ਬਣਿਆਂ ਹੋਇਆ ਤੇਲ ਜੋ ਹਰ ਕਿਸਮ ਦੇ ਦਰਦਾਂ ਨੂੰ ਆਰਾਮ ਪਚਾਉਂਦਾ ਹੈ,ਹਰ ਸਮੇਂ ਮੌਜੂਦ ਰਹਿੰਦਾ ਹੈ ਤੇ ਲੋਕ ਆਪ ਵੀ ਤੇ ਡਾਕ ਰਾਹੀਂ ਵੀ ਮੰਗਵਾਉਂਦੇ ਹਨ,ਜੱਜ ਨੇ ਦੱਸਿਆ ਕਿ ਇਹ ਦੇਸੀ ਜੜੀ ਬੂਟੀਆਂ ਆਪਣੇ ਆਲੇ ਦੁਆਲੇ ਖੇਤਾਂ ਵਿਚੋਂ ਹੀ ਮਿਲਦੀਆਂ ਹਨ,ਜੋ ਕਿ ਅਤਿਅੰਤ ਲਾਭਦਾਇਕ ਹੁੰਦੀਆਂ ਹਨ,ਪਰ ਆਪਾਂ ਡਾਕਟਰਾਂ ਕੋਲ ਜਾਣ ਨੂੰ ਹੀ ਤਰਜੀਹ ਦਿੰਦੇ ਹਾਂ। ਅੰਗਰੇਜੀ ਦਵਾਈਆਂ ਨਾਲ ਆਰਾਮ ਘੱਟ ਤੇ ਨੁਕਸਾਨ ਜਿ?ਆਦਾ ਹੁੰਦਾ ਹੈ ਪਰ ਆਪਣੀ ਇਹ ਆਦਤ ਬਣ ਚੁੱਕੀ ਹੈ ਕਿ ਸੱਭ ਤੋਂ ਪਹਿਲਾਂ ਡਾਕਟਰ ਕੋਲ ਹੀ ਭੱਜਦੇ ਹਾਂ। ਤਿੰਨ ਬੱਚਿਆਂ ਦਾ ਬਾਪ ਹੈ ਜੱਜ ਆਪਣੀ ਮਾਂ ਅਤੇ ਪਰਿਵਾਰ ਨਾਲ ਸ੍ਰੀ ਮੁਕਤਸਰ ਸਾਹਿਬ ਦੇ ਬੂੜਾ ਗੁੱਜਰ ਰੋਡ ਨੇੜੇ ਬਾਲਾ ਜੀ ਮੰਦਰ ਕੋਲ ਰਹਿੰਦਾ ਹੈ ਜੱਜ ਮਸਹੂਰ ਮਸਾਜਰ ਤੇ ਮੋਬਾਇਲ ਨੰਬਰ 80593-00871 ਹੈ। ਕਿਸੇ ਵੀ ਸਮੇਂ ਉਸ ਨਾਲ ਸੰਪਰਕ ਕਰਕੇ ਓਹਦੇ ਇਸ ਤਜਰਬੇ ਦਾ ਬਹੁਤ ਘੱਟ ਪੈਸਿਆਂ ਤੇ ਲਾਭ ਲਿਆ ਜਾ ਸਕਦਾ ਹੈ।

ਕੇਰਲਾ ਥਰੈਪੀ ਪੰਚ ਕਰਮਾ ਤੇ ਨੈਚਰਲ ਥਰੈਪੀ ਨਾਲ ਤੇ ਮਿੱਟੀ ਮਸਾਜ ਨਾਲ ਵੀ ਦੁੱਖੀ ਮਰੀਜਾਂ ਨੂੰ ਹੁਣ ਤੱਕ ਆਰਾਮ ਆ ਚੁੱਕਾ ਹੈ।ਜੱਜ ਦਾ ਕਹਿਣਾ ਹੈ ਕਿ ਮਹੀਨੇ ਵਿੱਚ ਤਿੰਨ ਜਾਂ ਚਾਰ ਵਾਰ ਮਸਾਜ ਕਰਵਾਉਣ ਨਾਲ ਬੁਢੇਪੇ ਨੂੰ ਇਨਸਾਨ ਥੋੜੀ ਦੇਰ ਪਿਛਾਂਹ ਧੱਕ ਸਕਦਾ ਹੈ ਭਾਵ ਆਪਣੇ ਆਪ ਨੂੰ ਤਰੋ ਤਾਜਾ ਮਹਿਸੂਸ ਕਰਦਾ ਹੈ,ਇਹ ਤਜਰਬਾ ਦਾ ਤਾਂ ਦਾਸ ਨੇ ਵੀ ਉਸ ਤੋਂ ਲਾਹਾ ਲਿਆ ਹੈ। ਪਿੰਡਾਂ ਸਹਿਰਾਂ ਵਾਲੇ ਲੋਕ ਜੋ ਦਰਦਾਂ ਤੋਂ ਆਰਾਮ ਪਾਉਣਾ ਚਾਹੁੰਦੇ ਹਨ ਓਹ ਉਪਰੋਕਤ ਨੰਬਰ ਤੇ ਜੱਜ ਮਸਹੂਰ ਮਸਾਜਰ ਨਾਲ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ।ਜੱਜ ਮਸਹੂਰ ਮਸਾਜਰ ਨੇ ਦੱਸਿਆ ਕਿ ਬਹੁਤ ਸਾਰੇ ਬਿਊਟੀ ਪਾਰਲਰਾਂ ਵਿੱਚ ਵੀ ਇਹ ਧੰਦੇ ਰਾਹੀਂ ਲੁੱਟ ਹੋ ਰਹੀ ਹੈ। ਹਾਂ ਜਿਨ੍ਹਾਂ ਕੋਲ ਸਰੀਰ ਦੇ ਅੰਗਾਂ ਵਿਚਲੇ ਜੋੜਾਂ ਜਾਂ ਪੁਐਂਟਾਂ ਦਾ ਤਜਰਬਾ ਹੈ ਹਮੇਸਾ ਮਸਾਜ ਓਨਾਂ ਤੋਂ ਹੀ ਕਰਵਾਉਣੀ ਚਾਹੀਦੀ ਹੈ, ਅਣਜਾਣ ਤੋਂ ਕਰਵਾਉਣ ਨਾਲ ਕਈ ਵਾਰ ਫਾਇਦੇ ਦੀ ਬਜਾਏ ਨੁਕਸਾਨ ਵੀ ਹੋ ਜਾਂਦਾ ਹੈ। ਅਗਰ ਕਿਸੇ ਸੰਸਥਾ ਵੱਲੋਂ ਪਿੰਡਾਂ ਸਹਿਰਾਂ ਜਾਂ ਕਸਬਿਆਂ ਵਿੱਚ ਮਸਾਜ ਕੈਂਪ ਵੀ ਲਵਾਉਣੇ ਹੋਣ ਤਾਂ ਵੀ ਜੱਜ ਮਸਹੂਰ ਮਸਾਜਰ ਦਾ ਲਾਭ ਉਠਾ ਸਕਦੇ ਹੋਂ। ਜੈਤੂਨ ਦੇ ਬਹੁਤ ਹੀ ਗੁਣਕਾਰੀ ਤੇਲ ਨਾਲ ਮਾਲਸ (ਮਸਾਜ)ਕਰਦਾ ਹੈ ਜੱਜ।ਇਸ ਤੋਂ ਇਲਾਵਾ ਕਿਸੇ ਕਿਸਮ ਦਾ ਡਿਗਣ ਨਾਲ ਮਣਕਾ ਉਤਾਂਹ ਠਾਂਹ ਹੋ ਜਾਣਾ ਵੀ ਮਿੰਟਾਂ ਵਿੱਚ ਟੋਹ ਕੇ ਦੱਸ ਦਿੰਦਾ ਹੈ ਜੱਜ ਮਸਹੂਰ ਮਸਾਜਰ।ਭਾਵ ਓਸ ਵਾਹਿਗੁਰੂ ਜੀ ਦੀ ਰਹਿਮਤ ਨਾਲ ਹੁਣ ਤਕ ਸੈਂਕੜੇ ਮਰੀਜ ਅਤੇ ਮੰਦ ਬੁੱਧੀ ਬੱਚਿਆਂ ਨੂੰ ਠੀਕ ਕਰ ਚੁੱਕਾ ਹੈ ਜੱਜ ਮਸਹੂਰ ਮਸਾਜਰ।ਆਓ ਘੱਟ ਪੈਸਿਆਂ ਵਿੱਚ ਆਰਾਮ ਕਰਵਾਉਣ ਲਈ ਅਤੇ ਲੋੜਵੰਦ ਦੀ ਮਦਦ ਲਈ ਅੱਗੇ ਆਉਣ ਨਾਲ,ਇੱਕ ਪੰਥ ਦੋ ਕਾਜ ਹੋ ਜਾਣਗੇ।

**ਜਸਵੀਰ ਸਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

# ਆਓ ਬੱਚਿਆਂ ਨੂੰ ਦੇਈਏ ਸੁਖਾਵਾਂ ਵਾਤਾਵਰਨ

ਮਨੁੱਖ ਦੀ ਜ਼ਿੰਦਗੀ ਉੱਤੇ ਵਾਤਾਵਰਨ ਦਾ ਗਹਿਰਾ ਪ੍ਰਭਾਵ ਪੈਂਦਾ ਹੈ ਇਸਦੀ ਮਿਸਾਲ ਅਸੀਂ ਪਿਛਲੇ ਦੋ ਤਿੰਨ ਸਾਲਾਂ ਤੋਂ ਦੇਖ ਹੀ ਰਹੇ ਹਾਂ ਕੁਦਰਤ ਨਾਲ ਖਿਲਵਾੜ ਦਾ ਨਤੀਜਾ ਹੈ ਜਿਸਦੀ ਸਜਾ ਅੱਜ ਸਾਰਾ ਸੰਸਾਰ ਭੁਗਤ ਰਿਹਾ ਹੈ।

ਜੇ ਗੱਲ ਕਰੀਏ ਵਾਤਾਵਰਨ ਦੀ ਤਾਂ ਵਾਤਾਵਰਨ ਵੀ ਕਈ ਤਰ੍ਹਾਂ ਦਾ ਹੁੰਦਾ ਹੈ ਜੋ ਵੱਖ ਵੱਖ ਤਰੀਕਿਆਂ ਨਾਲ ਸਾਡੀ ਜ਼ਿੰਦਗੀ ਉੱਤੇ ਪ੍ਰਭਾਵ ਪਾਉਂਦਾ ਹੈ ਖਾਸ ਕਰਕੇ ਇਕ ਬੱਚੇ ਦੀ ਜ਼ਿੰਦਗੀ ਉੱਤੇ।

**ਕੁਦਰਤੀ ਵਾਤਾਵਰਨ**

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਅਸੀਂ ਕੁਦਰਤੀ ਵਾਤਾਵਰਨ ਦੀ ਜਿਸ ਦੀ ਅਹਿਮੀਅਤ ਦਾ ਤਾਂ ਸਾਨੂੰ ਪਤਾ ਲੱਗ ਹੀ ਚੁੱਕਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਸਾਰੀ ਕੁਦਰਤ ਨੂੰ ਪਰਮਾਤਮਾ ਦੀ ਆਰਤੀ ਕਰਦੀ ਹੋਈ ਦੱਸ ਕੇ ਵਡਿਆਇਆ ਹੈ।

ਜਪੁਜੀ ਸਾਹਿਬ ਦੇ ਸਲੋਕ ਵਿੱਚ ਵੀ ਗੁਰੂ ਸਾਹਿਬ ਕੁਦਰਤ ਦੀ ਵਡਿਆਈ ਕਰਦੇ ਹਨ:-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।

ਜੂਨ ਦਾ ਮਹੀਨਾ ਆਉਂਦਿਆਂ ਹੀ ਵਾਤਾਵਰਨ ਦੀ ਸੰਭਾਲ ਤੇ ਜੋਰ ਦਿੱਤਾ ਜਾਣ ਲੱਗਦਾ ਹੈ ਥਾਂ ਥਾਂ ਪੌਦੇ ਰੁੱਖ ਲਗਾਏ ਜਾਂਦੇ ਹਨ।ਵਿਦਿਆਰਥੀਆਂ ਦੇ ਸਕੂਲ ਵਿੱਚ ਵੱਖ- ਵੱਖ ਮੁਕਾਬਲੇ ਕਰਵਾਏ ਜਾਂਦੇ ਹਨ ਜਿਵੇਂ ਪੇਂਟਿੰਗ,ਕਾਰਡ ਮੇਕਿੰਗ ਅਤੇ ਪੌਦੇ ਲਗਾਉਣਾ ਆਦਿ।ਵਾਤਾਵਰਨ ਦਿਵਸ ਲੰਘਣ ਤੋਂ ਬਾਅਦ ਇਹ ਚਾਅ ਮੱਠਾ ਪੈ ਜਾਂਦਾ ਹੈ।

ਹੌਲੀ- ਹੌਲੀ ਕਾਰਡ, ਪੇਂਟਿੰਗਾਂ ਧੂੜ ਨਾਲ ਭਰ ਜਾਂਦੀਆਂ ਹਨ ਤੇ ਪੇੜ- ਪੌਦੇ ਸੰਭਾਲ ਦੀ ਥੁੜੋਂ ਮੁਰਝਾ ਕੇ ਸੁੱਕ ਜਾਂਦੇ ਹਨ।ਪੌਦੇ ਲਗਾਉਣ ਨਾਲੋਂ ਉਹਨਾਂ ਦੀ ਸੰਭਾਲ ਦੀ ਵੱਧ ਜਰੂਰਤ ਹੈ ਪੇੜ- ਪੌਦਿਆਂ ਦੇ ਨਾਲ ਹੀ ਸਾਨੂੰ ਪਾਣੀ ਅਤੇ ਹਵਾ ਦੀ ਸੰਭਾਲ ਦੀ ਵੀ ਬੇਹੱਦ ਜਰੂਰਤ ਹੈ।ਜੇਕਰ ਅਸੀਂ ਆਪਣੇ ਬੱਚਿਆਂ ਨੂੰ ਖੂਬਸੂਰਤ ਭਵਿੱਖ ਅਤੇ ਤੰਦਰੁਸਤ ਜੀਵਨ ਦੇਣਾ ਚਾਹੁੰਦੇ ਹਾਂ ਤਾਂ ਉਹਨਾਂ ਨੂੰ ਪੱਥਰ ਦੇ ਘਰਾਂ ਦੀ ਥਾਂ ਹਰਾ ਭਰਾ ਅਤੇ ਸਾਫ ਸੁਥਰਾ ਵਾਤਾਵਰਨ ਦੇਣ ਦੀ ਕੋਸ਼ਿਸ਼ ਕਰਨੀ ਚਾਹੁੰਦੀ ਹੈ।ਕੀ ਫਾਇਦਾ ਉਹਨਾਂ ਨੂੰ ਵੱਡੀਆਂ ਵੱਡੀਆਂ ਕੋਠੀਆਂ, ਗੱਡੀਆਂ ਅਤੇ ਸੁੱਖ ਸਹੂਲਤਾਂ ਦੇਣ ਦਾ ।ਜੇਕਰ ਉਹਨਾਂ ਕੋਲ ਸਾਹ ਲੈਣ ਲਈ ਸਾਫ ਹਵਾ ਤੇ ਪੀਣ ਲਈ ਸੁੱਧ ਪਾਣੀ ਹੀ ਨਾ ਹੋਇਆ। ਜੇ ਅੱਜ ਅਸੀਂ ਨਾ ਸੰਭਲੇ ਤਾਂ ਇਸ ਦਾ ਖਮਿਆਜਾ ਸਾਡੇ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਭੁਗਤਣਗੀਆਂ।

**ਸਮਾਜਿਕ ਵਾਤਾਵਰਨ**

ਕੁਦਰਤੀ ਵਾਤਾਵਰਨ ਦੇ ਨਾਲ ਹੀ ਮਨੁੱਖੀ ਜੀਵਨ ਵਿੱਚ ਸਮਾਜਿਕ ਵਾਤਾਵਰਨ ਵੀ ਅਹਿਮ ਰੋਲ ਅਦਾ ਕਰਦਾ ਹੈ।ਕੁਦਰਤੀ ਵਾਤਾਵਰਨ ਜਿੱਥੇ ਸਾਡੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ ਉਥੇ ਸਮਾਜਿਕ ਵਾਤਾਵਰਨ ਸਾਡੀ ਸੋਚ ਸਾਡੇ ਦਿਮਾਗ ਸਾਡੇ ਮਨ ਉੱਤੇ ਗਹਿਰਾ ਪ੍ਰਭਾਵ ਪਾਉਂਦਾ ਹੈ। ਇੱਕ ਮਨੁੱਖ ਦੇ ਕਿਰਦਾਰ ਦੇ ਪਿੱਛੇ ਉਸਦੇ ਬਚਪਨ ਦੇ ਮਾਹੌਲ ਤੇ ਵਾਤਾਵਰਨ ਦਾ ਗਹਿਰਾ ਅਸਰ ਹੁੰਦਾ ਹੈ। ਬੱਚਾ ਕਿਹੋ ਜਿਹੇ ਮਾਹੌਲ ਵਿਚ ਪਲਦਾ ਤੇ ਵੱਡਾ ਹੁੰਦਾ ਹੈ ਜੋ ਆਪਣੇ ਪਰਿਵਾਰਕ ਵਾਤਾਵਰਨ ਤੋਂ ਉਹ ਜੋ ਸਿੱਖਦਾ ਹੈ ਉਹ ਜੀਵਨ ਭਰ ਉਸ ਦੇ ਨਾਲ ਚਲਦਾ ਹੈ ਇਕ ਬੱਚੇ ਦੁਆਰਾ ਸਿੱਖੀਆਂ ਕਦਰਾਂ ਕੀਮਤਾਂ ਅਤੇ ਸਿਆਣਪ ਦੀਆਂ ਗੱਲਾਂ ਉਸ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਜਾਂਦੀਆਂ ਹਨ ਜਿਹੜੇ ਘਰ ਵਿੱਚ ਬੱਚਿਆਂ ਨੂੰ ਪਿਆਰ ਭਰਪੂਰ ਤੇ ਸੁਖਾਵਾਂ ਮਾਹੌਲ ਪ੍ਰਾਪਤ ਹੁੰਦਾ ਹੈ।ਇਸ ਦੇ ਉਲਟ ਜਿਹੜੇ ਬੱਚਿਆਂ ਦੇ ਮਾਤਾ ਪਿਤਾ ਦਾਦਾ ਦਾਦੀ ਜਾਂ ਹੋਰ ਪਰਿਵਾਰਕ ਮੈਂਬਰ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ ਉਹ ਵਧੇਰੇ ਚਿੜਚਿੜੇ ਤੇ ਖਿਝੂ ਹੋ ਜਾਂਦੇ ਹਨ।ਘਰ ਦੇ ਮਾਹੌਲ ਤੋਂ ਇਲਾਵਾ ਸਕੂਲ ਅਤੇ ਆਂਢ ਗੁਆਂਢ ਦਾ ਵਾਤਾਵਰਨ ਵੀ ਬੱਚੇ ਦੇ ਮਨ ਉੱਤੇ ਗਹਿਰੀ ਛਾਪ ਛੱਡ ਜਾਂਦਾ ਹੈ। ਜੇਕਰ ਬੱਚੇ ਨੂੰ ਸਕੂਲ ਵਿੱਚ ਅਨੁਕੂਲ ਤੇ ਸੁਖਾਵਾਂ ਵਾਤਾਵਰਨ ਨਹੀਂ ਮਿਲਦਾ ਤਾਂ ਉਹ ਪੜ੍ਹਾਈ ਤੋਂ ਦੂਰ ਭੱਜਣ ਲੱਗ ਜਾਂਦਾ ਹੈ।ਸਮਾਜ ਵਿਚ ਪਿਆਰ ਤੇ ਮਿਲਵਰਤਨ ਨਾਲ ਰਹਿਣਾ ਬੱਚਾ ਆਪਣੇ ਘਰ ਤੇ ਫਿਰ ਆਪਣੇ ਆਂਢ ਗੁਆਂਢ ਤੋਂ ਸਿਖਦਾ ਹੈ ਜਿਸ ਬੱਚੇ ਦੇ ਪਰਿਵਾਰ ਦੀਆਂ ਆਪਣੇ ਗੁਆਂਢ ਵਾਲਿਆਂ ਨਾਲ ਮੋਹ ਦੀਆਂ ਤੰਦਾਂ ਮਜਬੂਤ ਹਨ ਉਹ ਬੱਚਾ ਵੀ ਉਸ ਮੋਹ ਦੀਆਂ ਤੰਦਾਂ ਮਜਬੂਤ ਹਨ ਉਹ ਬੱਚਾ ਵੀ ਉਸ ਮੋਹ ਪਿਆਰ ਵਿੱਚ ਬੱਝ ਜਾਂਦਾ ਹੈ। ਅਜਿਹੇ ਵਾਤਾਵਰਨ ਵਿਚ ਪਲਿਆ ਬੱਚਾ ਵੱਡਾ ਹੋ ਕੇ ਵੀ ਉਸ ਮੋਹ ਦਾ ਸਾਥ ਨਹੀਂ ਛੱਡਦਾ।

**ਮਨੁੱਖ ਦਾ ਅੰਦਰੂਨੀ ਵਾਤਾਵਰਨ**

ਮਨੁੱਖੀ ਜ਼ਿੰਦਗੀ ਵਿੱਚ ਕੁਦਰਤੀ ਅਤੇ ਸਮਾਜਿਕ ਵਾਤਾਵਰਨ ਤੋਂ ਬਿਨਾਂ ਇੱਕ ਮਨੁੱਖ ਦਾ ਅੰਦਰੂਨੀ ਵਾਤਾਵਰਨ ਵੀ ਹੁੰਦਾ ਹੈ ਅੰਦਰੂਨੀ ਵਾਤਾਵਰਨ ਦਾ ਉਸਦੀ ਜ਼ਿੰਦਗੀ ਉਸਦੇ ਕਾਰ ਵਿਹਾਰ ਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ।ਮਨੁੱਖ ਦਾ ਕੁਦਰਤੀ ਅਤੇ ਸਮਾਜਿਕ ਵਾਤਾਵਰਨ ਤਾਂ ਸਾਨੂੰ ਸਭ ਨੂੰ ਦਿਖਾਈ ਦੇ ਜਾਂਦੇ ਹਨ ਪਰ ਕਿਸੇ ਮਨੁੱਖ ਦੇ ਮਨ ਵਿਚ ਉਸਦੇ ਅੰਦਰੂਨੀ ਵਾਤਾਵਰਨ ਵਿਚ ਕੀ ਚਲਦਾ ਹੈ ਇਸ ਬਾਰੇ ਉਹ ਵਿਅਕਤੀ ਹੀ ਜਾਣਦਾ ਹੈ ਦੂਸਰਾ ਕੋਈ ਨਹੀਂ।

ਇਕ ਵਿਅਕਤੀ ਦੇ ਹਸਦੇ ਚਿਹਰੇ ਤੋਂ ਇਹ ਅੰਦਾਜਾ ਨਹੀਂ ਲਗਾਇਆ ਜਾ ਸਕਦਾ ਕਿ ਉਸ ਦੇ ਮਨ ਦੇ ਵਾਤਾਵਰਨ ਵਿਚ ਵੀ ਖਿੜਾ ਦਾ ਮਾਹੌਲ ਹੈ ਉਸ ਦੇ ਮਨ ਵਿਚ ਬਸੰਤ ਹੈ ਜਾਂ ਪਤਝੜ ਕਿਸੇ ਤੂਫਾਨ ਦੀ ਉਥਲ ਪੁਥਲ ਹੈ ਜਾਂ ਸਾਵਣ ਦੀ ਰਿਮਝਿਮ ਦੇ ਸਮੇਂ ਮੋਰਾਂ ਦਾ ਪੈਲਾਂ ਪਾਉਣਾ , ਰੇਗਿਸਤਾਨ ਵਿਚਲੀ ਰੇਤ ਦੀ ਤਪਸ ਹੈ ਜਾਂ ਪਹਾੜਾਂ ਵਿੱਚ ਝਰਨਿਆਂ ਦੀ ਕਲ ਕਲ।ਇਹ ਤਾਂ ਉਹ ਵਿਅਕਤੀ ਹੀ ਜਾਣਦਾ ਹੈ ਜਿਸ ਦੇ ਅੰਦਰ ਇਹ ਸਭ ਕੁਝ ਵਾਪਰ ਰਿਹਾ ਹੈ। ਜੇਕਰ ਕਿਸੇ ਮਨੁੱਖ ਦਾ ਅੰਦਰੂਨੀ ਵਾਤਾਵਰਨ ਅਨੁਕੂਲ ਨਹੀਂ ਤਾਂ ਉਹ ਸਮਾਜ ਪਰਿਵਾਰ ਵਿੱਚ ਸਹੀ ਤਰੀਕੇ ਨਾਲ ਨਹੀਂ ਵਿਚਰ ਸਕਦਾ ਉਹ ਮਹਿਫਲ ਵਿੱਚ ਬੈਠਾ ਵੀ ਉਦਾਸ ਹੁੰਦਾ ਹੈ ਜਿਸ ਦਾ ਅਸਰ ਉਸ ਦੀ ਸਿਹਤ ਕੰਮਕਾਰ ਅਤੇ ਪਰਿਵਾਰਕ ਰਿਸਤਿਆਂ ਉਤੇ ਪੈਂਦਾ ਹੈ ਜੋ ਵੀ ਹੋਵੇ ਮਨੁੱਖ ਦੇ ਅੰਦਰੂਨੀ ਵਾਤਾਵਰਨ ਦਾ ਉਸਦੀ ਸਖਸੀਅਤ ਉਤੇ ਗਹਿਰਾ ਪ੍ਰਭਾਵ ਪੈਂਦਾ ਹੈ।

ਇੱਕ ਮਨੁੱਖ ਆਪਣੀ ਜ਼ਿੰਦਗੀ ਦੇ ਕਿਰਦਾਰ ਨੂੰ ਸੰਸਾਰ ਰੂਪੀ ਰੰਗ ਮੰਚ ਉੱਤੇ ਬਹੁਤ ਵਧੀਆ ਤਰੀਕੇ ਨਾਲ ਇਕ ਸੁਪਰਹਿੱਟ ਫਿਲਮ ਦੇ ਸੁਪਰਹਿੱਟ ਕਿਰਦਾਰ ਵਾਂਗੂੰ ਤਾਂ ਹੀ ਯਾਦਗਾਰੀ ਤਰੀਕੇ ਨਾਲ ਨਿਭਾ ਸਕਦਾ ਹੈ ਉਸਨੂੰ ਇਹ ਤਿੰਨੇ ਵਾਤਾਵਰਨ ਸੁਖਾਵੇਂ ਮਿਲਣ ਕੁਦਰਤੀ ਵਾਤਾਵਰਨ ਜਿੱਥੇ ਮਨੁੱਖ ਦੀ ਸਿਹਤ ਲਈ ਸਮਾਜਿਕ ਵਾਤਾਵਰਨ ਉਸ ਦੀ ਸਖਸੀਅਤ ਦੀ ਉਸਾਰੀ ਲਈ ਅਤੇ ਅੰਦਰੂਨੀ ਵਾਤਾਵਰਨ ਉਸ ਦੇ ਮਨ ਦੀ ਸਾਂਤੀ ਲਈ ਅਨੁਕੂਲ ਹੋਏ ਬਹੁਤ ਜ਼ਿਆਦਾ ਜਰੂਰੀ ਹਨ। ਅੰਦਰੂਨੀ ਵਾਤਾਵਰਨ ਖਾਸ ਤੌਰ ਤੇ ਕੁਦਰਤੀ ਅਤੇ ਸਮਾਜਿਕ ਵਾਤਾਵਰਨ ਨਾਲ ਹੀ ਪ੍ਰਭਾਵਿਤ ਹੁੰਦਾ ਹੈ।ਸੋ ਆਓ ਅਸੀਂ ਆਪਣੇ ਬੱਚਿਆਂ ਨੂੰ ਕੁਦਰਤੀ ਅਤੇ ਸਮਾਜਿਕ ਵਾਤਾਵਰਨ ਸੁਖਾਵੇਂ ਦੇਣ ਦੀ ਕੋਸ਼ਿਸ਼ ਕਰੀਏ ਤਾਂ ਜੋ ਉਸ ਦਾ ਅੰਦਰੂਨੀ ਵਾਤਾਵਰਨ ਅਨੁਕੂਲ ਤੇ ਸੁਖਾਵਾਂ ਹੋਵੇ।

**ਹਰਦੀਪ ਕੌਰ ਛਾਜਲੀ**
84273 60033

# ਖੇਤਾਂ ਦੀ ਅੱਗ



ਲੋਕਾਂ ਨੇ ਚਾਰੇ ਪਾਸੇ ਖੇਤਾਂ ਵਿੱਚ ਕਣਕ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਈ ਹੋਈ ਸੀ ਜਿਸ ਕਾਰਨ ਸਵਾਹ ਉੱਡ ਉੱਡ ਕੇ ਲੋਕਾਂ ਦੇ ਸਿਰਾਂ ਵਿੱਚ ਪੈ ਰਹੀ ਸੀ।ਕੁਕੜ ਖੇਹ ਉਡਾਈ ਤੇ ਆਪਣੇ ਸਿਰ ਵਿੱਚ ਪਾਈ, ਵਾਲੀ ਕਹਾਵਤ ਸ਼ਤ ਪ੍ਰਤੀਸ਼ਤ ਸੱਚ ਸਾਬਤ ਹੋ ਰਹੀ ਸੀ। ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀ ਬਿਮਾਰੀ ਵਾਲੇ ਬੰਦਿਆਂ ਦਾ ਖੰਘ ਖੰਘ ਕੇ ਬੁਰਾ ਹਾਲ ਹੋ ਰਿਹਾ ਸੀ। ਖੇਤਾਂ ਅਤੇ ਸੜਕਾਂ ਦੇ ਕਿਨਾਰੇ ਪੰਜ ਕੁ ਮਹੀਨੇ ਪਹਿਲਾਂ ਝੋਨੇ ਦੀ ਪਰਾਲੀ ਦੀ ਅੱਗ ਤੋਂ ਬਚੇ ਥੋੜ੍ਹੇ ਬਹੁਤੇ ਦਰਖਤਾਂ ਵਿੱਚੋ ਕੁਝ ਸੜ ਚੁੱਕੇ ਸਨ ਤੇ ਕੁਝ ਅਜੇ ਧੁਖ ਰਹੇ ਸਨ।ਦਾਵਾਨਲ ਕਾਰਨ ਉਹਨਾਂ ‘ਤੇ ਪਾਏ ਪੰਛੀਆਂ ਦੇ ਆਲ੍ਹਣਿਆਂ ਵਿੱਚੋਂ ਮਾਸੂਮ ਬੋਟ ਫੁੜਕ ਫੁੜਕ ਕੇ ਧਰਤੀ ‘ਤੇ ਡਿੱਗ ਰਹੇ ਸਨ। ਆਪਣੇ ਬੇਕਸੂਰ ਬੱਚਿਆਂ ਦੀ ਹੋ ਰਹੀ ਅਣਿਆਈ ਮੌਤ ਵੇਖ ਕੇ ਪੰਛੀਆਂ ਵੱਲੋਂ ਪਾਇਆ ਜਾ ਰਿਹਾ ਵਿਰਲਾਪ ਪੱਥਰ ਦਿਲਾਂ ਨੂੰ ਵੀ ਪਾੜ ਰਿਹਾ ਸੀ। ਕਿਉਂਕਿ ਟਟੀਹਰੀ ਧਰਤੀ ‘ਤੇ ਆਲ੍ਹਣਾ ਬਣਾ ਕੇ ਬੱਚੇ ਦੇਂਦੀ ਹੈ, ਇਸ ਲਈ ਉਸ ਦਾ ਤਾਂ ਬੀਜ਼ ਨਾਸ ਹੋ ਰਿਹਾ ਸੀ। ਚੱਬੇ ਪਿੰਡ ਦੇ ਦਸ ਪੰਦਰਾਂ ਬੰਦੇ ਪੰਚਾਇਤ ਘਰ ਵਿਚਲੇ ਬੋਹੜ ਦੀ ਠੰਡੀ ਛਾਂ ਹੇਠ ਤਾਸ਼ ਖੇਡ ਰਹੇ ਸਨ।ਨੰਗਾਂ ਦੇ ਸੁੱਚੇ ਨੇ ਗੱਲ ਛੇੜੀ, “ਇਸ ਵਾਰ ਤਾਂ ਰੱਬ ਪਿੱਛੇ ਈ ਪੈ ਗਿਆ ਸੀ ਆਪਣੇ।ਰੋਜ ਮੀਂਹ, ਰੋਜ ਮੀਂਹ।ਬੜੀ ਮੁਸ਼ਕਿਲ ਨਾਲ ਕਣਕ ਸਾਂਭੀ ਇਸ ਵਾਰ ਤਾਂ।ਝਾੜ ਵੀ ਘਟ ਆਇਆ ਮੇਰਾ।” ਮਾਸਟਰ ਅਵਤਾਰ ਸਿੰਘ ਨੇ ਪੱਤੇ ਫੈਂਟਦੇ ਹੋਏ ਜਵਾਬ ਦਿੱਤਾ, “ਜਦੋਂ ਆਪਾਂ ਰੱਬ ਦੇ ਪਿੱਛੇ ਪਏ ਆਂ ਫਿਰ ਰੱਬ ਨੇ ਤਾਂ ਆਪਣੇ ਪਿੱਛੇ ਪੈਣਾ ਈ ਆਂ।ਨਾਲੇ ਇਹ ਮੌਸਮੀ ਬਦਲਾਅ ਕੁਦਰਤ ਨਾਲ ਛੇੜ ਛਾੜ ਦਾ ਨਤੀਜਾ ਆ।ਰੱਬ ਪਤਾ ਨਈਂ ਹੈ ਆ ਜਾਂ ਨਈਂ।” ਪਿਆਰਾ ਸਿੰਘ ਨੇ ਮੁੰਡੇ ਤੇਲੇ ਨੇ ਹੈਰਾਨੀ ਨਾਲ ਪੁੱਛਿਆ, “ਉਹ ਕਿਵੇਂ ਤਾਇਆ ?” “ਉਹ ਇਸ ਤਰਾਂ ਕਿ ਜੇ ਇਨਸਾਨ ਕੁਦਰਤ ਨੂੰ ਨੁਕਸਾਨ ਪਹੁੰਚਾਵੇਗਾ ਤਾਂ ਫਿਰ ਕੁਦਰਤ ਨੇ ਵੀ ਤਾਂ ਇਨਸਾਨ ਨੂੰ ਨੁਕਸਾਨ ਪਹੁੰਚਾਉਣਾ ਹੋਇਆ।ਚਲੋ ਕਿਸਾਨਾਂ ਦੀ ਇਹ ਗੱਲ ਤਾਂ ਕਿਸੇ ਹੱਦ ਤਕ ਮੰਨੀ ਜਾ ਸਕਦੀ ਹੈ ਕਿ ਝੋਨੇ ਦੀ ਰਹਿੰਦ ਖੂੰਹਦ ਸੰਭਾਲਣੀ ਔਖੀ ਹੁੰਦੀ ਆ।ਪਰ ਲੋਕ ਤਾਂ ਕਣਕ ਵੇਲੇ ਵੀ ਹੱਦ ਕਰੀ ਜਾਂਦੇ ਆ। ਤੂੜੀ ਵਾਲੀ ਮਸ਼ੀਨ ਚਲਾਉਣ ਤੋਂ ਬਾਅਦ ਤਾਂ ਸਿਰਫ ਦੋ ਦੋ ਇੰਚ ਦੇ ਬੁੱਥੇ (ਕਰਚੇ) ਬਚਦੇ ਆ ਪਿੱਛੇ।ਉਹਨਾਂ ਨੂੰ ਅੱਗ ਲਗਾਉਣ ਦੀ ਕੀ ਲੋੜ ਆ ? ਉਹ ਕਿਹੜੇ ਪੈਲੀ ਵਾਹੁਣ ਵੇਲੇ ਹੱਲਾਂ ਵਿੱਚ ਫਸਦੇ ਆ ? ਅੱਗ ਲਾਉਣ ਨਾਲ ਇੱਕ ਤਾਂ ਆਰਗੈਨਿਕ ਤੱਤ ਤੇ ਮਿੱਤਰ ਕੀੜੇ ਸੜਦੇ ਆ ਤੇ ਦੂਸਰਾ ਜ਼ਮੀਨ ਬਰਬਾਦ ਹੁੰਦੀ ਆ। ਹੋਰ ਦਸਾਂ ਸਾਲਾਂ ਨੂੰ ਪੰਜਾਬ ਦੀ ਧਰਤੀ ਐਨੀ ਕਰੜੀ ਹੋ ਜਾਣੀ ਆ ਕਿ ਭੱਠੇ ਤੋਂ ਇੱਟਾਂ ਖਰੀਦਣ ਦੀ ਜਰੂਰਤ ਈ ਨਹੀਂ ਪਿਆ ਕਰਨੀ।ਸਿੱਧੀਆਂ ਖੇਤਾਂ ਵਿੱਚੋਂ ਈ ਪੁੱਟ ਲਿਆ ਕਰਿਉ ਭਾਵੇਂ।” “ਤਾਇਆ ਤੂੰ ਤਾਂ ਬੱਸ ਕਿਸਾਨਾਂ ਦੇ ਪਿੱਛੇ ਈ ਪਿਆ ਰਿਹਾ ਕਰ। ਆ ਜਿਹੜਾ ਕਰੋੜਾਂ ਟਨ ਧੂੰਆਂ ਗੱਡੀਆਂ, ਕਾਰਖਾਨਿਆਂ ਤੇ ਭੱਠਿਆਂ ਵਿੱਚੋਂ ਨਿਕਲਦਾ ਆ, ਉਹ ਨਈਂ ਦਿਸਦਾ ਤੈਨੂੰ,” ਬੁੱਚਿਆਂ ਦੇ ਲਾਲੂ ਨੇ ਖਿਝ ਕੇ ਕਿਹਾ। ਅਵਤਾਰ ਮਾਸਟਰ ਨੇ ਹਾਉਕਾ ਭਰ ਕੇ ਬੋਲਿਆ, “ਕਾਕਾ ਇਹੋ ਤਾਂ ਦੁੱਖ ਆ। ਅਸੀਂ ਹਮੇਸ਼ਾਂ ਦੂਸਰਿਆਂ ਦੀਆਂ ਭੈੜੀਆਂ ਆਦਤਾਂ ਅਪਨਾਉਣ ਨੂੰ ਪਹਿਲ ਦੇਂਦੇ ਆਂ ਤੇ ਚੰਗੇ ਬੰਦਿਆਂ ਦੇ ਕੰਮਾਂ ਵੱਲੋਂ ਅੱਖਾਂ ਬੰਦ ਕਰ ਲੈਂਦੇ ਆਂ। ਕਦੇ ਬਾਬੇ ਸੇਵਾ ਸਿੰਘ ਖਡੂਰ ਸਾਹਿਬ ਤੇ ਬਾਬੇ ਬਲਬੀਰ ਸਿੰਘ ਸੀਚੇਵਾਲ ਵਰਗਿਆਂ ਵਾਂਗ ਪੌਦੇ ਲਗਾ ਕੇ ਕੁਦਰਤ ਨੂੰ ਬਚਾਉਣ ਦੀ ਰੀਸ ਵੀ ਕਰ ਲਿਆ ਕਰੋ।ਤੇਰੇ ਵਰਗੇ ਜ਼ਾਹਿਲਾਂ ਨੇ ਪੌਦੇ ਲਗਾਉਣੇ ਤਾਂ ਕੀ ਸਨ, ਸਗੋਂ ਇਹਨਾਂ ਬਾਬਿਆਂ ਵੱਲੋਂ ਸੜਕਾਂ ਕਿਨਾਰੇ ਲਗਾਏ ਗਏ ਬੂਟੇ ਵੀ ਸੜ ਕੇ ਸਵਾਹ ਕਰ ਦਿੱਤੇ ਹਨ।ਕਈ ਤਾਂ ਐਨੇ ਮਹਾਂਮੂਰਖ ਹਨ ਜੋ ਪਹਿਲਾਂ ਨਾੜ ਸਾੜ ਕੇ ਧਰਤੀ ਦੀ ਹਿੱਕ ਫੂਕਦੇ ਹਨ ਤੇ ਫਿਰ ਉਹਨਾਂ ਖੇਤਾਂ ਨੂੰ ਠੰਡੇ ਕਰਨ ਦੇ ਨਾਂ ਹੇਠ ਮੋਟਰਾਂ ਚਲਾ ਕੇ ਦੁਨੀਆਂ ਦੀ ਸਭ ਤੋਂ ਅਣਮੋਲ ਚੀਜ ਪਾਣੀ ਦੀ ਬਰਬਾਦੀ ਕਰ ਰਹੇ ਹਨ।” ਮਾਸਟਰ ਦੀ ਗੱਲ ਸੁਣ ਕੇ ਸਾਰੇ ਆਸੇ ਪਾਸੇ ਝਾਕਣ ਲੱਗ ਪਏ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਐਸ.ਪੀ. ਸਾਹਿਬ ਦੇ ਬੈਂਗਣ



ਪਟਿਆਲੇ ਰੇਂਜ ਦੇ ਕਿਸੇ ਜਿਲ੍ਹੇ ਵਿੱਚ ਇੱਕ ਐਸ.ਪੀ. ਲੱਗਾ ਹੋਇਆ ਸੀ ਜੋ ਖਾਣ ਪੀਣ ਦਾ ਬਹੁਤ ਸ਼ੌਕੀਨ ਸੀ।ਇੱਕ ਦਿਨ ਉਸ ਦਾ ਇੱਕ ਵਾਕਿਫ ਉਸ ਨੂੰ ਘਰ ਉਗਾਏ ਹੋਏ ਦੋ ਤਿੰਨ ਕਿੱਲੋ ਬੈਂਗਣ ਦੇ ਗਿਆ।ਗੂਹੜੇ ਨੀਲੇ ਗੋਲ ਗੋਲ ਲਿਸ਼ਕਦੇ ਹੋਏ ਬੈਂਗਣ ਵੇਖ ਕੇ ਐਸ.ਪੀ. ਦੇ ਮੂੰਹ ਵਿੱਚ ਪਾਣੀ ਭਰ ਆਇਆ। ਪਹਿਲਾਂ ਤਾਂ ਉਸ ਨੇ ਸੋਚਿਆ ਕਿ ਪੁਲਿਸ ਲਾਈਨ ਵਿਚਲੀ ਸਰਕਾਰੀ ਕੋਠੀ ਵਿੱਚ ਹੀ ਬੈਂਗਣ ਪਕਾ ਕੇ ਖਾ ਲਏ ਜਾਣ।ਪਰ ਫਿਰ ਉਸ ਨੇ ਸੋਚਿਆ ਕਿ ਕਲ੍ਹ ਨੂੰ ਐਤਵਾਰ ਹੈ, ਅਜਿਹੇ ਆਰਗੈਨਿਕ ਬੈਂਗਣਾਂ ਨੂੰ ਪਰਿਵਾਰ ਵਿੱਚ ਬੈਠ ਕੇ ਖਾਣ ਦਾ ਮਜ਼ਾ ਹੀ ਕੁਝ ਹੋਰ ਹੈ।ਉਸ ਦਾ ਪਰਿਵਾਰ ਲੁਧਿਆਣੇ ਰਹਿੰਦਾ ਸੀ।ਉਸ ਨੇ ਆਪਣੀ ਪਤਨੀ ਨੂੰ ਫੋਨ ਕਰ ਕੇ ਦੱਸਿਆ ਕਿ ਅੱਜ ਮੈਂ ਸ਼ੁੱਧ ਆਰਗੈਨਿਕ ਬੈਂਗਣ ਭੇਜ ਰਿਹਾ ਹਾਂ, ਤੁਸੀਂ ਕਲ੍ਹ ਨੂੰ ਦੁਪਹਿਰ ਦੇ ਖਾਣੇ ਵਾਸਤੇ ਬੈਂਗਣਾਂ ਦਾ ਕਰਾਰਾ ਜਿਹਾ ਭੜਥਾ ਬਣਾ ਲੈਣਾ।

ਫੋਨ ਕਰਨ ਤੋਂ ਬਾਅਦ ਉਸ ਨੇ ਆਪਣੇ ਸਭ ਤੋਂ ਖਾਸ ਗੰਨਮੈਨ ਕਰਨੈਲ ਕੁੰਡੀ ਨੂੰ ਬੈਂਗਣ ਦੇ ਕੇ ਲੁਧਿਆਣੇ ਦੀ ਬੱਸ ਚੜ੍ਹਾ ਦਿੱਤਾ। ਕੁੜਿੱਕੀ ਸ਼ਰਾਬ ਪੀਣ ਦਾ ਬੇਹੱਦ ਸ਼ੌਕੀਨ ਸੀ।ਜਦੋਂ ਉਹ ਲੁਧਿਆਣੇ ਬੱਸ ਅੱਡੇ ਤੋਂ ਬਾਹਰ ਨਿਕਲਿਆ ਤਾਂ ਉਸ ਨੂੰ ਮਹਿਕਮੇ ਦੇ ਕੁਝ ਪੁਰਾਣੇ ਯਾਰ ਦੋਸਤ ਮਿਲ ਗਏ। ਉਹ ਟਰੈਫਿਕ ਵਿੱਚ ਲੱਗੇ ਹੋਏ ਸਨ ਤੇ ਸਵੇਰ ਤੋਂ ਲਗਾਏ ਨਾਕੇ ਕਾਰਨ ਜ਼ੇਬਾਂ ਗਰਮ ਸਨ। ਉਹਨਾਂ ਨੇ ਪੈੱਗ ਪਿਆਲੇ ਦੀ ਸੁਲ੍ਹਾ ਮਾਰੀ ਤਾਂ ਕੁੰਡੀ ਦੀਆਂ ਵਰਾਛਾਂ ਖਿੜ ਗਈਆਂ।ਉਸ ਨੇ ਝੱਟ ਹਾਂ ਕਰ ਦਿੱਤੀ।ਉਹ ਬੱਸ ਸਟੈਂਡ ਦੇ ਸਾਹਮਣੇ ਹੀ ਇੱਕ ਅਹਾਤੇ ਵਿੱਚ ਬੈਠ ਕੇ ਮੁਰਗ ਮੁਸੱਲਮ ਨਾਲ ਦਾਰੂ ਪੀਣ ਲੱਗ ਪਏ।ਦਾਰੂ ਨਾਲ ਟੱਲੀ ਹੋ ਕੇ ਕੁੰਡੀ ਨੇ ਸਾਥੀਆਂ ਤੋਂ ਵਿਦਾ ਲਈ ਤੇ ਰਿਕਸ਼ੇ ‘ਤੇ ਬੈਠ ਕੇ ਐਸ.ਪੀ. ਦੇ ਘਰ ਵੱਲ ਚੱਲ ਪਿਆ। ਜਦੋਂ ਉਹ ਘਰ ਦੇ ਨਜ਼ਦੀਕ ਪਹੁੰਚਿਆ ਤਾਂ ਉਸ ਨੂੰ ਚੇਤਾ ਆਇਆ ਕਿ ਬੈਂਗਣਾਂ ਵਾਲਾ ਝੋਲਾ ਤਾਂ ਉਹ ਅਹਾਤੇ ਵਿੱਚ ਹੀ ਭੁੱਲ ਆਇਆ ਹੈ।ਉਸ ਨੇ ਫਟਾ ਫਟ ਇੱਕ ਰੇਹੜੀ ਤੋਂ ਚੰਗੇ ਮਾੜੇ ਚਾਰ ਕਿੱਲੋ ਬੈਂਗਣ ਲਏ ਤੇ ਬੀਬੀ ਜੀ ਫੜਾ ਕੇ ਖਿਸਕਣ ਦੀ ਕੀਤੀ। ਅਗਲੇ ਦਿਨ ਐਸ.ਪੀ. ਵੀ ਭੜਥੇ ਦੇ ਸੁਪਨੇ ਲੈਂਦਾ ਹੋਇਆ ਘਰ ਪਹੁੰਚ ਗਿਆ। ਜਦੋਂ ਉਸ ਨੇ ਲੰਚ ਵੇਲੇ ਬੈਂਗਣਾਂ ਦੀ ਡਿੱਸ਼ ਵੇਖੀ ਤਾਂ ਸੜ ਬਲ ਕੇ ਕੋਲਾ ਹੋ ਗਿਆ।ਅਗਲੇ ਦਿਨ ਵਾਪਸ ਆ ਕੇ ਉਸ ਨੇ ਕੁੰਡੀ ਦੀ ਪੇਸ਼ੀ ਮੰਗ ਲਈ, “ਉਏ ਕੁੰਡੀ, ਕਲ੍ਹ ਤੈਨੂੰ ਬੈਂਗਣ ਦੇ ਕੇ ਭੇਜਿਆ ਸੀ। ਕਿੱਥੇ ਗਏ ਉਹ ?” ਕੁੰਡੀ ਨੇ ਸਮਝਿਆ ਸਾਹਿਬ ਸ਼ਾਇਦ ਮਜ਼ਾਕ ਕਰ ਰਹੇ ਹਨ।ਉਹ ਹੀਂ ਹੀਂ ਕਰ ਕੇ ਬੋਲਿਆ, “ਜ਼ਨਾਬ, ਬੈਂਗਣ ਤਾਂ ਮੈਂ ਕਲ੍ਹ ਹੀ ਦੇ ਆਇਆ ਸੀ ਲੁਧਿਆਣੇ ਪੂਰੀ ਹਿਫਾਜ਼ਤ ਨਾਲ।ਸਗੋਂ ਬੀਬੀ ਜੀ ਨੇ ਖੁਦ ਫੜੇ ਸਨ।” “ਭੂਤਨੀ ਦਿਆਂ ਮੈਨੂੰ ਬੇਵਕੂਫ ਬਣਾਉਂਦਾ ਆਂ ? ਮੈਂ ਤੈਨੂੰ ਗੋਲ ਬੈਂਗਣ ਦੇ ਕੇ ਤੋਰਿਆ ਸੀ ਭੜਥੇ ਵਾਲੇ।ਉਹ ਲੁਧਿਆਣੇ ਪਹੁੰਚਦੇ ਪਹੁੰਚਦੇ ਗੋਲ ਤੋਂ ਲੰਬੇ ਕਿੱਦਾਂ ਬਣ ਗਏ ਉਏ,” ਐਸ.ਪੀ. ਨੇ ਪੇਪਰ ਵੇਟ ਖਿੱਚ ਕੇ ਕੁੰਡੀ ਦੇ ਸਿਰ ‘ਚ ਮਾਰਿਆ।ਪਰ ਕੁੰਡੀ ਖਤਰਾ ਭਾਸ ਕੇ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਕੇ ਫਰਾਰ ਹੋ ਚੁੱਕਾ ਸੀ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਰਿਸ਼ਤਿਆਂ 'ਚ ਰਾਜਨੀਤੀ



ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
9781500050

ਰਿਸਤਿਆਂ ਦੀ ਹੋਂਦ ਕੇਵਲ ਮਨੁੱਖੀ ਪ੍ਰਜਾਤੀ ਵਿਚ ਹੀ ਮਿਲਦੀ ਹੈ। ਜਾਨਵਰਾਂ, ਪੰਛੀਆਂ ਤੇ ਬਨਸਪਤੀ ਵਿੱਚ ਰਿਸਤਿਆਂ ਦੀ ਗੈਰ ਮੌਜੂਦਗੀ ਹੁੰਦੀ ਹੈ। ਮਨੁੱਖ ਰਿਸਤੇ ਆਪ ਬਣਾਉਂਦਾ ਹੈ। ਇਹ ਰਿਸਤੇ ਪਰਿਵਾਰ, ਸਕੇ ਸਬੰਧੀ ਤੇ ਮਿੱਤਰ ਸਨੇਹੀ ਦੇ ਰੂਪ ਵਿਚ ਸਮਾਜ ਅੰਦਰ ਪ੍ਰਵਾਨ ਹੁੰਦੇ ਹਨ। ਰਿਸਤੇ ਪਾਕਿ ਤੇ ਮੁਕੱਦਸ ਹੁੰਦੇ ਨੇ, ਫੁੱਲਾਂ ਦੀ ਮਹਿਕ ਵਰਗੇ ਸੋਹਣੇ। ਰਿਸਤਾ ਨਿਭਦਾ ਹੀ ਤਾਂ ਹੈ ਜੇ ਦੋਵੇਂ ਧਿਰਾਂ ਸੁਹਿਰਦ ਹੋਣ। ਰਾਜਨੀਤਿ ਮਾੜੀ ਨਹੀਂ ਪਰ ਜੇ ਸਿਆਸਤ ਦੇ ਖੇਤਰ ਵਿੱਚ ਹੀ ਕੀਤੀ ਜਾਵੇ। ਰਾਜਨੀਤਿ ਦਾ ਖੇਤਰ ਅੱਡਰਾ ਹੁੰਦੈ। ਹਰ ਕੰਮ ਉਸ ਸਬੰਧਤ ਖੇਤਰ ਵਿੱਚ ਹੀ ਚੰਗਾ ਲੱਗਦੈ। ਪਰ ਅੱਜਕਲ੍ਹ ਰਿਸਤਿਆਂ ਵਿਚ ਵੀ ਰਾਜਨੀਤਿ ਹੋਣ ਲੱਗ ਪਈ ਏ। ਹਰ ਰਿਸਤੇ ਵਿੱਚ ਸਿੱਧੇ ਜਾਂ ਅਸਿੱਧੇ ਰੂਪ 'ਚ ਸਿਆਸਤ ਭਾਰੂ ਏ, ਜਿਸ ਕਰਕੇ ਰਿਸਤਿਆਂ 'ਚ ਖਟਾਸ ਪੈਦਾ ਹੋ ਰਹੀ ਏ ਤੇ ਸਮਾਜ ਤਿੜਕ ਰਿਹੈ। ਪਿੰਡਾਂ ਵਿਚ ਪਿੱਪਲਾਂ ਬੋਹੜਾਂ ਹੇਠ ਜਾਂ ਸਾਂਝੀਆਂ ਥਾਂਵਾਂ 'ਤੇ ਸੱਥਾਂ ਲੱਗਦੀਆਂ ਸੀ ਤੇ ਪਿੰਡ ਦੇ ਸਾਰੇ ਜੀਅ ਇਕੱਠੇ ਹੋ ਬਹਿੰਦੇ ਸੀ। ਜਦੋਂ ਤੋਂ ਸਿਆਸਤਦਾਨਾਂ ਨੇ ਪਿੰਡਾਂ ਵਿੱਚ ਆਪੋ ਆਪਣੇ ਧੜੇ ਵਾੜ ਦਿੱਤੇ, ਓਦੋਂ ਤੋਂ ਹੀ ਆਪਸੀ ਪਿਆਰ ਉੱਡ ਪੁੱਡ ਗਿਆ। ਇਕੱਠੇ ਬਹਿਣਾ ਦੂਰ, ਸਗੋਂ ਇੱਕ ਦੂਜੇ ਨੂੰ ਐਨੀ ਨਫਰਤ ਕਰਨ ਲੱਗ ਗਏ ਕਿ ਬਰਦਾਸਤ ਦਾ ਮਾਅਦਾ ਹੀ ਨਹੀਂ ਰਿਹਾ।

ਸੱਥਾਂ ਤੋਂ ਹੁੰਦੀ ਹੋਈ ਸਿਆਸਤ ਘਰ ਦੇ ਚੁੱਲ੍ਹੇ ਚੌਂਕੇ ਤੇ ਵਰਾਂਡਿਆਂ ਵਿੱਚ ਹੁੰਦੀ ਹੋਈ ਸੌਣ ਵਾਲੇ ਕਮਰਿਆਂ ਤੀਕਰ ਜਾ ਪਹੁੰਚੀ ਏ। ਅੱਜ ਹਰ ਖੁਸੀ ਗਮੀ ਦੇ ਕਾਰਜ 'ਤੇ ਉਸਾਰੂ ਗੱਲਾਂ ਘੱਟ ਤੇ ਈਰਖਾ ਜਾਂ ਸਾੜੇ ਦੀਆਂ ਗੱਲਾਂ ਵੱਧ ਕੰਨੀਂ ਪੈਂਦੀਆਂ ਨੇ। ਨੂੰਹ - ਸੱਸ, ਨਨਾਣ - ਭਰਜਾਈ, ਭੈਣ - ਭਰਾ, ਗੱਲ ਕੀ ਕੋਈ ਵੀ ਰਿਸਤਾ ਰਾਜਨੀਤਿ ਦੀ ਭੇਟ ਚੜਨ ਤੋਂ ਵਾਂਝਾ ਨਹੀਂ ਰਿਹਾ। ਸਿਆਸਤ ਨੇ ਚਾਚੇ ਤਾਇਆਂ ਦੇ ਰਿਸਤੇ ਨੂੰ ਸਰੀਕੇ ਵਿੱਚ ਬਦਲ ਕੇ ਰੱਖ ਦਿੱਤਾ ਹੈ। ਪਹਿਲਾਂ ਇਕ ਘਰ ਦਾ ਜਵਾਈ ਸਾਰੇ ਪਿੰਡ ਦਾ ਸਾਂਝਾ ਪ੍ਰਾਹੁਣਾ ਹੁੰਦਾ ਸੀ। ਪਿੰਡ ਦੀਆਂ ਧੀਆਂ ਨੂੰ 'ਬੀਬੀ' ਆਖ ਬੁਲਾਇਆ ਜਾਂਦਾ। ਧੀਆਂ ਵੀ ਪੇਕੇ ਪਰਿਵਾਰ ਵਿੱਚ ਖੁਸੀ ਗਮੀ ਦੇ ਵੇਲੇ ਅਹਿਮ ਫੈਸਲੇ ਨਿਰਪੱਖ ਹੋ ਕੇ ਕਰਦੀਆਂ ਤੇ ਕਦੇ ਵੀ ਭਰਾ ਭਰਜਾਈ ਦੇ ਰਿਸਤੇ ਵਿੱਚ ਧਿਰ ਨਾ ਬਣਦੀਆਂ । ਪਹਿਲਾਂ ਭੈਣਾਂ ਵੀਰ ਦੇ ਘਰ ਦੀ ਸੁੱਖ ਮੰਗਦੀਆਂ ਸਨ ਪਰ ਹੁਣ ਮੁਕਾਬਲਾ ਕਰਨ ਲੱਗ ਪਈਆਂ ਨੇ। ਇੱਕ ਭੈਣ ਆਪਣੇ ਭਰਾ ਨਾਲ ਇਸੇ ਗੱਲੋਂ ਹੀ ਲੜ ਪਈ ਕਿ ਉਸ ਦੀ ਭਰਜਾਈ ਨੇ ਕਿਸੇ ਖਾਸ ਮੌਕੇ 'ਤੇ ਆਧੁਨਿਕ ਪਹਿਰਾਵਾ ਕਿਓਂ ਪਾਇਆ ਹੋਇਆ,ਜਦ ਕਿ ਉਹ ਚਾਹੁੰਦੀ ਹੋਈ ਵੀ ਆਪਣੇ ਸਹੁਰੇ ਘਰ ਕਿਸੇ ਮਜਬੂਰੀ ਵੱਸ ਅਜਿਹਾ ਪਹਿਰਾਵਾ ਨਹੀਂ ਪਾ ਸਕਦੀ ਸੀ। ਹਰ ਪਰਿਵਾਰ ਦੇ ਹਾਲਾਤ ਵੱਖਰੇ ਹੋਣ ਕਰਕੇ ਆਪਣੇ ਕੁੱਝ ਅਸੂਲ ਹੁੰਦੇ ਨੇ। ਕਿਸੇ ਇੱਕ ਘਰ ਦਾ ਮੁਕਾਬਲਾ ਦੂਸਰੇ ਨਾਲ ਨਹੀਂ ਹੋ ਸਕਦਾ।

ਸਥਾਨ ਅਤੇ ਵਿੱਤੀ ਹਾਲਾਤ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਕੁੱਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਕਿਸੇ ਨੂੰਹ ਦੇ ਆਪਣੇ ਸਹੁਰਿਆਂ ਨਾਲ ਝਗੜੇ ਦੀ ਗੱਲ ਜਦੋਂ ਠਾਣੇ ਪੁੱਜੀ ਤਾਂ ਸਿਆਣੇ ਥਾਣੇਦਾਰ ਨੇ ਤਜਰਬੇ ਦੇ ਅਧਾਰ ਤੇ ਝੱਟ ਭਾਂਪ ਲਿਆ ਕਿ ਕੁੜੀ ਦੇ ਪੇਕੇ ਚਡੀਗੜ੍ਹ ਦੇ ਲਾਗਲੇ ਪਿੰਡਾਂ ਦੇ ਹੋਣਗੇ। ਕਾਰਣ ਜਾਣਨਾ ਚਾਹਿਆ ਤਾਂ ਥਾਣੇਦਾਰ ਨੇ ਦੱਸਿਆ ਕਿ ਜਦੋਂ ਇਹਨਾਂ ਦਾ ਵਿਆਹ ਹੋਇਆ ਸੀ ਤਾਂ ਦੋਵਾਂ ਪਰਿਵਾਰਾਂ ਦੀ ਵਿੱਤੀ ਹਾਲਤ ਇੱਕੋ ਜਿਹੀ ਸੀ ਪਰ ਹੁਣ ਕੁੜੀ ਦੇ ਪੇਕੇ ਪਰਿਵਾਰ ਦੀ ਜਮੀਨ ਚੰਡੀਗੜ੍ਹ ਦੇ ਲਾਗਲੇ ਪਿੰਡਾਂ ਵਿੱਚ ਹੋਣ ਕਰਕੇ ਮਹਿੰਗੀ ਹੋ ਗਈ ਤਾਂ ਕੁੜੀ ਨੇ ਆਪਣੇ ਭਰਾ ਭਰਜਾਈਆਂ ਦੀ ਸਾਨ ਓ ਸੌਕਤ ਦੀ ਤੁਲਨਾ ਆਪਣੇ ਸਹੁਰੇ ਪਰਿਵਾਰ ਨਾਲ ਕਰਨੀ ਚਾਹੀ। ਮਹਿੰਗੀਆਂ ਮੰਗਾਂ ਦੀ ਪੂਰਤੀ ਕਰਨ ਤੋਂ ਅਸਮਰਥ ਸਹੁਰਿਆਂ ਨਾਲ ਨਿੱਤ ਕਲੇਸ ਕਰਨ ਲੱਗ ਪਈ ਤੇ ਗੱਲ ਤਲਾਕ ਤੇ ਆਣ ਪੁੱਜੀ। ਥਾਣੇਦਾਰ ਮੁਤਾਬਿਕ ਅਜਿਹੇ ਕੇਸ ਉਸ ਸਮੇਂ ਦੌਰਾਨ ਬਹੁਤਾਤ ਵਿੱਚ ਆਏ।

ਸਮੇਂ ਦੇ ਵਹਿਣ ਨਾਲ ਸਿਆਸਤ ਦੇਸ ਦੀ ਪਾਰਲੀਮੈਂਟ ਤੋਂ ਲੈ ਕੇ ਘਰ ਦੀ ਬੈਠਕ ਤੀਕ ਪੁੱਜ ਗਈ। ਘਰ ਦੇ ਜਵਾਕ ਵੀ ਇਸ ਤੋਂ ਅਣਭਿੱਜ ਨਹੀਂ ਰਹੇ।ਉਹ ਵੀ ਆਪਣੀਆਂ ਮੰਗਾਂ ਮਨਵਾਉਣ ਲਈ ਵੱਡਿਆਂ ਦੀਆਂ ਚੁਗਲੀਆਂ ਇੱਕ ਦੂਜੇ ਕੋਲ ਕਰਕੇ ਆਪਣਾ ਉੱਲੂ ਸਿੱਧਾ ਕਰਦੇ ਨੇ। ਟੁੱਟ ਰਹੇ ਰਿਸਤਿਆਂ 'ਚ ਚੁਗਲੀਆਂ ਖਾਸ ਰੋਲ ਅਦਾ ਕਰਦੀਆਂ ਹਨ।ਕੋਈ ਆਣ ਕੇ ਕੰਨ ਵਿੱਚ ਫੂਕ ਮਾਰ ਗਿਆ ਕਿ ਦੁਸਮਣ ਦਾ ਦੁਸਮਣ ਦੋਸਤ ਹੁੰਦੈ। ਬੱਸ ਫੇਰ ਕੀ ਸੀ ? ਦੋਸਤ ਘਟਦੇ ਗਏ ਅਤੇ ਦੁਸਮਣਾਂ ਦੀ ਤਾਦਾਦ ਵਧਦੀ ਗਈ। ਸਾਰੇ ਰਿਸਤੇ ਹੀ ਅੰਕਲ ਆਂਟੀ 'ਤੇ ਆ ਕੇ ਸਿਮਟ ਗਏ। ਸੌੜੀ ਰਾਜਨੀਤੀ ਕਰਕੇ ਰਿਸਤੇ ਤਿੜਕ ਰਹੇ ਨੇ ਤੇ ਤਲਾਕਾਂ ਦੀ ਗਿਣਤੀ ਵਧਦੀ ਜਾ ਰਹੀ ਏ। ਅਦਾਲਤਾਂ ਨੂੰ ਵੀ ਕਨੂੰਨ 'ਚ ਸੋਧ ਕਰਨੀ ਪੈ ਰਹੀ ਏ। ਪਹਿਲਾਂ ਹੇਠਲੀਆਂ ਅਦਾਲਤਾਂ ਨੂੰ ਉੱਚ ਅਦਾਲਤਾਂ ਤੋਂ ਹਦਾਇਤ ਹੁੰਦੀ ਸੀ ਕਿ ਰਿਸਤੇ ਬਚਾਏ ਜਾਣ ਅਤੇ ਘੱਟ ਤੋਂ ਘੱਟ ਤਲਾਕ ਕਰਵਾਏ ਜਾਣ। ਦੋਵੇਂ ਧਿਰਾਂ ਨੂੰ ਲੰਮਾਂ ਸਮਾਂ ਸੋਚਣ ਲਈ ਦਿੱਤਾ ਜਾਵੇ। ਪਰ ਹੁਣ ਸਰਵ ਉੱਚ ਅਦਾਲਤ ਨੇ ਵੀ ਸਮੇਂ ਦੀ ਹੱਦ ਦੀ ਸਰਤ ਖਤਮ ਕਰ ਦਿੱਤੀ ਹੈ ਅਤੇ ਤਲਾਕ ਦੇ ਕੇਸ ਜਲਦ ਨਬੇੜੇ ਜਾ ਰਹੇ ਹਨ।ਹੁਣ ਤਲਾਕ ਨੂੰ ਵੀ ਫੈਸਨ ਸੋਅ ਵਾਂਗ ਫਿਲਮਾ ਕੇ ਸੈਲੀਬ੍ਰੇਟ ਕੀਤਾ ਜਾਣ ਲੱਗਾ ਹੈ।

ਹੁਣ ਵਿਚੋਲਿਆਂ ਦਾ ਉਹਲਾ ਤੇ ਭਾਨੀਮਾਰਾਂ ਦਾ ਰੂਪ ਹੀ ਬਦਲ ਗਿਐ।ਅੱਜ ਕੱਲ ਸਭ ਤੋਂ ਵੱਡਾ ਰਿਸਤੇਦਾਰ ਭਾਵ ਵਿਚੋਲਾ ਆਈਲੈਟਸ ਹੀ ਰਹਿ ਗਿਆ ਹੈ। ਆਈਲੈਟਸ ਨੇ ਆ ਕੇ ਊਚ ਨੀਚ, ਜਾਤ ਪਾਤ,ਪੇਂਡੂ ਸਹਿਰੀ ਤੇ ਧਰਮ ਜਾਂ ਖਿੱਤੇ ਦਾ ਫਰਕ ਹੀ ਮਿਟਾ ਦਿੱਤੈ। ਪਹਿਲਾਂ ਧੀਆਂ ਵਾਲੇ ਦਾਜ ਦਿੰਦੇ ਸਨ। ਪਰ ਹੁਣ ਦਾਜ ਵਿਚ ਮੁੰਡੇ ਵਾਲੇ ਕੁੜੀ ਦੀ ਵਿਦੇਸ ਵਿਚ ਫੀਸ ਦੇ ਰੂਪ ਚ ਲੱਪ ਭਰ ਕੇ ਪੈਸਿਆਂ ਦੀ ਦਿੰਦੇ ਹਨ। ਤੇ ਆਈਲੈਟਸ ਪਾਸ ਕੁੜੀ ਹੁਣ ਮੁੰਡੇ ਨੂੰ ਵਿਆਹ ਕੇ ਵਿਦੇਸ ਲੈ ਜਾਂਦੀ ਹੈ। ਪਹਿਲਾਂ ਮੁੰਡੇ ਵਿਦੇਸ 'ਚ ਕੁੜੀਆਂ ਨਾਲ ਧੋਖਾ ਕਰਦੇ ਸਨ ਪਰ ਹੁਣ ਸਭ ਉਲਟਾ ਹੋ ਰਿਹੈ। ਹਿਸਾਬ ਕਿਤਾਬ ਬਰਾਬਰ ਹੋਈ ਜਾ ਰਿਹੈ। ਜਿਹਾ ਬੀਜੋਗੇ, ਓਹੀ ਵੱਢਣਾ ਪੈਣਾ। ਅੱਜ ਆਈਲੈਟਸ ਦੇ ਯੁੱਗ ਵਿੱਚ ਕੰਟਰੈਕਟ ਵਿਆਹ ਦੀ ਨਵੀਂ ਪਰਿਭਾਸਾ ਸੁਣਨ ਨੂੰ ਮਿਲ ਰਹੀ ਏ, ਜਿਸ ਦੀ ਨਾ ਕੋਈ ਕਾਨੂੰਨੀ ਹੋਂਦ ਏ ਤੇ ਨਾ ਹੀ ਸਮਾਜਿਕ।

ਹੁਣ ਜੇਕਰ ਪਰਿਵਾਰ ਵਿੱਚ ਕੋਈ ਜੀਅ ਨਰਾਜ ਵੀ ਹੋ ਜਾਂਦੈ ਤਾਂ ਉਹ ਝੱਟ ਰਿਸਤੇਦਾਰੀ ਵਿੱਚੋਂ ਉਸ ਇਨਸਾਨ ਨੂੰ ਲੱਭਦੈ,ਜਿਸ ਦੀ ਪਰਿਵਾਰ ਨਾਲ ਅਣਬਣ ਹੋਈ ਹੋਵੇ। ਫਿਰ ਉਸ ਨਾਲ ਸਾਂਝ ਪਾ ਕੇ ਆਪਣੇ ਪਰਿਵਾਰਕ ਜੀਆਂ ਨੂੰ ਖਿਝਾਇਆ ਜਾਂਦੈ। ਅਕਿਰਤਘਣਾ ਕਰਕੇ ਰਿਸਤੇ ਤਾਰਪੀਡੋ ਹੋ ਰਹੇ ਨੇ। ਲੋਕੀਂ ਅਹਿਸਾਨ ਲੈ ਕੇ ਨਾ ਸੁਕਰੇ ਤਾਂ ਹੁੰਦੇ ਹੀ ਨੇ ਤੇ ਕਈ ਵਾਰੀ ਅਹਿਸਾਨ ਕਰਨ ਵਾਲੇ ਦਾ ਨੁਕਸਾਨ ਕਰਨ ਤੱਕ ਵੀ ਚਲੇ ਜਾਂਦੇ ਨੇ। ਇੱਕ ਧੀ ਸਾਰੀ ਜਿ਼ੰਦਗੀ ਆਪਣੇ ਪੇਕਿਆਂ ਤੇ ਭਰਾਵਾਂ ਤੋਂ ਮਾਇਕ ਸਹਾਇਤਾ ਲੈਂਦੀ ਰਹੀ,ਪਰ ਉਸ ਨੇ ਜਦੋਂ ਵੀ ਕਿਸੇ ਨਾਲ ਗੱਲ ਕਰਨੀ ਤਾਂ ਇਹੋ ਨਿਹੋਰਾ ਦੇਣਾ ਕਿ ਮੇਰਾ ਪੇਕਿਆਂ ਨੇ ਕੀਤਾ ਹੀ ਕੀ ਹੈ ? ਦੂਜੇ ਨੂੰ ਨੀਵਾਂ ਵਿਖਾਉਣ ਲਈ ਹਰ ਤਰ੍ਹਾਂ ਦੀਆਂ ਗੂੰਦਾਂ ਗੁੰਦੀਆਂ ਜਾਣ ਲੱਗ ਪਈਆਂ ਨੇ। ਦਫਤਰਾਂ ਵਿੱਚ ਮੁਲਾਜਮ ਆਪਣੇ ਅਧਿਕਾਰੀਆਂ ਦੀ ਚਾਪਲੂਸੀ ਕਰਕੇ ਆਪਣੇ ਸਹਿਕਰਮੀਆਂ ਦੇ ਖਿ਼ਲਾਫ ਕੰਨ ਭਰਦੇ ਨੇ। ਤੋਹਫਾ ਜਾਂ ਸੌਗਾਤ ਦੇਣ ਲੱਗਿਆਂ ਵੀ ਆਪਣਾ ਮਤਲਬ ਵੇਖਿਆ ਜਾਂਦੈ। ਹੁਣ ਰਿਸਤੇ ਨਿਭਾਏ ਨਹੀਂ ਜਾਂਦੇ ਤੇ ਨਾ ਹੀ ਮਾਣੇ ਜਾਂਦੇ ਨੇ। ਰਿਸਤੇ ਵੀ ਹੁਣ 'ਵਰਤੋ ਤੇ ਸੁੱਟੋ' ਵਰਗੀ ਵਸਤੂ ਬਣ ਗਏ ਹਨ।ਲੋਕ ਰਿਸਤਿਆਂ ਨੂੰ ਟੀਸੂ ਪੇਪਰ ਤੋਂ ਵੱਧ ਨਹੀਂ ਸਮਝ ਰਹੇ। ਪਹਿਲਾਂ ਲੋਕ ਰਿਸਤੇ ਬਚਾਉਣ ਅਤੇ ਬੋਲ ਪੁਗਾਉਣ ਲਈ ਜਾਨ ਲਾ ਦਿੰਦੇ ਸਨ,ਪਰ ਹੁਣ ਰਿਸਤੇ ਕੱਚੀਆਂ ਤੰਦਾਂ ਤੋਂ ਵੀ ਹੌਲੇ ਹੋ ਗਏ ਨੇ। ਇੱਕ ਰੱਜੇ ਪੁੱਜੇ ਪਰਿਵਾਰ ਦੇ ਇਕਲੌਤੇ ਨੌਜਵਾਨ ਦਾ ਰਿਸਤਾ ਘਰ ਵਾਲਿਆਂ ਨੇ ਉਸ ਦੀ ਰਜਾਮੰਦੀ ਨਾਲ ਬਰਾਬਰ ਦੇ ਚੰਗੇ ਖਾਨਦਾਨ ਵਿਚ ਕੀਤਾ। ਮੰਗਣੀ ਹੋਣ ਤੋਂ ਬਾਅਦ ਉਸ ਨੌਜਵਾਨ ਦੀ ਕਿਸੇ ਹੋਰ ਵਿਦੇਸੀ ਕੁੜੀ ਦੇ ਪਿਆਰ ਜਾਲ ਵਿਚ ਫਸ ਕੇ ਐਸੀ ਮੱਤ ਮਾਰੀ ਕਿ ਉਸ ਨੇ ਚੰਗੇ ਘਰ ਦੇ ਵਿੱਚ ਹੋਏ ਪਹਿਲੇ ਰਿਸਤੇ ਨੂੰ ਨਾਹ ਕਰ ਦਿੱਤੀ ਤੇ ਓਹ ਹੱਸਦਾ ਵੱਸਦਾ ਘਰ ਉੱਜੜ ਗਿਆ। ਉਸ ਵਿਦੇਸੀ ਕੁੜੀ ਦੀ ਬੇਗੈਰਤ ਮਾਂ ਨੇ ਆਖਿਆ ਕਿ ਪੰਜਾਬ ਵਿੱਚ ਰਿਸਤੇ ਨੂੰ ਨਾਹ ਕਰਨੀ ਕੀ ਔਖੀ ਹੈ ? ਮੰਗਣੇ 'ਤੇ ਕੁੜੀ ਵਾਲਿਆਂ ਦੇ ਲੱਗੇ ਪੈਸੇ ਅਦਾ ਕਰੋ ਤੇ ਰਿਸਤਾ ਤੋੜੋ।ਉਸ ਬੀਬੀ ਨੂੰ ਜਵਾਈ ਦੇ ਰੂਪ 'ਚ ਮਾਲਦਾਰ ਅਸਾਮੀ ਨਜਰ ਆ ਰਹੀ ਸੀ। ਓਹ ਪਰਿਵਾਰਾਂ ਦੇ ਸਤਿਕਾਰਤ ਸਭਿਆਚਾਰ, ਅਣਖ ਗੈਰਤ ਤੇ ਸਰਮ ਹਯਾ ਤੋਂ ਅਣਭਿੱਜ ਸੀ। ਆਖਿਰ ਆਪਣੀ ਵਿਧਵਾ ਮਾਂ ਤੇ ਭੈਣਾਂ ਦੀਆਂ ਸੱਧਰਾਂ ਤੇ ਚਾਅਵਾਂ ਦਾ ਕਤਲ ਕਰ ਕੇ ਓਹ ਨੌਜਵਾਨ ਇੱਕਲਾ ਹੀ ਬਰਾਤ ਚੜ੍ਹਿਆ। ਮਾਨਸਿਕ ਤਣਾਓ, ਆਤਮਹੱਤਿਆ ਤੇ ਹੋਰ ਕਈ ਸਰੀਰਕ ਰੋਗਾਂ ਦਾ ਮੂਲ ਕਾਰਨ ਰਿਸਤਿਆਂ ਦੀ ਸੰਭਾਲ ਨਾ ਕਰਨਾ ਹੈ। ਗਵਾਂਢੀਆਂ ਨਾਲ ਕੋਈ ਰਿਸਤਾ ਨਾ ਹੋਣ ਦੇ ਬਾਵਜੂਦ ਵੀ ਕਈ ਕਈ ਪੀੜ੍ਹੀਆਂ ਤੱਕ ਨਿਭਾਇਆ ਜਾਂਦਾ ਸੀ, ਪਰ ਹੁਣ ਇੱਕ ਪਰਿਵਾਰ ਵਿੱਚ ਹੁੰਦਿਆਂ ਵੀ ਇੱਕ ਦੂਜੇ ਤੋਂ ਅਣਭਿੱਜ ਹਾਂ। ਹਰ ਕੋਈ ਆਪਣੇ ਮੋਬਾਇਲ ਵਿੱਚ ਵਿਅਸਤ ਹੈ।ਪਹਿਲਾਂ ਘਰ ਦੇ ਕਮਰਿਆਂ ਤੋਂ ਲੈ ਕੇ ਕੱਪੜਿਆਂ ਤੱਕ ਸਭ ਸਾਂਝੇ ਹੁੰਦੇ ਸਨ, ਪਰ ਹੁਣ ਹਰ ਵਸਤੂ ਨਿੱਜੀ ਹੈ। ਇਸ ਨਿਜ ਨੇ ਵੀ ਰਿਸਤੇ ਖਤਮ ਕੀਤੇ ਹਨ। ਪਤਾ ਹੀ ਨਹੀਂ ਲੱਗ ਰਿਹਾ ਕਿ ਇੰਟਰਨੈੱਟ ਦੂਰੋਂ ਨਜਦੀਕ ਲਿਆਉਣ ਦਾ ਸਾਧਨ ਬਣਿਆ ਜਾਂ ਨੇੜਿਓਂ ਦੂਰ। ਕਹਿੰਦੇ ਨੇ ਕਿ ਦੁਨੀਆਂ ਇੱਕ ਗਲੋਬਲ ਪਿੰਡ ਬਣ ਗਿਐ ਪਰ ਜਾਪਦਾ ਇੰਦਾਂ ਕਿ ਜਿਵੇਂ ਇੱਕ ਘਰ ਵਿੱਚ ਹੁੰਦੇ ਹੋਏ ਵੀ ਵੱਖਰੇ ਵੱਖਰੇ ਮਹਾਂਦੀਪ ਜਾਂ ਵਿਦੇਸਾਂ 'ਚ ਰਹਿੰਦੇ ਹੋਈਏ। ਜਿਸਮਾਨੀ ਤੌਰ 'ਤੇ ਭਾਵੇਂ ਮਿਲਦੇ ਹੋਈਏ ਪਰ ਅੰਦਰੂਨੀ ਬਹੁਤ ਲੰਮੀਆਂ ਦੂਰੀਆਂ ਪੈ ਗਈਆਂ ਨੇ। ਭੈਣਾਂ ਭਰਾਵਾਂ ਦੇ ਬੱਚਿਆਂ ਦੀ ਪੜਾਈ, ਯੋਗਤਾ ਅਤੇ ਵਿੱਦਿਅਕ ਜਮਾਤਾਂ ਵਿੱਚ ਨੰਬਰਾਂ ਦੇ ਮੁਕਾਬਲੇ ਵੀ ਆਪਸੀ ਪਿਆਰ ਨੂੰ ਢਾਅ ਲਾ ਰਹੇ ਨੇ ਅਤੇ ਈਰਖਾ ਉਪਜਾ ਰਹੇ ਨੇ। ਪਹਿਲਾਂ ਜੇਕਰ ਕਿਸੇ ਸਕੇ ਸਬੰਧੀ ਦੇ ਧੀ ਪੁੱਤਰ ਦੇ ਜਮਾਤ ਵਿੱਚੋਂ ਚੰਗੇ ਨੰਬਰ ਆਉਣੇ ਜਾਂ ਕਿਸੇ ਹੋਰ ਖੇਤਰ ਵਿੱਚ ਤਰੱਕੀ ਕਰਨੀ ਤਾਂ ਜਿੱਥੇ ਮਾਪਿਆਂ ਦੇ ਚਾਅ ਸਾਂਭੇ ਨਾ ਜਾਣੇ ਓਥੇ ਸਕੀਰੀਆਂ ਨੇ ਵੀ ਖੁਸੀ 'ਚ ਖੀਵੇ ਹੋਣਾ ਤੇ ਮਾਣ ਮਹਿਸੂਸ ਕਰਨਾ ਪਰ ਹੁਣ ਤਾਂ ਆਪਸੀ ਸਾੜੇ ਕਰਕੇ ਬੱਚਿਆਂ ਦੇ ਮਨਾਂ 'ਚ ਵੀ ਨਫਰਤ ਦਾ ਬੀਅ ਬੋਅ ਦਿੱਤਾ ਜਾਂਦੈ। ਕਿਸੇ ਰਿਸਤੇਦਾਰੀ ਵਿੱਚ ਇੱਕ ਨੌਜਵਾਨ ਦੀ ਸਿਆਣਪ ਤੇ ਦੂਰਅੰਦੇਸੀ ਦੀ ਉਸ ਦੇ ਨਾਨਕੇ ਦਾਦਕੇ ਇਸ ਕਦਰ ਸਤਿਕਾਰ ਕਰਦੇ ਸਨ ਕਿ ਓਹ ਕਿਸੇ ਵੀ ਕਾਰਜ ਵੇਲੇ ਨੇਕ ਸਲਾਹ ਦਿੰਦਾ ਤੇ ਹਰ ਕਿਸੇ ਦੇ ਕੰਮ ਆਉਂਦਾ। ਸਾਰੇ ਉਸ ਨੂੰ ਪੁੱਛ ਕੇ ਤੁਰਦੇ ਸਨ। ਪਰ ਸਮੇਂ ਨਾਲ ਜਦੋਂ ਰਿਸਤੇਦਾਰਾਂ ਦੇ ਆਪਣੇ ਬੱਚੇ ਉਡਾਰੂ ਹੋ ਗਏ ਤਾਂ ਓਹਨਾਂ ਉਸ ਭਲੇ ਨੌਜਵਾਨ ਨੂੰ ਟਿੱਚ ਜਾਣਨਾ ਸੁਰੂ ਕਰ ਦਿੱਤਾ ਤੇ ਆਪਣੇ ਆਪ ਨੂੰ ਜਿਆਦਾ ਸਿਆਣੇ ਮੰਨਣ ਲੱਗ ਪਏ। ਪੂੰਜੀਵਾਦ ਨੇ ਰਿਸਤਿਆਂ 'ਤੇ ਬਹੁਤ ਵੱਡੀ ਸੱਟ ਮਾਰੀ ਹੈ। ਪਦਾਰਥਵਾਦੀ ਸਮਾਜ ਵਿੱਚ ਲੋਕ ਪੈਸਿਆਂ 'ਚ ਖੁਸੀਆਂ ਲੱਭਦੇ ਮਤਲਬਪ੍ਰਸਤ ਹੋਈ ਜਾ ਰਹੇ ਨੇ , ਜਦੋਂ ਕਿ ਮੁਸੀਬਤ ਵੇਲੇ ਪੈਸਾ ਨਹੀਂ, ਆਪਣਿਆਂ ਦਾ ਦਿਲਾਸਾ ਅਤੇ ਸਾਥ ਕੰਮ ਆਉਂਦੈ। ਸੋ ਆਓ ਰਿਸਤਿਆਂ ਦੇ ਨਿੱਘ ਨੂੰ ਮਾਣੀਏ ਤੇ ਇਹਨਾਂ ਦੀ ਕਦਰ ਕਰਨੀ ਸਿੱਖੀਏ।।

# ਕਿਹੋ ਜਿਹਾ ਹੋਵੇ ਜੀਵਨ



ਸੰਜੀਵ ਸਿੰਘ ਸੈਣੀ,
ਮੋਹਾਲੀ 7888966168

ਜ਼ਿੰਦਗੀ ਖੂਬਸੂਰਤ ਹੈ। ਜਿ਼ੰਦਗੀ ਵਿੱਚ ਹਰ ਪਲ ਦਾ ਆਨੰਦ ਮਾਣੋ।ਹਰ ਇਨਸਾਨ ਵਿੱਚ ਚੰਗੇ ਗੁੱਣ ਵੀ ਹੁੰਦੇ ਹਨ, ਤੇ ਮਾੜੇ ਗੁੱਣ ਵੀ ਹੁੰਦੇ ਹਨ। ਮਨੁੱਖ ਗਲਤੀਆਂ ਦਾ ਪੁਤਲਾ ਹੈ।ਹਰ ਇਨਸਾਨ ਵਿੱਚ ਕੋਈ ਨਾ ਕੋਈ ਕਾਬਲੀਅਤ ਹੁੰਦੀ ਹੈ। ਆਪਣੀ ਕਾਬਲੀਅਤ ਨੂੰ ਦੂਜਿਆਂ ਸਾਹਮਣੇ ਜਰੂਰ ਰੱਖਣਾ ਚਾਹੀਦਾ ਹੈ। ਹਰ ਇਨਸਾਨ ਦਾ ਆਪਣੇ ਆਪ ਨੂੰ ਪੇਸ ਕਰਨ ਦਾ ਵੱਖ-ਵੱਖ ਨਜਰੀਆ ਹੁੰਦਾ ਹੈ। ਕੋਈ ਇਨਸਾਨ ਮੈਡੀਕਲ ਖੇਤਰ ਵਿਚ ਜਾਂਦਾ ਹੈ, ਕੋਈ ਇੰਜੀਨੀਅਰ, ਕੋਈ ਖਿਡਾਰੀ ,ਕੋਈ ਕਾਨੂੰਨ ,ਕੋਈ ਏਅਰ ਫੋਰਸ,ਆਰਮੀ ਕੋਈ ਵਿਦੇਸ। ਕਹਿਣ ਦਾ ਮਤਲਬ ਇਹ ਕਿ ਜਿਹੜੇ ਖੇਤਰ ਵਿੱਚ ਇਨਸਾਨ ਦੀ ਦਿਲਚਸਪੀ ਹੁੰਦੀ ਹੈ, ਉਸ ਖੇਤਰ ਵਿਚ ਜਾਂਦਾ ਹੈ । ਕਿਸੇ ਦਾ ਡਰਾਇੰਗ, ਪੇਂਟਿੰਗ ਕਰਨ ਦਾ ਸੌਕ ਹੁੰਦਾ ਹੈ। ਆਪਣੇ ਹੁਨਰ ਨੂੰ ਦੂਜਿਆਂ ਸਾਹਮਣੇ ਜਰੂਰ ਉਜਾਗਰ ਕਰਨਾ ਚਾਹੀਦਾ ਹੈ।

ਕਹਿਣ ਦਾ ਮਤਲਬ ਇਹ ਹੈ ਕਿ ਜਿਸ ਵਿਅਕਤੀ ਦੇ ਅੰਦਰ ਕਿਸੇ ਵੀ ਤਰ੍ਹਾਂ ਦਾ ਹੁਨਰ ਹੈ, ਉਸ ਮੁਤਾਬਕ ਉਸ ਨੂੰ ਮਿਹਨਤ,ਯਤਨ ਜਰੂਰ ਕਰਨੇ ਚਾਹੀਦੇ ਹਨ। ਆਪਣੇ ਅੰਦਰ ਜਰੂਰ ਝਾਤੀ ਮਾਰ ਲੈਣੀ ਚਾਹੀਦੀ ਹੈ। ਸਵੈ ਪੜਚੋਲ ਕਰਨਾ ਚਾਹੀਦਾ ਹੈ। ਜਿੰਨਾ ਵੀ ਸਾਡੇ ਕੋਲ ਹੈ ,ਉਸ ਵਿੱਚ ਸਬਰ ਸੰਤੋਖ ਕਰਨਾ ਚਾਹੀਦਾ ਹੈ। ਆਪਣੀ ਥੱਲੇ ਵੀ ਝਾਤੀ ਮਾਰ ਕੇ ਦੇਖੋ ,ਜਿਨ੍ਹਾਂ ਕੋਲ ਰਹਿਣ ਲਈ ਘਰ ਤੱਕ ਵੀ ਨਹੀਂ ਹਨ। ਹਰ ਛੋਟੀ ਛੋਟੀ ਗੱਲ ਤੇ ਗਿਲਾ ਸਿ਼ਕਵਾ ਨਹੀਂ ਕਰਨਾ ਚਾਹੀਦਾ। ਪਰਮਾਤਮਾ ਦਾ ਹਮੇਸਾਂ ਸੁਕਰਗੁਜਾਰ ਕਰੋ। ਅਕਸਰ ਅਸੀ ਦੇਖਦੇ ਹਾਂ ਕਿ ਵੱਡੇ ਸਹਿਰਾਂ ਵਿੱਚ ਕਈ ਗਰੀਬ ਪਰਿਵਾਰ ਵੱਡੇ-ਵੱਡੇ ਪਾਈਪਾਂ ਵਿੱਚ ਰਹਿੰਦੇ ਹਨ। ਜਾਂ ਜੋ ਝੂੰਗੀ , ਝੋਪੜੀਆਂ ਵਾਲੇ ਹੁੰਦੇ ਹਨ ਉਹ ਹਰ ਰੋਜ ਕਮਾਉਂਦੇ ਹਨ। ਫਿਰ ਵੀ ਉਹਨਾਂ ਦੇ ਚਿਹਰੇ ਤੇ ਖੁਸੀ ਹੁੰਦੀ ਹੈ ।ਉਹ ਵਰਤਮਾਨ ਬਾਰੇ ਸੋਚਦੇ ਹਨ। ਭਵਿੱਖ ਦੀ ਬਿਲਕੁਲ ਵੀ ਫਿ਼ਕਰ ਨਹੀਂ ਕਰਦੇ।

ਅੱਜ ਦੇ ਜਮਾਨੇ ਵਿਚ ਪੈਸੇ ਦੀ ਹੋੜ੍ਹ ਜਿ਼ਆਦਾ ਹੈ। ਭਰਾ-ਭਰਾ ਦਾ ਦੁਸਮਣ ਹੈ। ਘਰ ਵਿੱਚ ਬਜੁਰਗਾਂ ਦਾ ਸਤਿਕਾਰ ਬਿਲਕੁਲ ਵੀ ਨਹੀਂ ਹੈ।ਅੱਜ ਦਾ ਇਨਸਾਨ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਤੇ ਲੱਗਾ ਹੋਇਆ ਹੈ। ਜਮੀਨ ਜਾਇਦਾਦਾਂ ਕਰਨ ਇੱਕ-ਦੂਜੇ ਦਾ ਘਰ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ। ਰਿਸਤਿਆਂ ਦਾ ਘਾਣ ਹੋ ਚੁੱਕਿਆ ਹੈ। ਅਸੀਂ ਸੰਸਾਰ ਨਾਲ ਜੁੜਦੇ ਹਾਂ, ਪਰ ਖੁਦ ਨਾਲੋਂ ਕੱਟੇ ਜਾਂਦੇ ਹਾਂ। ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬਦਲੋ ।ਘਰ ਵਿਚ ਸਾਂਤੀ ਦਾ ਮਾਹੌਲ ਰੱਖੋ। ਖੁਸੀ ਆਪਣੇ ਅੰਦਰੋਂ ਲੱਭੋ।ਕੋਈ ਵੀ ਚੰਗੇ ਕੰਮ ਦੀ ਸੁਰੂਆਤ ਪਹਿਲਾਂ ਆਪਣੇ ਘਰ ਤੋਂ ਹੀ ਹੁੰਦੀ ਹੈ। ਜੇ ਅਸੀਂ ਆਪਣੇ ਆਪ ਨੂੰ ਬਦਲਾਂਗੇ ,ਤਾਂ ਸਾਡੀ ਦੇਖਾਦੇਖੀ ਵਿੱਚ ਪਰਿਵਾਰਿਕ ਮੈਂਬਰ , ਦੋਸਤ ਆਪਣੇ ਆਪ ਨੂੰ ਬਦਲਣਗੇ। ਸਾਰਿਆਂ ਦੀ ਤਰੱਕੀ ਨੂੰ ਦੇਖ ਕੇ ਖੁਸ ਹੋਵੋ। ਕਿਸੇ ਪ੍ਰਤੀ ਆਪਣੇ ਦਿਲ ਅੰਦਰ ਨਫਰਤ ਨਾ ਰੱਖੋ। ਮਤਲਬ ਦੀ ਦੋਸਤੀ ਨਾ ਰੱਖੋ। ਜਿਸ ਨੂੰ ਆਪਣਾ ਦੋਸਤ ਬਣਾਇਆ ਹੈ, ਉਸ ਨਾਲ ਦੋਸਤੀ ਦੇ ਫਰਜ ਅਦਾ ਕਰੋ। ਉਸ ਦੋਸਤ ਦੀ ਕਿਤੇ ਵੀ ਨਿੰਦਾ ਚੁਗਲੀ ਨਾ ਕਰੋ । ਦੋਸਤ ਦੇ ਦੁੱਖ-ਸੁੱਖ ਵਿਚ ਸਰੀਕ ਹੋਵੋ। ਜੇ ਤੁਹਾਨੂੰ ਅਸਫਲਤਾ ਮਿਲੀ ਹੈ, ਤਾਂ ਗਲਤੀਆਂ ਤੋਂ ਸਿੱਖੋ। ਗਲਤੀਆਂ ਨੂੰ ਨਾ ਦੋਹਰਾਓ। ਟੀਚਾ ਹਾਸਿਲ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਨਕਰਾਤਮਕ ਲੋਕਾਂ ਸੰਗ ਦੋਸਤੀ ਨਾ ਕਰੋ। ਹਮੇਸਾ ਚੰਗਾ ਸੋਚੋ। ਘਰ ਵਿਚ ਕਈ ਵਾਰ ਮਨ ਮੁਟਾਵ ਵੀ ਹੋ ਜਾਂਦਾ ਹੈ ।ਕੋਈ ਅਜਿਹਾ ਗਲਤ ਕਦਮ ਨਾ ਚੁੱਕੋ ਜਿਸ ਨਾਲ ਪਰਿਵਾਰ ਨੂੰ ਸਰਮਿੰਦਾ ਹੋਣਾ ਪਵੇ। ਸਕਾਰਾਤਮਕ ਸੋਚ ਰੱਖੋ। ਚੰਗੇ ਲੋਕਾਂ ਦੀ ਜੀਵਨੀ ਪੜ੍ਹੋ ,ਜਿਸ ਨਾਲ ਜੀਵਨ ਨੂੰ ਸੇਧ ਮਿਲੇ। ਜੇ ਕਿਸੇ ਕੰਮ ਨੂੰ ਕਰਦੇ ਹੋਏ ਖੁਸੀ ਨਾ ਮਿਲੇ ਤਾਂ ਉਸ ਨੂੰ ਸਾਰਥਕ ਬਣਾਉਣ ਦਾ ਤਰੀਕਾ ਲਭੋ। ਲੋੜਵੰਦਾਂ ਦੀ ਮਦਦ ਕਰੋ। ਹਮੇਸਾ ਚੰਗਾ ਸੋਚੋ। ਕਿਸੇ ਨੂੰ ਬੇਵਜ੍ਹਾ ਤੰਗ ਨਾ ਕਰੋ। ਜੇ ਅਸੀਂ ਕਿਸੇ ਨੂੰ ਤੰਗ ਪ੍ਰੇਸਾਨ ਕਰਦੇ ਹਾਂ ਤਾਂ ਤਕਲੀਫ ਤਾਂ ਸਾਨੂੰ ਵੀ ਹੁੰਦੀ ਹੈ। ਜੇ ਅਸੀਂ ਆਪਣੀ ਸਮਰਥਾ ਅਤੇ ਦਿਲਚਸਪੀ ਮੁਤਾਬਕ ਅੱਗੇ ਵਧਾਂਗੇ, ਤਾਂ ਸਫਲਤਾ ਵੀ ਜਰੂਰ ਮਿਲੇਗੀ।

# ਪਰਦੇ ਉਹਲੇ ਦੀਆਂ ਖੁਸ਼ੀਆਂ



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ
ਮੋਬ 78374-90309

ਮਨੁੱਖੀ ਜੀਵਨ ਬਹੁਤ ਖੂਬਸੂਰਤ ਹੈ ਇਸ ਦੇ ਹਰ ਪਲ ਨੂੰ ਅਨੰਦ ਵਿੱਚ ਮਾਨਣਾ ਚਾਹੀਦਾ ਹੈ. ਭਾਵੇਂ ਅਸੀ ਦੂਜਿਆਂ ਨੂੰ ਖੁੱਲ੍ਹੀ ਕਿਤਾਬ ਵਾਂਗ ਵਿਚਰਨ ਦੀਆ ਲੱਖ ਨਸੀਹਤਾਂ ਦੇ ਦੇਈਏ ਪਰ ਉਸ ਤੇ ਅਮਲ ਕਰਨਾ ਕੋਈ ਸਧਾਰਨ ਕੰਮ ਨਹੀਂ. ਸਮਾਜ ਦੇ ਹਰ ਵਰਗ ਲ਼ਈ ਪਰਦਾ ਜਾ ਉਹਲਾ ਦੀ ਭੂਮਿਕਾ ਬੁਹਮੁੱਲੀ ਹੈ ।ਇਹ ਸਮਾਜਕ ਕਦਰਾਂ ਕੀਮਤਾਂ ਨੂੰ ਨਿਵਣ ਨਹੀ ਦਿੰਦਾ. ਅਸੀਂ ਜਿ?ਦਗੀ ਦੇ ਕਈ ਪੱਖ ਪਰਦੇ ਵਿੱਚ ਰੱਖ ਕੇ ਵੀ ਅਸੀਮ ਖੁਸੀਆਂ ਮਾਣਦਾ ਹਾਂ. ਪਰਦੇ ਦੀ ਸਮੂਲੀਅਤ ਨੂੰ ਨਜਰ ਅੰਦਾਜ ਕਰਨਾ ਅਸੰਭਵ ਹੈ । ਇਹ ਜਨਮ,ਮਰਨ,ਰਹਿਣ, ਖਾਣ-ਪੀਣ ਤੋ ਇਲਾਵਾ ਸਮਾਜਿਕ ,ਆਰਥਿਕ ਤੇ ਰਾਜਨੀਤਿਕ ਗਲਿਆਰਾਂ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ. ਪਰਦੇ ਹਮੇਸਾ ਕੁਝ ਲੁਕਾਉਂਦੇ ਹਨ, ਚੰਗਾ ਜਾਂ ਬੁਰਾ! ਉਹਨਾਂ ਦਾ ਕੰਮ ਛੁਪਾਉਣਾ ਹੈ .ਜੇ ਤੁਸੀਂ ਕਿਸੇ ਬੁਰਾਈ ਨੂੰ ਢੱਕਣ ਵਾਲਾ ਪਰਦਾ ਦੇਖਦੇ ਹੋ, ਤਾਂ ਇਸ ਨੂੰ ਸੁੱਟ ਦਿਓ , ਉਹ ਖੜੋਤ ਪੈਦਾ ਕਰੇਗਾ "ਪਰਦੇ ਸਾਡੇ ਕੈਦੀ ਹਨ " ਮਨੁੱਖੀ ਸੋਚ ਤੇ ਪਰਦੇ ਉਦੋਂ ਹੀ ਆਜਾਦ ਮਹਿਸੂਸ ਕਰਦੇ ਹਨ ਜਦੋਂ ਉਹ ਖਿੜਕੀਆਂ (ਦਾਇਰੇ) ਤੋਂ ਬਾਹਰ ਨਿਕਲ ਕੇ ਉੱਡਦੇ ਹਨ .ਕਿਸੇ ਦੀ ਜਾਨ ਬਚਾਉਣ ਜਾਂ ਸਮਾਜ ਭਲਾਈ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਛੋਟੀਆਂ ਗੱਲਾਂ ਤੇ ਪਰਦਾ ਪਾਉਣਾ ਕੋਈ ਵੱਡੀ ਗੱਲ ਨਹੀਂ ਹੁੰਦੀ.

ਸਾਡੀ ਰੋਜ ਮਰਾ ਦੀ ਜਿ?ਦਗੀ ਦੀਆਂ ਖੁਸੀਆਂ ਪਰਦੇ ਦੇ ਓਹਲੇ ਵਿਚੋ ਹੀ ਮਿਲਦੀਆ ਹਨ . ਜਿਸ ਕਰਕੇ ਜੋ ਦਿਖਾਈ ਦਿੰਦਾ, ਉਹ ਹੁੰਦਾ ਨਹੀਂ ਜੋ ਹੁੰਦਾ ਹੈ ਉਹ ਦਿਖਾਈ ਨਹੀਂ ਦਿੰਦਾ. ਇਸੇ ਭਰਮ ਦੇ ਪਰਦੇ ਵਿਚ ਸਦੀਆਂ ਤੋਂ ਦੁਨੀਆਂ ਬੇਰੋਕ ਚੱਲ ਰਹੀ ਹੈ. ਬਹਤੇ ਮਨੁੱਖ ਜਿੰਦਗੀ ਦੀਆਂ ਅਣਸੁਖਾਵੀਆਂ ਘਟਨਾਵਾਂ ਦਿਲਾਂ ਵਿੱਚ ਲੈ ਕੇ ਹੀ ਜਹਾਨੋਂ ਕੂਚ ਕਰ ਜਾਂਦੇ ਹਨ. ਸਾਇਦ ਉਹਨਾਂ ਨੂੰ ਦੱਸਣ ਨਾਲੋਂ ਪਰਦਾ ਪਾਉਣਾ ਜਿ?ਆਦਾ ਸੁੱਖਮਈ ਹੋਵੇਗਾ . ਪਰਦੇ ਦਾ ਸਬੰਧ ਜਨਮ ਤੋਂ ਲੈ ਕੇ ਮਰਨ ਤੱਕ ਨਾਲੋ ਨਾਲ ਚੱਲਦਾ ਹੈ ।ਇਸੇ ਲਈ ਜਨਮ ਪਿੱਛੋਂ ਕਪੜੇ ਪਾ ਕੇ ਹੀ ਲੋਕਾਂ ਦੇ ਸਾਹਮਣੇ ਆਉਂਦੇ ਹਨ ਤੇ ਆਖਰੀ ਰਵਾਨਗੀ ਸਮੇਂ ਮੂੰਹ ਵੀ ਦਿਖਾਈ ਨਹੀ ਦਿੰਦਾ. ਇਹ ਦੁਨੀਆਂ ਵਿਚ ਵਿਚਰਨ ਦੀ ਤਹਿਜੀਬ ਸਿਖਾਉਂਦਾ ਹੈ. ਪੁਰਾਣੇ ਸਮੇਂ ਵਿੱਚ ਔਰਤਾਂ ਘੁੰਡ (ਪਰਦਾ) ਕੱਢਦੀਆ ਸਨ । ਜੋ ਸਤਿਕਾਰ ਦਾ ਪ੍ਰਤੀਕ ਸੀ . ਜਿਸ ਨੂੰ ਸਭ ਧਰਮਾਂ ਨੇ ਬਰਾਬਰ ਦੀ ਮਾਨਤਾ ਬਖਸੀ. ਸਾਡੇ ਪੁਰਖਿਆ ਨੇ ਪੂਜਾ ,ਦੌਲਤ ,ਖਾਣ ਦੀਆਂ ਵਸਤਾਂ ਨੂੰ ਦਿਖਾਵੇ ਤੋ ਮਨਾਹੀ ਕੀਤੀ . ਪਰ ਨਵੀ ਪੀੜੀ ਨੇ ਇਸ ਪ੍ਰਥਾ ਦਾ ਮੁੱਢ ਕੁਦੀਮੋ ਹੀ ਭੋਗ ਪਾ ਦਿੱਤਾ ।ਹੁਣ ਕਾਰ,ਘਰ,ਕੱਪੜੇ ਤਾਂ ਛੱਡੋ ,ਹੋਟਲ ਖਾਣਾ ਖਾਣ ਤੋ ਪਹਿਲਾ ਦੀ ਸੋਸਲ ਮੀਡੀਆ ਤੇ ਖਾਣੇ ਦੀ ਫੋਟੋ ਪੈ ਜਾਦੀ ਹੈ. ਪੁਰਾਣੇ ਸਮੇਂ ਵਿੱਚ ਲੋਕ ਪਾਠ ਪੂਜਾ ਦਾ ਪੁੰਨ ਪਰਦੇ ਵਿਚ ਕਰਨ ਨਾਲ ,ਭੋਜਨ ਪਰਦੇ ਵਿਚ ਕਰਨ ਨਾਲ ਬੁੱਧੀ ਤੇ ਨਾਰੀ ਦੀ ਸੁੰਦਰਤਾ ਪਰਦੇ ਪਿੱਛੇ ,ਧੰਨ ਦਾ ਵਾਧੇ ਲਈ ਵੀ ਪਰਦਾ ਹੋਣਾ ਲਾਜਮੀ ਮੰਨਦੇ ਹੋਏ " ਭੋਜਨ , ਭਜਨ ,ਖਜਾਨਾ ,ਨਾਰੀ " ਚਾਰੋ ਪਰਦੇ ਦੇ ਅਧਿਕਾਰੀ ਵਰਗੇ ਪ੍ਰਬਚਨਾ ਤੇ ਪਹਿਰਾ ਦਿੰਦੇ ਸਨ

ਸੋਸਲ ਮੀਡੀਆ ਦੇ ਯੁੱਗ ਵਿੱਚ ਸਮਾਨ ਵੇਚਣ ਲਈ ਮਸਹੂਰੀ ਜਰੂਰੀ ਹੈ ਪਰ ਇਹ ਸਿਧਾਂਤ ਨਿੱਜੀ ਜਿੰਦਗੀ ਲਈ ਲਾਜਮੀ ਨਹੀਂ. ਜਿਸ ਪਾਸੇ ਤੋ ਰੋਕ ਹੋਵੇ ਮਨੁੱਖੀ ਸੁਭਾਅ ਦਾ ਝੁਕਾਅ ਉਧਰ ਜਿਆਦਾ ਹੁੰਦਾ ਹੈ .ਭਾਰਤ ਦੀ ਨੌਜਵਾਨੀ ਤੋ ਵੱਡੀ ਉਦਾਹਰਨ ਕੋਈ ਹੋਰ ਨਹੀ ਹੋ ਸਕਦੀ । ਅਸੀ ਮਹਾਨ ਯੋਧਿਆਂ ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਦੇ ਵਾਰਸਾ .ਜਿਨ੍ਹਾਂ ਦੇ ਸੰਸਕਾਰਾਂ ਸਦਕੇ ਦੁਨੀਆਂ ਵਿੱਚ ਸਾਡਾ ਵੱਖਰਾ ਮੁਕਾਮ ਹੈ । ਕੀ ਇਹ ਵਿਰਾਸਤੀ ਪਹਿਚਾਣ ਬਣਾਈ ਰੱਖਣਾ ਜਰੂਰੀ ਨਹੀ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗਾ ਤੇ ਨਰੋਇਆਂ ਵਿਰਸਾ ਮਿਲ ਸਕੇ .

ਜਿੱਥੇ ਵਿਰਾਸਤ ਨਾਲ ਪਰਦੇ ਦੀ ਗੂੜ੍ਹੀ ਸਾਂਝ ਹੈ ਉਥੇ ਹੀ ਹਿੰਦੀ ਸਿਨੇਮੇ ਨੇ ਪਰਦੇ ਨੂੰ ਫਿਲਮੀ ਪਰਦੇ ਤੇ ਬਖੂਬੀ ਪੇਸ ਕੀਤਾ ਹੈ .ਇਸ ਨਾਲ ਮੌਜੂਦਾ ਦੌਰ ਵਿੱਚ ਨਾਚ ਜਾ ਕਸਰਤ ਦੀਆਂ ਵੰਨਗੀਆਂ ਹੀ ਪੇਸ ਕੀਤੀਆਂ ਹਨ ਪਰ 50ਵੇਂ ਦੇ ਦਹਾਕੇ ਵਿਚ ਪਰਦੇ ਦੀ ਪੇਸਗੀ ਨਿਰਾਲੀ ਸ਼ੀ. ਪੰਜਾਬ ਦੇ ਮਸਹੂਰ ਲੇਖਕ ਸਾਹਿਰ ਲੁਧਿਆਣਵੀ ਦੁਆਰਾ ਲਿਖਿਆ ਸਾਧਨਾ ਫਿਲਮ ਦੀ ਕਵਾਲੀ " ਆਜ ਕਿਊ ਹਮ ਸੇ ਪਰਦਾ ਹੈ " ਦੇ ਰਾਹੀਂ ਨਿਰਾਜਗੀ ਤੇ ਪਰਦੇ ਦੇ ਸੁਮੇਲ ਦਾ ਅਨੂਠਾ ਮੇਲ ਪੇਸ ਕੀਤਾ.

ਸੰਨ 1968 ਵਿੱਚ ਧਰਮਿੰਦਰ ਦੀ ਅਦਾਕਾਰੀ ਨਾਲ ਸਜੀ ਸਿਕਾਰ ਫਿ?ਲਮ ਦੇ ਗੀਤ ਵਿੱਚ ਆਸਾ ਪਾਰੇਖ ਪਰਦੇ ਨਾਲ ਗੁਝੇ ਭੇਤਾ ਨੂੰ ਛੁਪਾਉਦੀ ਹੋਈ ਬੇਹਤਰੀਨ ਅਦਾਕਾਰੀ ਦਾ ਮੁਜਾਹਰਾ ਕੀਤਾ ।ਪਰਦੇ ਵਿੱਚ ਭੇਤ ਛੁਪਾਉਣ ਦੇ ਵਲੇਵੇ ਨੂੰ ਹਸਰਤ ਜੈਪੁਰੀ ਨੇ ਸਬਦਾ ਨਾਲ ਗੀਤਕਾਰੀ ਦਾ ਉਮਦਾ ਜਾਲ ਬਣਾਇਆ ,

ਪਰਦੇ ਮੇ ਰਿਹਣੇ ਦੋ, ਪਰਦਾ ਨਾ ਉਠਾਓ
ਪਰਦਾ ਜੋ ਉਠ ਗਿਆ ਤੋ ਭੇਤ ਖੁਲ ਜਾਏਗਾ

ਪਰਦੇ ਅਤੇ ਭੇਤਾ ਦੀਆ ਇਹ ਉਲਝਣਾ ਭਰੇ ਗੀਤ ਦੀ ਤਾਜਗੀ ਪੰਜ-ਛੇ ਦਹਾਕਿਆਂ ਮਗਰੋਂ ਵੀ ਫਿੱਕੀ ਨਹੀਂ.

ਪਰਦੇ ਅੰਦਰ ਭੇਤ ਛੁਪਾਉਣ ਦੇ ਨਾਲੋ ਨਾਲ ਸਾਜਿਸਾਂ ਦੀ ਵੀ ਕਮੀ ਨਹੀ ।ਹਿੰਦੀ ਸਿਨੇਮੇ ਦੇ ਥੰਮ ਅਮਿਤਾਭ ਬੱਚਨ ਨੇ 1977 ਵਿੱਚ ਅਮਰ ਅਕਬਰ ਐਂਥਨੀ ਵਿੱਚ ਸਜਿਸਾ ਨੂੰ ਬੇਪਰਦਾ ਕਰਦਿਆ ਪਰਦੇ ਦਾ ਜਿ?ਕਰ ਕਰਨੋਂ ਨਹੀਂ ਰੁਕ ਸਕੇ ।ਗੀਤਕਾਰ ਅਨੰਦ ਬਖਸੀ ਨੇ ਬੇਪਰਦਾ ਕਰਨ ਦੇ ਮੇਲ ਨੂੰ ਬੜਾ ਨਾਪ ਤੋਲ ਕੇ ਬਿਰਤਾਂਤ ਸਿਰਜਿਆ .

ਪਰਦਾ ਹੈ ਪਰਦਾ ,ਪਰਦੇ ਕੇ ਪੀਛੇ ਪਰਦਾ ਨਸ਼ੀ ਹੈ
ਪਰਦਾ ਨਸ਼ੀ ਕੋ ਬਪਰਦਾ ਨਾ ਕਰਦੂ ਤੋ ਅਕਬਰ ਨਾਮ ਨਹੀ ਹੈ।

ਭਾਵੇਂ ਪਰਦੇ ਪਿੱਛੇ ਸਾਜਿਸਾਂ,ਭੇਤ ਤੇ ਨਿਰਾਜਗੀ ਸਭ ਮਿਲ ਜਾਂਦੇ ਹਨ. ਇਸੇ ਪਰਦੇ ਓਹਲੇ ਖੁਸੀਆਂ ਤੇ ਅਹਿਸਾਸ ਵੀ ਮੌਜੂਦ ਹਨ ਜੋ ਜਜਬਾਤਾ ਨੂੰ ਹੋਰ ਹਾਵੀ ਕਰਦੇ ਹਨ ਇਸ ਸਦਕੇ ਆਪਣੇ ਹਮਸਫਰ ਦੇ ਦੀਦਾਰ ਦੀ ਤਾਂਘ ਵਧਦੀ ਹੈ।1970 ਵਿੱਚ ਬਣੀ " ਏਕ ਫੂਲ ਦੋ " ਮਾਲੀ ਫਿਲਮ ਵਿੱਚ ਸੰਜੇ ਖਾਨ ਸਾਧਨਾ ਦੇ ਦੀਦਾਰ ਤੇ ਪਿਆਰ ਦੇ ਇਜਹਾਰ ਲਈ ਅਜਿਹਾ ਹੀ ਭਾਵਨਾਤਮਕ ਗੀਤ ਗਾਇਆ ।ਜਿਸਨੇ ਪਰਦੇ ਦੀ ਖੂਬਸੂਰਤੀ ਨੂੰ ਹੋਰ ਚਾਰ ਚੰਨ ਲਗਾ ਦਿੱਤੇ।

ਯੇ ਪਰਦਾ ਹਟਾ ਦੋ ,ਜਰਾ ਮੁਖੜਾ ਦਿਖਾ ਦੋ
ਹਮ ਪਿਆਰ ਕਰਨੇ ਵਾਲੇ ਹੈ ਕੋਈ ਗੈਰ ਨਹੀ ।

ਪੰਜਾਬੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਜੀ ਨੇ ਵੀ "ਪਰਦਾ ਕੱਜ ਲਈ ਸਾਈਆਂ ਮੇਰੀ ਚੰਗੀ ਮੰਦੀ ਦਾ "ਰਾਹੀ ਪਰਦੇ ਨੂੰ ਗੀਤ ਵਿਚ ਖੂਬਸੂਰਤੀ ਨਾਲ ਪੇਸ ਕੀਤਾ. ਆਪਣੇ ਗੀਤ ਦੇ ਰਾਹੀਂ ਗਾਹੇ-ਬ-ਗਾਹੇ ਹੋਈਆਂ ਗਲਤੀਆਂ ਉਪਰ ਪਰਮਾਤਮਾ ਨੂੰ ਪਰਦਾ ਪਾਉਣ ਦੀ ਅਰਜੋਈ ਕਰਦੇ ਹਨ. ਜੋ ਸਇਦ ਆਵਾਮ ਦੀਆ ਨਜਰਾ ਵਿਚ ਨਾ ਆਈਆਂ ਹੋਣ ਪਰ ਕਾਦਰ ਅੱਗੇ ਤਾ ਕੁਝ ਨਹੀ ਛੁਪਦਾ ।

ਰਾਜਨੀਤੀ ਦਾ ਸਫਰ ਪਰਦੇ ਤੋ ਬਿਨਾ ਸੰਭਵ ਹੀ ਨਹੀ ਹੈ।ਨੇਤਾ ਸਾਫ-ਪਾਕ ਦਿੱਖ ਪੇਸ ਕਰਦੇ ਹਨ ਤਾਂ ਜੋ ਲੋਕਾਂ ਦਾ ਵਿਸਵਾਸ ਬਣਿਆ ਰਿਹੇ .ਜੋ ਬਹੁਤੀ ਵਾਰ ਪਰਦਾ ਤਾਣ ਕੇ ਹੀ ਬਣਾਈ ਹੁੰਦੀ ਹੈ ਜਿਸ ਸਦਕਾ ਵਜੀਰੀਆ ਨਿਵਾਜੀਆ ਤੇ ਬਚਾਈਆ ਜਾਦੀਆ ਹਨ ।ਸਮੇ ਦੇ ਗੇੜ ਨਾਲ ਘਪਲੇ ਜਾ ਗੈਰ -ਸਮਾਜਿਕ ਕੰਮਾ ਤੋ ਪਰਦਾ ਉਠਦਿਆ ਪਾਰਟੀ ਮੈਬਰਸਿਪ ਵੀ ਨਹੀ ਰਹਿੰਦੀ ।ਅਜਿਹੀਆ ਅਨੇਕਾ ਉਦਾਹਰਨਾਂ ਹਨ ਜਦੋਂ ਤਾਅ ਉਮਰ ਦੀ ਕਮਾਈ ਰਾਜਸੀ ਟੋਹਰ ਆਖਰੀ ਸਮੇ ਉਠੇ ਪਰਦੇ ਕਾਰਨ ਮੁੱਠੀ ਵਿਚੋ ਰੇਤ ਵਾਗਰਾ ਕਿਰਦੀ ਹੈ. ਜਿੱਤਾਂ ਹਾਰਾਂ ਦੀ ਹਉਮੈ ਨੂੰ ਸਾਂਤ ਕਰਨ ਲਈ ਵੀ ਦੱਬੇ ਮੁਰਦੇ ਉਖਾੜਨ ਤੋਂ ਗੁਰੇਜ ਨਹੀਂ ਕਰਦੇ . ਜੋ ਕਈ ਵਾਰ ਰਾਜਸੀ ਜੀਵਨ ਦਾ ਅੰਤ ਲਈ ਆਖਰੀ ਕਿੱਲ ਸਾਬਤ ਹੁੰਦਾ ਹੈ .ਅਜੋਕੇ ਸਮੇਂ ਦੇ ਵਿੱਚ ਰਾਜਸੀ ਕਿੜ ਨੇ ਪਰਦੇ ਦੀ ਮਰਿਆਦਾ ਨੂੰ ਤਹਿਸ-ਨਹਿਸ ਕਰ ਦਿੱਤਾ ।ਪੈਸੇ ਦਾ ਪਰਦੇ ਮਨੁੱਖ ਨੂੰ ਗਰੀਬ ਨਹੀ ਹੋਣ ਦਿੰਦੇ ਇਸ ਲਈ ਸਭ ਬੱਚਿਆ ਦੇ ਮਾਪੇ ਉਹਨਾ ਲਈ ਰਾਜੇ ਹਨ ।ਨਹੀ ਤਾ ਦੇਸ਼ ਦੇ ਖਰਬਪਤੀਆ ਨੂੰ ਬਚਣ ਲਈ ਦੂਜੇ ਮਲਕਾ ਦੀ ਲੋੜ ਪੈਦੀ ਹੈ। ਕਦੇ ਇਹੋ ਲੋਕ ਪਰਦੇ ਦੇ ਸਹਾਰੇ ਮੈਗਜੀਨਾ ਦੇ ਪਹਿਲੇ ਪੰਨੇ ਦਾ ਸਿੰਗਾਰ ਬਣਦੇ ਹਨ ।

ਮਨੁੱਖੀ ਮਨ ਦੀ ਚੰਚਲਤਾ ਹਮੇਸਾ ਅਦਿੱਖ ਵਸਤੂਆਂ ਵੱਲ ਉਤੇਜਤ ਹੁੰਦੀ ਹੈ .ਉਸ ਦੇ ਮਨ ਨੂੰ ਆਪ ਮੁਹਾਰੇ ਉਮੜੀ ਖੁਸੀ ਨਹੀਂ ਭਾਉਂਦੀ ,ਸਗੋਂ ਦੂਜਿਆ ਦੇ ਪਰਦੇ ਵਿੱਚ ਸਾਭੇ ਦੁੱਖ,ਸੁੱਖ, ਭੇਤ ਤੇ ਸਾਜਿ?ਸਾਂ ਨੂੰ ਜਾਨਣ ਵਿੱਚ ਖੁਸੀ ਮਿਲਦੀ ਹੈ. ਸਦੀਆਂ ਤੋਂ ਇਹੋ ਚੱਲਿਆ ਆ ਰਿਹਾ ਹੈ ।ਪਰ ਅਜੋਕੇ ਸਮੇਂ ਵਿੱਚ ਇਹ ਮਨੋ ਦਸਾ ਨੂੰ ਬਦਲਣਾ ਜਰੂਰੀ ਹੈ. ਸਭ ਮਿਲ ਕੇ ਚੱਲਣ ਨਾਲ ਔਖੀਆ ਮੰਜਿਲਾ ਸਰ ਕਰ ਸਕਦੇ ਹਾ. ਪਰਦੇ ਦੀ ਮਰਿਆਦਾ ਜਿ?ਦਗੀ ਲਈ ਅਹਿਮ ਹੈ ਤੇ ਰਹੇਗੀ ਪਰ ਦੂਜਿਆਂ ਦੇ ਪਰਦੇ ਵਿੱਚ ਸਾਭੇ ਜਖੀਰੇ ਨੂੰ ਉਜਾਗਰ ਕਰਨਾ ਜਰੂਰੀ ਨਹੀਂ. ਬਸਰਤੇ ਸਾਨੂੰ ਹਲੀਮੀ ਨਾਲ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਤਾਂ ਜੋ ਪਰਦੇ ਓਹਲੇ ਦਾ ਸਰੂਰ ਬਣਿਆ ਰਹੇ. ਸਾਲਾ ! ਇਸ ਹਸਦੇ ਵਸਦੇ ਸੰਸਾਰ ਦੀਆ ਬੇਸੁਮਾਰ ਖੁਸੀਆਂ ਦੇ ਪਰਦਾ ਇਸ ਤਰਾ ਬਣਾਈ ਰੱਖੇ.

# ਨਿੱਕੀਆਂ ਗੱਲਾਂ ਵੱਡੇ ਰੋਗ

ਅੱਜ ਦਾ ਮਨੁੱਖ ਨੂੰ ਜਿ?ਦਗੀ ਜਿਊਣ ਲਈ ਬਹੁਤ ਸਾਰੇ ਪੱਖਾਂ ਤੋਂ ਜੱਦੋਜਹਿਦ ਕਰਦਾ ਨਜਰ ਆਉਂਦਾ ਹੈ, ਉਸ ਨੂੰ ਆਪਣੇ ਆਲੇ ਦੁਆਲੇ ਦੀਆਂ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ਤੇ ਬਹੁਤ ਸਾਰੀਆਂ ਗੱਲਾਂ ਨੂੰ ਅਣਗੌਲਿਆਂ ਵੀ ਕਰਨਾ ਪੈਂਦਾ ਹੈ। ਗੱਲ ਤਾਂ ਜਿ?ਦਗੀ ਨੂੰ ਸੁਖਾਲੇ ਤਰੀਕਿਆਂ ਨਾਲ ਜਿਊਣ ਦੀ ਹੁੰਦੀ ਹੈ। ਇਹੀ ਜਿ?ਦਗੀ ਜਿਊਣ ਦੀ ਜਾਚ ਹੁੰਦੀ ਹੈ। ਪਰ ਇਹ ਸਭ ਮਨੁੱਖ ਦੇ ਆਪਣੇ ਆਪਣੇ ਸੁਭਾਅ ਮੁਤਾਬਿਕ ਗੁਣਾਂ ਜਾਂ ਔਗੁਣਾਂ ਤੇ ਨਿਰਭਰ ਹੁੰਦਾ ਹੈ ਕਿਉਂਕਿ ਕਈ ਲੋਕ ਜਿ?ਦਗੀ ਵਿੱਚ ਬਹੁਤ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਹੀ ਵੱਡੇ ਰੋਗ ਬਣਾ ਕੇ ਸਹੇੜ ਲੈਂਦੇ ਹਨ ਤੇ ਕਈ ਲੋਕ ਵੱਡੀਆਂ ਵੱਡੀਆਂ ਗੱਲਾਂ ਨੂੰ ਵੀ ਹਲਕੇ ਵਿੱਚ ਲੈ ਕੇ ਆਪਣੇ ਜੀਵਨ ਉੱਪਰ ਕੋਈ ਬਹੁਤਾ ਦੂਰ ਪ੍ਰਭਾਵ ਨਹੀਂ ਪੈਣ ਦਿੰਦੇ।

**ਆਪਣੇ ਵੱਲੋਂ ਉਹ ਬੱਚੇ ਦੀ ਭਲਾਈ ਕਰ ਰਹੇ ਹੁੰਦੇ ਹਨ ਪਰ ਇਸ ਤਰ੍ਹਾਂ ਕਰਕੇ ਉਹ ਬੱਚਿਆਂ ਦੀਆਂ ਕੋਮਲ ਭਾਵਨਾਵਾਂ ਨੂੰ ਨਾ ਸਮਝਦੇ ਹੋਏ ਅੱਜ ਦੇ ਸਮੇਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਨ ਦੀ ਥਾਂ ਉਨ੍ਹਾਂ ਦੇ ਮਨ ਵਿੱਚ ਆਉਣ ਵਾਲੇ ਸਮੇਂ ਨੂੰ ਇੱਕ ਡਰਾਉਣਾ ਭੂਤ ਬਣਾ ਕੇ ਵਸਾ ਦਿੰਦੇ ਹਨ ।ਜਿਸ ਨਾਲ ਉਹਨਾਂ ਦੇ ਮਨ ਵਿੱਚ ਉਹੋ ਜਿਹਾ ਹੀ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹ ਭਵਿੱਖ ਨੂੰ ਲੈ ਕੇ ਆਪਣੇ ਮਨ ਵਿੱਚ ਇੱਕ ਨਾਕਾਰਾਤਮਕ ਰੱਵਈਆ ਸਿਰਜ ਲੈਂਦਾ ਹੈ,ਜਿਸ ਦਾ ਨਤੀਜਾ ਆਪਾਂ ਸਭ ਦੇ ਸਾਹਮਣੇ ਹੈ।**

ਇੱਕ ਵਾਰੀ ਦੀ ਗੱਲ ਹੈ ਕਿ ਮੇਰੇ ਨਾਲ ਪੜ੍ਹਾਉਣ ਵਾਲੀ ਇੱਕ ਅਧਿਆਪਕਾ ਦੀ ਛੋਟੀ ਜਿਹੀ ਗਲਤੀ ਕਾਰਨ ਉਸ ਨੂੰ ਅਚਨਚੇਤ ਸਕੂਲ ਪ੍ਰਬੰਧਕਾਂ ਵੱਲੋਂ ਨੌਕਰੀ ਤੋਂ ਕੱਢ ਦਿੱਤਾ ਗਿਆ। ਉਦੋਂ ਹਜੇ ਉਹ ਮਸਾਂ ਹੀ ਸਤਾਈ ਅਠਾਈ ਵਰ੍ਹਿਆਂ ਦੀ ਹੋਵੇਗੀ। ਉਸ ਦੇ ਇੱਕ ਧੀ ਸੀ ਜਿਸ ਦੀ ਉਮਰ ਮਸਾਂ ਸਾਲ ਕੁ ਦੀ ਸੀ। ਉਸ ਅਧਿਆਪਕਾ ਨੇ ਕੁਛ ਕੁ ਤਾਂ ਹੱਤਕ ਮੰਨਦੇ ਹੋਏ ਤੇ ਕੁਛ ਅਚਾਨਕ ਬੇਰੁਜਗਾਰ ਹੋਣ ਕਾਰਨ ਇਹ ਗੱਲ ਦਿਲ ਨੂੰ ਲਾ ਲਈ ਤੇ ਮਾਨਸਿਕ ਤਣਾਅ ਕਾਰਨ ਉਸ ਨੂੰ ਉਸੇ ਦਿਨ ਬੁਖਾਰ ਹੋ ਗਿਆ, ਦੋ ਤਿੰਨ ਦਿਨ ਲਗਾਤਾਰ ਬੁਖਾਰ ਰਹਿਣ ਤੋਂ ਬਾਅਦ ਉਹ ਗੰਭੀਰ ਡਿਪਰੈਸਨ ਵਿੱਚ ਚਲੀ ਗਈ ਤੇ ਆਖਰ ਦਿਮਾਗ ਦੀ ਨਸ ਫਟਣ (ਬ੍ਰੇਨ ਹੈਮਰੇਜ) ਨਾਲ ਉਸ ਦੀ ਮੌਤ ਹੋ ਗਈ। ਗੱਲ ਤਾਂ ਛੋਟੀ ਜਿਹੀ ਸੀ,ਜੇ ਉਸੇ ਗੱਲ ਨੂੰ ਉਹ ਹਲਕੇ ਵਿੱਚ ਲੈਂਦੇ ਹੋਏ ਸੋਚਦੀ ਕਿ ਜਦ ਤੱਕ ਅਗਾਂਹ ਨੌਕਰੀ ਨਹੀਂ ਮਿਲਦੀ ਮੈਂ ਆਪਣੀ ਧੀ ਨਾਲ ਸਮਾਂ ਬਿਤਾਵਾਂਗੀ ਜਾਂ ਫਿਰ ਇਹ ਸੋਚਦੀ ਕਿ ਪ੍ਰਾਈਵੇਟ ਸੰਸਥਾਵਾਂ ਵਿੱਚ ਤਾਂ ਨੌਕਰੀ ਦਾ ਕੋਈ ਭਰੋਸਾ ਨਹੀਂ ਹੁੰਦਾ,ਇਸ ਲਈ ਇਹੋ ਜਿਹੀ ਕੋਈ ਹੋਰ ਨੌਕਰੀ ਮਿਲ ਜਾਵੇਗੀ। ਗੱਲ ਤਾਂ ਮਨ ਨੂੰ ਸਮਝਾਉਣ ਦੀ ਹੁੰਦੀ ਹੈ। ਜਿਸ ਵਿਅਕਤੀ ਨੂੰ ਆਪਣੇ ਮਨ ਨਾਲ ਸਾਂਝ ਪਾਉਣੀ ਆ ਗਈ, ਆਪਣੇ ਮਨ ਨੂੰ ਸਮਝਾਉਣਾ ਆ ਗਿਆ ,ਉਹ ਵਿਅਕਤੀ ਨਾ ਤਾਂ ਕਦੇ ਡੋਲਦਾ ਹੈ ਤੇ ਨਾ ਹੀ ਕਦੇ ਜਿ?ਦਗੀ ਤੋਂ ਈਨ ਮੰਨਦਾ ਹੈ। ਗੁਰੂ ਨਾਨਕ ਦੇਵ ਜੀ ਦੀ ਮਹਾਨ ਤੁਕ ,"ਮਨਜੀਤੇ ਜਗਜੀਤ" ਦਾ ਫਲਸਫਾ ਵੀ ਤਾਂ ਇਸੇ ਗੱਲ ਦੀ ਗਵਾਹੀ ਭਰਦਾ ਹੈ।

ਪਰ ਕਈ ਲੋਕ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਆਪਣੇ ਉੱਪਰ ਐਨਾ ਭਾਰੂ ਕਰ ਲੈਂਦੇ ਹਨ ਕਿ ਉਹ ਜਾਨਲੇਵਾ ਸਾਬਤ ਹੋ ਜਾਂਦੀਆਂ ਹਨ। ਜਿਵੇਂ ਇੱਕ ਵਾਰੀ ਇੱਕ ਚੰਗੇ ਭਲੇ ਹਸਦੇ ਵਸਦੇ ਪਰਿਵਾਰ ਨੇ ਆਪਣੇ ਮੁੰਡੇ ਦਾ ਵਿਆਹ ਕੀਤਾ। ਕੁਝ ਸਮੇਂ ਬਾਅਦ ਮੁੰਡੇ ਦੀ ਵਹੁਟੀ ਦੀ ਸਹੁਰੇ ਪਰਿਵਾਰ ਨਾਲ ਨਾ ਬਣੀ ਤੇ ਉਹ ਰੁੱਸ ਕੇ ਪੇਕੇ ਚਲੀ ਗਈ। ਮੁੰਡੇ ਦਾ ਪਿਓ,ਜੋ ਇੱਕ ਚੰਗਾ ਭਲਾ ਸਰਕਾਰੀ ਅਫਸਰ ਰਿਟਾਇਰ ਸੀ ,ਉਹ ਇਸ ਗੱਲ ਨੂੰ ਦਿਲ ਤੇ ਲਾ ਬੈਠਾ ਕਿ ਇੱਕ ਪਾਸੇ ਤਾਂ ਉਸ ਦੇ ਪੁੱਤਰ ਦਾ ਘਰ ਖਰਾਬ ਹੋ ਗਿਆ ਤੇ ਦੂਜਾ ਸਮਾਜ ਵਿੱਚ ਬੇਇੱਜਤੀ ਹੋ ਗਈ ਸੀ। ਇਹ ਗੱਲਾਂ ਸੋਚ ਸੋਚ ਕੇ ਉਹ ਐਨਾ ਡਿਪਰੈਸਨ ਵਿੱਚ ਚਲਿਆ ਗਿਆ ਕਿ ਇੱਕ ਦਿਨ ਉਸ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪਰ ਇਸ ਤੋਂ ਉਲਟ ਉਸ ਦੀ ਪਤਨੀ ਨੇ ਹੌਂਸਲੇ ਤੋਂ ਕੰਮ ਲੈਂਦੀ ਨੇ ਕੁਝ ਰਿਸਤੇਦਾਰ ਵਿੱਚ ਪਾ ਕੇ ਕੁੜੀ ਤੋਂ ਉਸ ਦੀ ਮਰਜੀ ਪੁੱਛ ਕੇ ਕਿ ਕੀ ਉਹ ਉਹਨਾਂ ਨਾਲ ਰਹਿਣਾ ਚਾਹੁੰਦੀ ਹੈ ਜਾਂ ਨਹੀਂ ? ਕੁੜੀ ਦੇ ਨਾਂਹ ਕਰਨ ਤੇ ਕੁੜੀ ਵਾਲਿਆਂ ਨਾਲ ਸਮਝੌਤਾ ਵੀ ਕੀਤਾ,ਉਸ ਤੋਂ ਬਾਅਦ ਮੁੰਡੇ ਦਾ ਫਿਰ ਵਿਆਹ ਕੀਤਾ ਤੇ ਮੁੰਡੇ ਦੇ ਘਰ ਬੱਚੇ ਹੋ ਕੇ ਉਸ ਦਾ ਘਰ ਵੀ ਵਸ ਗਿਆ, ਪਰਿਵਾਰ ਫਿਰ ਤੋਂ ਖੁਸਹਾਲ ਅਤੇ ਰੌਣਕਾਂ ਭਰਪੂਰ ਹੋ ਗਿਆ। ਜੇ ਮੁੰਡੇ ਦਾ ਪਿਓ ਉਸ ਸਮੱਸਿਆ ਨੂੰ ਇੱਕ ਸਮਾਜਿਕ ਵਰਤਾਰਾ ਸਮਝ ਕੇ ਕੋਈ ਹਲ ਕੱਢਣ ਦੀ ਕੋਸ਼ਿ?ਸ ਕਰਦਾ ਤਾਂ ਉਹ ਵੀ ਆਪਣੇ ਇਸ ਖੁਸਹਾਲ ਪਰਿਵਾਰ ਦਾ ਬਹੁਤ ਲੰਮੇ ਸਮੇਂ ਤੱਕ ਹਿੱਸਾ ਬਣ ਕੇ ਆਨੰਦ ਮਾਣ ਸਕਦਾ ਸੀ। ਇਸੇ ਤਰ੍ਹਾਂ ਕਈ ਲੋਕਾਂ ਨੂੰ ਕੋਈ ਨਿੱਕਾ ਜਿਹਾ ਸਰੀਰਕ ਕਸਟ ਵੀ ਵੱਡਾ ਲੱਗ ਰਿਹਾ ਹੁੰਦਾ ਹੈ ਤੇ ਉਸ ਨੂੰ ਸਾਰੀ ਦੁਨੀਆ ਕੋਲ ਡੌਂਡੀ ਪਿੱਟ ਪਿੱਟ ਕੇ ਵੱਡਾ ਰੋਗ ਬਣਾ ਲੈਂਦੇ ਹਨ ਤੇ ਕਈ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਨਾਲ ਵੀ ਹੱਸਦੇ ਹੱਸਦੇ ਮੁਕਾਬਲਾ ਕਰਕੇ ਉਸ ਨੂੰ ਹਰਾ ਦਿੰਦੇ ਹਨ। ਇਹ ਗੱਲ ਤਾਂ ਮਨੋਵਿਗਿਆਨਕਾਂ ਨੇ ਵੀ ਸਿੱਧ ਕਰ ਦਿੱਤੀ ਹੈ ਕਿ ਅਸੀਂ ਮਨ ਵਿੱਚੋਂ ਜਿਹੋ ਜਿਹੀਆਂ ਭਾਵਨਾਵਾਂ ਪੈਦਾ ਕਰਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਵਿੱਚ ਤਰੰਗਾਂ ਫੈਲਾਉਂਦੇ ਹਾਂ ਉਹੋ ਜਿਹਾ ਹੀ ਸਾਡੇ ਆਲੇ ਦੁਆਲੇ ਦਾ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹੀ ਤਰੰਗਾਂ ਵਾਪਸ ਸਾਡੇ ਕੋਲ ਵਾਪਸ ਆਉਂਦੀਆਂ ਹਨ। ਫਿਰ ਮਨ ਵਿੱਚ ਚੰਗੀ ਸੋਚ ਪੈਦਾ ਕਰਕੇ ਆਪਣੇ ਆਲੇ ਦੁਆਲੇ ਚੰਗਾ ਵਾਤਾਵਰਨ ਹੀ ਕਿਉਂ ਨਾ ਸਿਰਜਿਆ ਜਾਵੇ ?

ਇਹੋ ਜਿਹੀਆਂ ਰਲਵੀਆਂ ਮਿਲਵੀਆਂ ਸਮੱਸਿਆਵਾਂ ਵਿੱਚੋਂ ਅੱਜ ਦਾ ਨੌਜਵਾਨ ਵੀ ਗੁਜਰ ਰਿਹਾ ਹੈ। ਸਿੱਟਾ ਆਪਣੇ ਸਭ ਦੇ ਸਾਹਮਣੇ ਹੈ ,ਕੋਈ ਨਸ਼ਿ?ਆਂ ਦਾ ਆਦੀ ਹੋ ਰਿਹਾ ਹੈ, ਕੋਈ ਮਾਨਸਿਕ ਤਣਾਓ ਦਾ ਸ਼ਿ?ਕਾਰ ਹੋ ਰਿਹਾ ਹੈ ,ਕੋਈ ਆਪਣੇ ਪਰਿਵਾਰ ਤੋਂ ਬਾਗੀ ਹੋ ਰਿਹਾ ਹੈ। ਅੱਜ ਕੱਲ੍ਹ ਜਿ?ਆਦਾਤਰ ਮਾਪੇ ਸਕੂਲੀ ਸਮੇਂ ਤੋਂ ਹੀ ਬੱਚਿਆਂ ਦੀ ਦਸ ਵਰ੍ਹੇ ਬਾਅਦ ਆਉਣ ਵਾਲੀ ਜਿ?ਦਗੀ ਪ੍ਰਤੀ ਇਹੋ ਜਿਹਾ ਨਜਰੀਆ ਰੱਖ ਕੇ ਵਾਤਾਵਰਨ ਸਿਰਜਦੇ ਹਨ ਕਿ ਉਹਨਾਂ ਨੂੰ ਹਰ ਵੇਲੇ ਆਉਣ ਵਾਲੇ ਸਮੇਂ ਦੀ ਦੁਹਾਈ ਦਿੰਦੇ ਹੋਏ ਉਹਨਾਂ ਨੂੰ ਅਕਸਰ ਹੀ ਇਹ ਆਖਦੇ ਸੁਣੇ ਜਾਂਦੇ ਹਨ ਕਿ ਉਨ੍ਹਾਂ ਦਾ ਭਵਿੱਖ ਬਹੁਤ ਮੁਸੀਬਤਾਂ ਤੇ ਚੁਣੌਤੀਆਂ ਭਰਪੂਰ ਹੈ, ਮੁਕਾਬਲੇ ਦਾ ਜਮਾਨਾ ਹੈ,ਜੇ ਹੁਣੇ ਮਿਹਨਤ ਨਾ ਕੀਤੀ ਤਾਂ ਉਨ੍ਹਾਂ ਦਾ ਭਵਿੱਖ ਚੰਗਾ ਨਹੀਂ ਹੋਵੇਗਾ। ਆਪਣੇ ਵੱਲੋਂ ਉਹ ਬੱਚੇ ਦੀ ਭਲਾਈ ਕਰ ਰਹੇ ਹੁੰਦੇ ਹਨ ਪਰ ਇਸ ਤਰ੍ਹਾਂ ਕਰਕੇ ਉਹ ਬੱਚਿਆਂ ਦੀਆਂ ਕੋਮਲ ਭਾਵਨਾਵਾਂ ਨੂੰ ਨਾ ਸਮਝਦੇ ਹੋਏ ਅੱਜ ਦੇ ਸਮੇਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਨ ਦੀ ਥਾਂ ਉਨ੍ਹਾਂ ਦੇ ਮਨ ਵਿੱਚ ਆਉਣ ਵਾਲੇ ਸਮੇਂ ਨੂੰ ਇੱਕ ਡਰਾਉਣਾ ਭੂਤ ਬਣਾ ਕੇ ਵਸਾ ਦਿੰਦੇ ਹਨ ।ਜਿਸ ਨਾਲ ਉਹਨਾਂ ਦੇ ਮਨ ਵਿੱਚ ਉਹੋ ਜਿਹਾ ਹੀ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹ ਭਵਿੱਖ ਨੂੰ ਲੈ ਕੇ ਆਪਣੇ ਮਨ ਵਿੱਚ ਇੱਕ ਨਾਕਾਰਾਤਮਕ ਰੱਵਈਆ ਸਿਰਜ ਲੈਂਦਾ ਹੈ,ਜਿਸ ਦਾ ਨਤੀਜਾ ਆਪਾਂ ਸਭ ਦੇ ਸਾਹਮਣੇ ਹੈ।

ਸੋ ਜਿ?ਦਗੀ ਨੂੰ ਮੁੱਲਵਾਨ ਬਣਾਉਣ ਲਈ ਆਪਣੇ ਆਉਣ ਵਾਲੇ ਸਮੇਂ ਪ੍ਰਤੀ ਨਾਂਹ ਪੱਖੀ ਸੋਚ ਤੋਂ ਕਿਨਾਰਾ ਕਰਦੇ ਹੋਏ ਆਪਣੇ ਅੰਦਰ ਅਤੇ ਆਲੇ ਦੁਆਲੇ ਇੱਕ ਸਾਕਾਰਾਤਮਕ ਊਰਜਾ ਪੈਦਾ ਕਰਨੀ ਚਾਹੀਦੀ ਹੈ ,ਚਾਹੇ ਮਨੁੱਖ ਕਿੰਨੇ ਵੀ ਕਸਟਮਈ ਸਮੇਂ ਵਿੱਚੋਂ ਈ ਕਿਉਂ ਨਾ ਗੁਜਰ ਰਿਹਾ ਹੋਵੇ। ਸਾਕਾਰਾਤਮਕ ਸੋਚ ਅਤੇ ਉਸ ਵਿੱਚੋਂ ਪੈਦਾ ਹੋਣ ਵਾਲੀ ਊਰਜਾ ਜਿੱਥੇ ਮਨੁੱਖ ਨੂੰ ਜਿੰਦਾ ਦਿਲ ਇਨਸਾਨ ਬਣਾਉਂਦੀ ਹੈ ਉੱਥੇ ਹੀ ਉਸ ਨੂੰ ਵੱਡੀਆਂ ਵੱਡੀਆਂ ਮੁਸਕਲਾਂ ਨੂੰ ਹਰਾਉਣ ਦੇ ਯੋਗ ਵੀ ਬਣਾਉਂਦੀ ਹੈ।

*ਬਰਜਿੰਦਰ ਕੌਰ ਬਿਸਰਾਓ...*
*9988901324*

# ਕੋਮਲ ਦਾ ਅਕਸ

ਕੋਮਲ ਨੇ ਅੱਜ ਉਹ ਕਰ ਦਿਖਾਇਆ ਸੀ ਜਿਸ ਬਾਰੇ ਉਸ ਦੇ ਮਾਪਿਆਂ ਨੇ ਕਦੇ ਸੋਚਿਆ ਹੀ ਨਹੀਂ ਸੀ। ਉਹ ਜੱਜ ਬਣ ਗਈ ਸੀ। ਉਹ ਬਹੁਤ ਖੁਸ਼ ਸੀ ਤੇ ਘਰ ਦੇ ਉਸ ਤੋਂ ਵੀ ਵੱਧ ਖੁਸ਼ ਸਨ। ਉਸ ਨੇ ਇੱਥੇ ਤੱਕ ਪਹੁੰਚਣ ਲਈ ਮਿਹਨਤ ਕਿਹੜਾ ਘੱਟ ਕੀਤੀ ਸੀ। ਸਾਰਾ ਦਿਨ ਸਹੇਲੀਆਂ ਅਤੇ ਰਿਸ਼ਤੇਦਾਰਾਂ ਦੇ ਵਧਾਈਆਂ ਦੇ ਫੋਨ ਆਉਂਦੇ ਰਹੇ ਸਨ। ਰਾਤ ਤੱਕ ਉਹ ਬਹੁਤ ਥੱਕ ਗਈ ਸੀ। ਉਹ ਰਾਤ ਦਾ ਖਾਣਾ ਖਾਣ ਤੋਂ ਬਾਅਦ ਆਪਣੇ ਕਮਰੇ ਵਿੱਚ ਚਲੀ ਗਈ। ਸਾਰੇ ਦਿਨ ਦੇ ਰੁਝੇਵੇਂ ਤੋਂ ਬਾਅਦ ਆਪਣੇ ਕਮਰੇ ਵਿੱਚ ਜਾ ਕੇ ਉਸ ਨੂੰ ਥੋੜ੍ਹਾ ਜਿਹਾ ਸਕੂਨ ਮਿਲਿਆ ਸੀ ਤੇ ਸ਼ਾਂਤੀ ਨਾਲ ਬੈਠ ਕੇ ਆਪਣੇ ਆਪ ਨਾਲ ਗੱਲਾਂ ਕਰਨ ਦਾ ਮੌਕਾ ਮਿਲਿਆ ਸੀ। ਉਹ ਸ਼ੀਸੇ ਵਿੱਚ ਆਪਣੇ ਆਪ ਨੂੰ ਚੰਗੀ ਤਰ੍ਹਾਂ ਨਿਹਾਰਦੀ ਹੈ,ਉਸ ਨੂੰ ਆਪਣਾ ਆਪ ਕਿੰਨਾ ਸੋਹਣਾ ਸੋਹਣਾ ਤੇ ਵੱਡਾ ਵੱਡਾ ਜਾਪ ਰਿਹਾ ਸੀ। ਪਿਛਲੇ ਅੱਠ ਦਸ ਸਾਲਾਂ ਤੋਂ ਉਸ ਵਿੱਚ ਕਿੰਨਾ ਬਦਲਾਅ ਆਇਆ ਸੀ , ਕਿੰਨਾ ਆਤਮਵਿਸਵਾਸ ਆ ਗਿਆ ਸੀ...?

ਇੱਕ ਸਮਾਂ ਇਹੋ ਜਿਹਾ ਵੀ ਸੀ ਜਦੋਂ ਕੋਮਲ ਨੂੰ ਇਸੇ ਸ਼ੀਸੇ ਅੱਗੇ ਖਲੋ ਕੇ ਆਪਣੀ ਭੱਦੀ ਜਿਹੀ ਦਿੱਖ ਚਿੜਾਉਂਦੀ ਸੀ। ਉਸ ਨੂੰ ਆਪਣਾ ਬੇਢਬਾ ਜਿਹਾ ਮੋਟਾ ਸਰੀਰ ਦੇਖ ਕੇ ਆਪਣੇ ਆਪ ਤੇ ਗੁੱਸਾ ਆਉਂਦਾ ਸੀ। ਮੋਟਾ ਤੇ ਸਾਂਵਲਾ ਜਿਹਾ ਚਿਹਰਾ ਉਸ ਨੂੰ ਡਰਾਉਂਦਾ ਸੀ। ਉਹ ਆਪਣੀ ਜਮਾਤ ਵਿੱਚ ਪੜ੍ਹਨ ਵਾਲੀਆਂ ਹੋਰ ਪਤਲੀਆਂ ਪਤਲੀਆਂ ਕੁੜੀਆਂ ਨੂੰ ਵੇਖ ਕੇ ਸਾਰਾ ਦਿਨ ਝੂਰਦੀ ਰਹਿੰਦੀ ਸੀ। ਘਰ ਵਿੱਚ ਕਿਸੇ ਕਾਰਨ ਕਰਕੇ ਆਰਥਿਕ ਤੰਗੀ ਆਉਣ ਨਾਲ ਮਾਂ ਬਾਪ ਦੀ ਲੜਾਈ ਰਹਿੰਦੀ ਸੀ। ਉਹਨਾਂ ਦਾ ਸਾਰਾ ਗੁੱਸਾ ਕੋਮਲ ਤੇ ਨਿਕਲਦਾ ਸੀ। ਕਦੇ ਪਿਓ ਤੇ ਕਦੇ ਮਾਂ ਉਸ ਤੇ ਹੱਥ ਵੀ ਚੁੱਕਦੇ ਸਨ। ਉਦੋਂ ਹਜੇ ਉਹ ਸੱਤਵੀਂ ਜਮਾਤ ਵਿੱਚ ਹੀ ਤਾਂ ਸੀ। ਪਰ ਉਸ ਦੇ ਮਾਪਿਆਂ ਦਾ ਗੁੱਸਾ ਉਸ ਦੇ ਛੋਟੇ ਭਰਾ ਰਾਹੁਲ ਤੇ ਤਾਂ ਕਦੇ ਨੀ ਨਿਕਲਿਆ ਸੀ। ਇਹਨਾਂ ਸਭ ਗੱਲਾਂ ਕਰਕੇ ਉਸ ਨੂੰ ਆਪਣੇ ਆਪ ਨਾਲ ਘਿਰਣਾ ਜਿਹੀ ਹੋ ਗਈ ਸੀ। ਉਸ ਦਾ ਪੜ੍ਹਨ ਨੂੰ ਮਨ ਨਾ ਕਰਦਾ ਜਿਸ ਕਰਕੇ ਉਹ ਪੜ੍ਹਾਈ ਵਿੱਚ ਨਲਾਇਕ ਤਾਂ ਨਹੀਂ ਪਰ ਬਹੁਤ ਹੁਸ਼ਿਆਰ ਵੀ ਨਹੀਂ ਸੀ ਇੱਕ ਦੋ ਵਾਰ ਤਾਂ ਉਸ ਨੇ ਆਪਣੇ ਆਪ ਨੂੰ ਖਤਮ ਕਰਨ ਦਾ ਮਨ ਵੀ ਬਣਾਇਆ ਸੀ।

ਕੋਮਲ ਦੇ ਬਾਪ ਨੇ ਉਸ ਨੂੰ ਦੂਰ ਵਾਲੇ ਸਕੂਲ ਤੋਂ ਹਟਾ ਕੇ ਘਰ ਦੇ ਨੇੜੇ ਹੀ ਨਵੇਂ ਖੁੱਲ੍ਹੇ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਸੀ। ਇੱਥੇ ਵੀ ਉਹ ਜਮਾਤ ਵਿੱਚ ਚੁੱਪ ਚਾਪ ਇੱਕ ਅਲੱਗ ਬੈਂਚ ਤੇ ਇਕੱਲੀ ਹੀ ਬੈਠਦੀ। ਹੁਣ ਉਹ ਦਸਵੀਂ ਜਮਾਤ ਵਿੱਚ ਹੋ ਗਈ ਸੀ,ਬਾਕੀ ਕੁੜੀਆਂ ਵਾਂਗ ਅੰਦਰੋਂ ਅੰਦਰ ਤਾਂ ਉਸ ਦਾ ਮਨ ਵੀ ਉਡਾਰੀਆਂ ਮਾਰਦਾ ਪਰ ਉਸ ਨੂੰ ਨਾ ਤਾਂ ਕੋਈ ਕੁੜੀ ਬੁਲਾਉਂਦੀ ਸੀ ਤੇ ਨਾ ਹੀ ਕੋਈ ਮੁੰਡਾ ਉਸ ਨਾਲ ਗੱਲ ਕਰਦਾ ਸੀ। ਉਂਝ ਉਸ ਦੀ ਲਿਖਾਈ ਬਹੁਤ ਸੋਹਣੀ ਸੀ,ਉਹ ਆਪਣਾ ਸਾਰਾ ਕੰਮ ਪੂਰਾ ਕਰਕੇ ਜਾਂਦੀ ਸੀ ਤੇ ਜਦੋਂ ਜਮਾਤ ਵਿੱਚ ਅਧਿਆਪਕ ਪਾਠ ਪੜ੍ਹਾਉਂਦੇ ਪੜ੍ਹਾਉਂਦੇ ਸਾਰੇ ਬੱਚਿਆਂ ਤੋਂ ਵਿੱਚੋਂ ਵਿੱਚੋਂ ਪ੍ਰਸ਼ਨ ਪੁੱਛਦੇ ਤਾਂ ਇਕੱਲੀ ਉਹ ਫਟਾਫਟ ਬਿਲਕੁਲ ਠੀਕ ਉੱਤਰ ਦਿੰਦੀ ਜਦ ਕਿ ਬਾਕੀ ਦੇ ਬੱਚਿਆਂ ਦਾ ਧਿਆਨ ਐਧਰ ਓਧਰ ਹੋਣ ਕਰਕੇ ਉਹ ਅਚਨਚੇਤ ਪੁੱਛੇ ਸਵਾਲ ਦਾ ਸਹੀ ਉੱਤਰ ਦੇਣ ਦੇ ਸਮਰੱਥ ਨਹੀਂ ਹੁੰਦੇ ਸਨ। ਇਹ ਸਭ ਗੱਲਾਂ ਉਸ ਦੀ ਟੀਚਰ ਜਰੂਰ ਨੋਟ ਕਰਦੀ। ਇੱਕ ਦਿਨ ਉਹ ਸਕੂਲ ਨਹੀਂ ਆਈ ਤਾਂ ਟੀਚਰ ਦੁਆਰਾ ਉਸ ਦੇ ਘਰ ਕੋਲ ਰਹਿਣ ਵਾਲੀ ਉਸ ਦੀ ਜਮਾਤਣ ਕੁੜੀ ਤੋਂ ਉਸ ਬਾਰੇ ਪੁੱਛਣ ਤੇ ਉਹ ਕੁੜੀ ਟੀਚਰ ਨੂੰ ਦੱਸਣ ਲੱਗੀ ,"ਮੈਮ.... ਮੈਂ ਤਾਂ ਓਹਨੂੰ ਬੁਲਾਉਂਦੀ ਨੀ ਜੀ!"

"ਪਰ ਕਿਉਂ...? ਟੀਚਰ ਨੇ ਪੁੱਛਿਆ।

"ਮੈਮ.....ਇਹ ਤਾਂ ਦੋ ਵਾਰੀ ਆਤਮਹੱਤਿਆ ਕਰਨ ਲੱਗੀ ਸੀ ......ਇਸੇ ਲਈ ਮੇਰੇ ਮੰਮੀ ਨੇ ਇਸ ਨਾਲ ਬੈਠਣ ਤੋਂ ਮਨ੍ਹਾ ਕੀਤਾ ਹੋਇਆ ।"

ਟੀਚਰ ਨੇ ਉਸ ਕੁੜੀ ਸਾਹਮਣੇ ਇਸ ਗੱਲ ਨੂੰ ਬੇ ਧਿਆਨੇ ਕਰਦੇ ਹੋਏ ਬਹੁਤੀ ਤਵੱਜੋ ਨਾ ਦਿੱਤੀ ਪਰ ਮਨ ਵਿੱਚ ਉਸ ਨੂੰ ਉਸ ਦੇ ਮਨ ਦੇ ਅੰਦਰੂਨੀ ਝੇਂਝਲਪੁਣੇ ਤੋਂ ਮੁਕਤ ਕਰਨ ਦੀ ਠਾਣ ਲਈ ਸੀ। ਉਸ ਦੀ ਟੀਚਰ ਨੂੰ ਲੱਗਦਾ ਕਿ ਜਿਵੇਂ ਉਹ ਇਕੱਲੀ ਹੀ ਆਪਣੇ ਅੰਦਰਲੇ ਵਿਚਾਰਾਂ ਨਾਲ ਦੋ ਚਾਰ ਹੱਥ ਕਰਦੀ ਹੋਈ ਹਾਰਦੀ ਜਾ ਰਹੀ ਸੀ ਤੇ ਨਿਰਾਸ਼ਾ ਵੱਲ ਜਾ ਰਹੀ ਸੀ। ਟੀਚਰ ਨੂੰ ਉਸ ਤੋਂ ਕੁਝ ਪੁੱਛਣ ਦੀ ਲੋੜ ਨਾ ਪਈ,ਉਹ ਸਭ ਸਮਝ ਗਈ ਸੀ ਕਿ ਉਹ ਆਪਣੀ ਭੱਦੀ ਦਿੱਖ ਅਤੇ ਮਾਪਿਆਂ ਦੇ ਅਣਗੌਲੇਪਣ ਕਾਰਨ ਮਾਨਸਿਕ ਤੌਰ ਤੇ ਟੁੱਟ ਚੁੱਕੀ ਸੀ ਤੇ ਉਸ ਅੰਦਰਲੇ ਉੱਭਰਦੇ ਚਾਅ ਉਸ ਨੂੰ ਅੰਦਰੋਂ ਅੰਦਰ ਖਤਮ ਕਰਨੇ ਪੈ ਰਹੇ ਸਨ ਜਿਸ ਕਰਕੇ ਉਹ ਦਿਨ ਬ ਦਿਨ ਇਕੱਲੇਪਣ ਤੇ ਨਿਰਾਸ਼ਾ ਦੇ ਡੂੰਘੇ ਖੂਹ ਵਿੱਚ ਡੁੱਬ ਰਹੀ ਸੀ।

ਇੱਕ ਦਿਨ ਟੀਚਰ ਨੇ ਕੋਮਲ ਨੂੰ ਆਪਣੇ ਕੋਲ ਬੁਲਾ ਕੇ ਆਖਿਆ," ਕੋਮਲ ਬੇਟਾ! ਤੁਹਾਡੀ ਲਿਖਾਈ ਕਿੰਨੀ ਸੁੰਦਰ ਹੈ...... ਤੁਹਾਨੂੰ ਪਤਾ.... ਤੁਸੀਂ ਕਿੰਨੇ ਹੋਣਹਾਰ ਵਿਦਿਆਰਥੀ ਹੋ....? ਮੈਂ ਪੜ੍ਹਾਉਂਦੇ ਹੋਏ ਨੋਟਿਸ ਕੀਤਾ ਹੈ......ਕਿ ਪੂਰੀ ਜਮਾਤ ਵਿੱਚ ਇਕੱਲੇ ਤੁਸੀਂ ਹੀ ਹੋ ਜੋ ਮੇਰੇ ਅਚਨਚੇਤ ਪੁੱਛੇ ਪ੍ਰਸ਼ਨਾਂ ਦੇ ਉੱਤਰ ਸਹੀ ਦਿੰਦੇ ਹੋ......ਦੇਖੋ ਬੇਟਾ..... ਜ਼ਿੰਦਗੀ ਵਿੱਚ ਆਪਣੇ ਜੀਵਨ ਨੂੰ ਦੂਜਿਆਂ ਤੇ ਕਦੇ ਐਨਾ ਨਿਰਭਰ ਨਾ ਬਣਾਓ ਕਿ ਉਹ ਤੁਹਾਨੂੰ ਅਪਾਹਜ ਬਣਾ ਦੇਵੇ.... ਤੁਸੀਂ ਏਨੇ ਇੰਟੈਲੀਜੈਂਟ (ਬੁੱਧੀਮਾਨ) ਹੋ......ਫਿਰ ਵੀ ਚੁੱਪ ਚੁੱਪ.....ਤੇ.... ਹੀਣ ਭਾਵ ਵਿੱਚ ਕਿਉਂ ਰਹਿੰਦੇ ਹੋ...? ਤੁਹਾਡੀਆਂ ਕੁਆਲਿਟੀਆਂ (ਗੁਣ) ਮੈਂ ਦੱਸ ਦਿੱਤੀਆਂ ਹਨ.... ਅੱਜ ਤੋਂ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਜਿਊਣਾ ਸ਼ੁਰੂ ਕਰੋ..... ਦੇਖੋ ਕਿੰਨਾ ਕੁਝ ਨਵਾਂ ਲੱਭੇਗਾ......ਇਹ ਜ਼ਿੰਦਗੀ ਤੁਹਾਡੀ ਹੈ.....ਇਸ ਨੂੰ ਸੰਗਾਰਨਾ ਜਾਂ ਬਰਬਾਦ ਕਰਨਾ ਸਿਰਫ ਤੁਹਾਡੇ ਹੱਥ ਵਿੱਚ ਹੈ....! ਜਾਓ ਮੇਰੇ ਬੱਚੇ..... ਅੱਜ ਤੋਂ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਜਿਊਣਾ ਸ਼ੁਰੂ ਕਰੋ.....!"

ਮੈਡਮ ਦੀਆਂ ਇਹਨਾਂ ਗੱਲਾਂ ਨੇ ਉਸ ਉੱਤੇ ਪਤਾ ਨੀ ਕੀ ਅਸਰ ਕੀਤਾ ਕਿ ਉਹ ਖੁਸ਼ ਰਹਿਣ ਲੱਗੀ.... ਮੈਡਮ ਨੇ ਜਮਾਤ ਵਿੱਚ ਉਸ ਦੀ ਚੰਗੀ ਪਰਫਾਰਮੈਂਸ ਤੇ ਸਾਰੇ ਬੱਚਿਆਂ ਸਾਹਮਣੇ ਉਸ ਦੀ ਤਾਰੀਫ ਕਰਨੀ....! ਉਸ ਨੇ ਕਦੇ ਕਦੇ ਮੈਡਮ ਕੋਲ ਆਕੇ 'ਥੈਂਕਸ ਮੈਮ' ਆਖਣਾ ਤਾਂ ਮੈਡਮ ਨੇ ਮੁਸਕਰਾ ਕੇ ਉਸ ਵੱਲ ਦੇਖਣਾ। ਉਸ ਨੇ ਦਸਵੀਂ ਜਮਾਤ ਚੰਗੇ ਅੰਕਾਂ ਨਾਲ ਪਾਸ ਕਰ ਲਈ ਸੀ ਤੇ ਹੁਣ ਉਹ ਸਕੂਲ ਛੱਡ ਗਈ ਸੀ।

ਕੋਮਲ ਚਾਰ ਕੁ ਸਾਲ ਬਾਅਦ ਆਪਣੇ ਭਰਾ ਦਾ ਰਿਪੋਰਟ ਕਾਰਡ ਲੈਣ ਸਕੂਲ ਆਈ ਤਾਂ ਉਹ ਆਪਣੀ ਟੀਚਰ ਕੋਲ ਵੀ ਮਿਲਣ ਆਈ ਪਰ ਉਸ ਨੂੰ ਕੋਮਲ ਦੀ ਪਛਾਣ ਈ ਨਾ ਆਈ। ਐਨੀ ਪਤਲੀ ਤੇ ਸੋਹਣੀ ਕਿਵੇਂ ਹੋ ਗਈ ਸੀ ? ਟੀਚਰ ਦੇ ਦਿਮਾਗ ਵਿੱਚ ਪ੍ਰਸ਼ਨ ਉੱਠਿਆ ਪਰ ਸਮੇਂ ਦੀ ਕਮੀ ਹੋਣ ਕਰਕੇ ਉਸ ਨੂੰ ਪੁੱਛ ਨਾ ਸਕੀ। ਕੋਮਲ ਨੇ ਐਨਾ ਜਰੂਰ ਆਖਿਆ,"ਮੈਮ.... ਤੁਸੀਂ ਮੈਨੂੰ ਜ਼ਿੰਦਗੀ ਨਾਲ ਪਿਆਰ ਕਰਨਾ ਸਿਖਾ ਦਿੱਤਾ ਹੈ....ਥੈਂਕਸ ਮੈਮ !"

ਅੱਜ ਚਾਹੇ ਹਰ ਕੋਈ ਉਸ ਦੀ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਆਪਣੇ ਸਿਰ ਬੰਨ੍ਹ ਰਿਹਾ ਸੀ। ਚਾਹੇ ਅੱਜ ਉਹ ਪਿਓ ਦੀ ਲਾਡਲੀ ਧੀ ਤੇ ਮਾਂ ਦੀ ਹੋਣਹਾਰ ਧੀ ਬਣ ਗਈ ਸੀ ਪਰ ਕੋਮਲ ਸ਼ੀਸੇ ਅੱਗੇ ਖੜ੍ਹੀ ਆਪਣੀ ਟੀਚਰ ਨੂੰ ਯਾਦ ਕਰ ਰਹੀ ਸੀ ਕਿਉਂ ਕਿ ਜਿਸ ਦਿਨ ਉਸ ਨੇ ਉਸ ਨੂੰ ਜ਼ਿੰਦਗੀ ਜਿਊਣ ਦਾ ਫਲਸਫਾ ਸਮਝਾਇਆ ਸੀ ,ਉਸ ਦਿਨ ਉਹ ਕਿੰਨੀ ਨਿਰਾਸ਼ ਅਤੇ ਟੁੱਟੀ ਹੋਈ ਸੀ ਕਿਉਂਕਿ ਉਸ ਦੀ ਮਾਂ ਨੇ ਸਵੇਰੇ ਸਵੇਰੇ ਹੀ ਉਸ ਦੇ ਪਿਓ ਦਾ ਸਾਰਾ ਗੁੱਸਾ ਉਸ ਉੱਤੇ ਕੱਢ ਕੇ ਉਸ ਨੂੰ 'ਨਹਿਸ਼', 'ਮਾੜੇ ਕਰਮਾਂ ਵਾਲੀ' , 'ਗਲ ਪਈ ਮੁਸੀਬਤ' ਵਰਗੇ ਸ਼ਬਦ ਬੋਲ ਕੇ ਉਸ ਨੂੰ ਕੁੱਟਿਆ ਵੀ ਸੀ। ਜੇ ਉਸ ਦਿਨ ਉਸ ਦੀ ਟੀਚਰ ਸਕੂਲ ਨਾ ਆਈ ਹੁੰਦੀ ਤਾਂ ਅੱਜ ਕੋਮਲ ਵੀ ਇਸ ਦੁਨੀਆਂ ਤੇ ਨਾ ਹੁੰਦੀ। ਕੋਮਲ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਉਹ ਸ਼ੀਸੇ ਵਿੱਚ ਖੜ੍ਹੀ ਕੋਮਲ ਵਿੱਚੋਂ ਆਪਣੀ ਟੀਚਰ ਦਾ ਅਕਸ ਦੇਖਦੀ ਹੋਈ 'ਥੈਂਕਸ ਮੈਮ' ਆਖ ਕੇ ਮੱਥਾ ਚੁੰਮਦੀ ਹੈ ਤਾਂ ਸੱਚਮੁੱਚ ਉਸ ਨੂੰ ਆਪਣਾ ਆਪ ਆਪਣੀ ਉਸ ਟੀਚਰ ਵਰਗਾ ਜਾਪਣ ਲੱਗਦਾ ਹੈ।

ਬਰਜਿੰਦਰ ਕੌਰ ਬਿਸਰਾਓ...
9988901324

# ਇਤਿਹਾਸਕ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ, ਪਿੰਡ ਕੁੱਪ-ਰੋਹੀੜਾ



ਤਸਵਿੰਦਰ ਸਿੰਘ ਬੜੈਚ
ਮੋਬਾ-7527931887

ਕੁੱਪ-ਰੋਹੀੜਾ ਦਾ ਨਾਮ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਅਹਿਮ ਹੈ। ਸਿੱਖ ਇਤਿਹਾਸ ਵਿੱਚ 5 ਫਰਵਰੀ 1762 ਈਸਵੀ ਨੂੰ ਇੱਕ ਭਿਆਨਕ ਕਤਲੇਆਮ ਪਿੰਡ ਰੋਹੀੜਾ ਦੀ ਧਰਤੀ 'ਤੇ ਵਾਪਰਿਆ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਇਹ ਕਤਲੇਆਮ ਜ਼ਾਲਮ ਅਹਿਮਦ ਸ਼ਾਹ ਅਬਦਾਲੀ ਦੁਆਰਾ ਸਿੱਖਾਂ ਉੱਤੇ ਕੀਤੇ ਹਮਲੇ ਕਾਰਨ ਹੋਇਆ ਸੀ। ਅਹਿਮਦ ਸ਼ਾਹ ਪੰਜਾਬ ਵਿੱਚ ਸਿੱਖਾਂ ਦੀ ਵਧਦੀ ਸ਼ਕਤੀ ਨੂੰ ਬਰਦਾਸ਼ਤ ਨਹੀਂ ਕਰਦਾ ਸੀ,ਕਿਉਂਕਿ ਜਦੋਂ ਭਾਰਤ 'ਚ ਲੁੱਟਮਾਰ ਕਰਕੇ ਅਹਿਮਦ ਸ਼ਾਹ 1761 ਈਸਵੀਂ 'ਚ ਪੰਜਾਬ 'ਚੋਂ ਲੰਘਿਆ ਤਾਂ ਸਿੱਖਾਂ ਨੇ ਹਮਲੇ ਕਰਕੇ ਕੈਦ ਕਰਕੇ ਲਿਜਾਈਆਂ ਜਾ ਰਹੀਆਂ 2200 ਹਿੰਦੂ ਇਸਤਰੀਆਂ ਨੂੰ ਅਹਿਮਦ ਸ਼ਾਹ ਤੋਂ ਛਡਵਾਇਆ ਸੀ। ਹਿੰਦੂਆਂ ਦੀਆਂ ਧੀਆਂ ਨੂੰ ਕੈਦ ਕਰਨਾ ਤੇ ਧੰਨ ਦੌਲਤ ਲੁਟਣਾ ਅਹਿਮਦ ਸ਼ਾਹ ਦਾ ਪੇਸ਼ਾ ਬਣ ਗਿਆ ਸੀ। ਜਨਵਰੀ ਵਿੱਚ ਪਾਣੀਪਤ ਦੀ ਲੜਾਈ ਤੋਂ ਬਾਅਦ ਅਹਿਮਦ ਸ਼ਾਹ ਕਾਬੁਲ ਪਰਤ ਗਿਆ ਸੀ। 1761 ਈਸਵੀ ਦੀ ਦੀਵਾਲੀ ਮਨਾਉਣ ਲਈ ਖਾਲਸੇ ਵੱਡੀ ਗਿਣਤੀ ਵਿੱਚ ਅੰਮ੍ਰਿਤਸਰ ਆਏ। 27 ਅਕਤੂਬਰ ਨੂੰ ਉਹਨਾਂ ਨੇ ਅਹਿਮਦ ਸ਼ਾਹ ਦੇ ਸਾਰੇ ਦੇ ਸਾਰੇ ਸਮਰਥਕਾਂ ਖਿਲਾਫ ਕਾਰਵਾਈ ਕਰਨ ਲਈ ਮਤਾ ਪਾਸ ਕੀਤਾ। ਸਿੰਘਾਂ ਨੇ ਜੰਡਿਆਲੇ ਦੇ ਰਹਿਣ ਵਾਲੇ ਅਕੀਲ ਦਾਸ ਨਿਰੰਜਨੀਏ ਨੂੰ ਵੀ ਸੋਧਾ ਲਾਉਣ ਦਾ ਮਨ ਬਣਾਇਆ ਤੇ ਜੰਡਿਆਲੇ ਵੱਲ ਚਾਲੇ ਪਾ ਦਿੱਤੇ ਤੇ ਜੰਡਿਆਲੇ ਨੂੰ ਘੇਰਾ ਪਾ ਲਿਆ। ਨਿਰੰਜਣੀਆਂ ਦਾ ਗੁਰੂ ਅਕੀਲ ਦਾਸ ਜੋ ਜੰਡਿਆਲੇ ਵਿਖੇ ਸੀ, ਅੰਮ੍ਰਿਤਸਰ ਦੇ ਸਭ ਤੋਂ ਨੇੜੇ ਸੀ, ਇਹ ਖਾਲਸੇ ਦਾ ਵਿਰੋਧੀ ਸੀ। ਜਦੋਂ ਉਸ ਨੂੰ ਮਤੇ ਬਾਰੇ ਪਤਾ ਚੱਲਿਆ ਤਾਂ ਉਸ ਨੇ ਅਹਿਮਦ ਸ਼ਾਹ ਨੂੰ ਸੁਨੇਹਾ ਭੇਜ ਕੇ ਸਿੱਖਾਂ ਤੋਂ ਜਾਨ ਬਚਾਉਣ ਦਾ ਤਰਲਾ ਕੀਤਾ। ਸੁਨੇਹਾ ਮਿਲਦਿਆਂ ਹੀ ਅਹਿਮਦ ਸ਼ਾਹ ਤੇਜੀ ਨਾਲ ਲਾਹੌਰ ਪਹੁੰਚ ਗਿਆ। ਜਦੋਂ ਸਿੰਘਾਂ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਹਨਾਂ ਨੇ ਜੰਡਿਆਲੇ ਦੀ ਘੇਰਾਬੰਦੀ ਚੁੱਕ ਲਈ ਅਤੇ ਮਾਲਵੇ ਵੱਲ ਸੁਰੱਖਿਅਤ ਜਗ੍ਹਾ ਵੱਲੁ ਤੁਰ ਪਏ ਤੇ ਪਿੰਡ ਕੁੱਪ ਪਹੁੰਚ ਗਏ। ਮਲੇਰਕੋਟਲਾ ਦੇ ਮੁੱਖੀ ਭੀਖਣ ਖਾਨ ਨੇ ਸਰਹਿੰਦ ਦੇ ਅਫਗਾਨ ਗਵਰਨਰ ਜ਼ੈਨ ਖਾਨ ਨੂੰ ਸੂਚਿਤ ਕੀਤਾ ਕਿ ਸਿੱਖ ਵੱਡੀ ਗਿਣਤੀ ਵਿੱਚ ਕੁੱਪ ਨੇੜੇ ਇਕੱਠੇ ਹੋ ਰਹੇ ਹਨ। ਜੈਨ ਖਾਨ ਨੇ ਅਹਿਮਦ ਸ਼ਾਹ ਨੂੰ ਸੂਚਿਤ ਕੀਤਾ। ਅਹਿਮਦ ਸ਼ਾਹ ਨੇ 3 ਫਰਵਰੀ 1762 ਈਸਵੀ ਨੂੰ ਆਪਣੇ ਨਾਲ ਇਕ ਲੱਖ ਵਿਸ਼ਾਲ ਸੈਨਾ ਲੈ ਕੇ ਲਾਹੌਰ ਤੋਂ ਕੂਚ ਕੀਤਾ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ ਪਹੁੰਚਿਆ। ਅਹਿਮਦ ਸ਼ਾਹ ਦੁਆਰਾ ਦਿੱਤੇ ਆਦੇਸ਼ ਮੁਤਾਬਕ ਜ਼ੈਨ ਖਾਨ ਅਤੇ ਭੀਖਣ ਖਾਨ, ਸਿੱਖਾਂ ਉੱਪਰ ਹਮਲਾ ਕਰਨ ਲਈ ਤਿਆਰ ਸਨ। ਦੁਸ਼ਮਣਾਂ ਦੇ ਇਤਨਾ ਜਲਦੀ ਪਹੁੰਚਣ ਦਾ ਖਾਲਸੇ ਕਿਆਸ ਨਹੀਂ ਕਰ ਸਕੇ ਸਨ। ਸਿੱਖਾਂ ਨੇ ਆਪਣੀ ਰਣਨੀਤੀ ਬਣਾਉਣ ਲਈ ਉਹਨਾਂ ਨੇ ਇਕ ਸਭਾ ਬੁਲਾਈ। ਇਕ ਵਿਚਾਰ ਇਹ ਸੀ ਕਿ ਅੰਤਿਮ ਸਵਾਸ ਤੱਕ ਲੜਾਈ ਲੜੀ ਜਾਵੇ ਅਤੇ ਦੂਸਰਾ ਵਿਚਾਰ ਔਰਤਾਂ ਅਤੇ ਬੱਚਿਆਂ ਦੁਆਲੇ ਮਜ਼ਬੂਤ ਘੇਰਾਬੰਦੀ ਕਰਕੇ ਅੱਗੇ ਵਧਣਾ ਸੀ। ਜੱਸਾ ਸਿੰਘ ਆਹਲੂਵਾਲੀਆਂ ਅਤੇ ਚੜ੍ਹਤ ਸਿੰਘ ਸੁਕਰਚੱਕੀਆ ਨੇ ਮੁੱਖ ਸੈਨਾ ਦੀ ਅਗਵਾਈ ਕੀਤੀ ਅਤੇ ਸੁਰੱਖਿਆ ਅਧੀਨ ਗੈਰ-ਲੜਾਕਿਆ ਨੂੰ ਅੱਗੇ ਵਧਣ ਦੇ ਨਿਰਦੇਸ਼ ਦਿੱਤੇ। ਸਿੰਘ ਘੇਰਾ ਬਣਾ ਕੇ ਜੂਝਦੇ ਹੋਏ ਅੱਗੇ ਨੂੰ ਵਧ ਰਹੇ ਸਨ। ਉਹ ਦੁਸ਼ਮਣਾਂ ਨਾਲ ਲੜਦੇ ਵੀ ਜਾਂਦੇ ਸਨ ਅਤੇ ਅੱਗੇ ਨੂੰ ਵਧਦੇ ਵੀ ਜਾਂਦੇ ਸਨ। ਜਦੋਂ ਸਿੱਖਾਂ ਨੇ 6 ਕਿਲੋਮੀਟਰ ਪੈਂਡਾ ਤੈਅ ਕਰ ਲਿਆ ਸੀ ਤਾਂ ਅਹਿਮਦ ਸ਼ਾਹ ਨੇ ਇਹ ਘੇਰਾਬੰਦੀ ਤੋੜ ਦਿੱਤੀ। ਬੜੀ ਭਾਰੀ ਲੜਾਈ ਹੋਈ। ਇਸ ਤਰ੍ਹਾਂ ਲੜਾਈ ਵਿੱਚ ਬਹੁਤ ਸਾਰੇ ਦੁਸ਼ਮਣ ਵੀ ਮਾਰੇ ਗਏ ਤੇ 30000 ਹਜ਼ਾਰ ਸਿੱਖ ਵੀ ਮਾਰੇ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ, ਬਜ਼ੁਰਗ ਅਤੇ ਬੱਚੇ ਸ਼ਾਮਿਲ ਸਨ। ਦੁਪਹਿਰ ਤੋਂ ਬਾਅਦ ਸਿੱਖ ਤੇ ਦੁਸ਼ਮਣ ਲੜਦੇ ਹੋਏ ਹਠੂਰ ਦੀ ਢਾਬ ਪਾਸ ਪਹੁੰਚੇ। ਦੋਹਾਂ ਪਾਸਿਆਂ ਦੀਆਂ ਫੌਜਾਂ ਆਪਣੀ ਪਿਆਸ ਬੁਝਾਉਣ ਲਈ ਢਾਬ ਦੇ ਦੁਆਲੇ ਇਕੱਠੀਆਂ ਹੋ ਗਈਆਂ। ਦੁਸ਼ਮਣ ਨੇ ਭਾਂਵੇ ਬਹੁਤ ਸਾਰੇ ਬੱਚੇ, ਬਜ਼ੁਰਗ ਤੇ ਇਸਤਰੀਆਂ ਮਾਰ ਦਿੱਤੇ ਸਨ, ਪਰ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਿੱਖਾਂ ਨੂੰ ਖਤਮ ਕਰ ਸਕਨਾ ਉਨ੍ਹਾਂ ਦੇ ਵਸ ਦੀ ਗਲ ਨਹੀਂ, ਉਨ੍ਹਾਂ ਨੇ ਸਿੱਖਾਂ ਦਾ ਹੋਰ ਪਿੱਛਾ ਕਰਨਾ ਛੱਡ ਦਿੱਤਾ। ਸਿੱਖ ਬਰਨਾਲੇ ਵੱਲ ਚਲੇ ਗਏ। ਇਸ ਤਰ੍ਹਾਂ ਇਕ ਭਿਆਨਕ ਹੱਤਿਆ ਕਾਂਡ ਦਾ ਅੰਤ ਹੋਇਆ। ਜਿਸ ਜਗ੍ਹਾ 30000 ਹਜ਼ਾਰ ਸਿੰਘ-ਸਿੰਘਣੀਆਂ ਸ਼ਹੀਦ ਹੋਏ ਸਨ, ਉਸ ਜਗ੍ਹਾ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਲੁਧਿਆਣਾ-ਮਲੇਰਕੋਟਲਾ ਸੜਕ 'ਤੇ ਸਥਿਤ ਮੰਡੀ ਅਹਿਮਦਗੜ੍ਹ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਕੁੱਪ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ।



# ਬੜਾ ਘਾਤਕ ਰੂਪ ਧਾਰ ਸਕਦਾ ਹੈ ਵੱਧ ਰਿਹਾ ਕ੍ਰਾਈਮ



ਪਰਮਜੀਤ ਕੌਰ ਸੋਢੀ
94786 58384

ਦੁਨੀਆਂ ਤੇ ਬਦਲ ਰਹੇ ਮਹੌਲ ਨਾਲ ਅੱਜ ਦਾ ਮਨੁੱਖ ਗਲਤ ਢੰਗ ਨਾਲ ਅੱਗੇ ਵਧ ਰਿਹਾ ਹੈ।ਕਿਉਕਿ ਅੱਜ ਦੇ ਟਾਇਮ ਵਿੱਚ ਕਈ ਇਨਸਾਨ ਗਲਤ ਤਰੀਕੇ ਨਾਲ ਅੱਗੇ ਵੱਧਣ ਦੇ ਤਰੀਕੇ ਲੱਭ ਰਿਹੇ ਹਨ। ਜੋ ਸਰਾਸਰ ਗਲਤ ਹੈ ਜੀ।ਪਰ ਅੱਜ ਦਾ ਮਨੁੱਖ ਬਿਨਾ ਮਿਹਨਤ ਕੀਤੇ ਰਾਤੋ,ਰਾਤ ਅਮੀਰ ਬਨਣਾ ਚੁਹੰਦਾ ਹੈ।ਪਰ ਇਸ ਮਾੜੀ ਸੋਚ ਤੇ ਗਲਤ ਢੰਗ ਨਾਲ ਅੱਗੇ ਵੱਧਣ ਦੇ ਲਈ ਬੰਦਾ ਆਪਣੀ ਸੋਚ ਨੂੰ ਖੁੰਢਾ ਤੇ ਨਿਕਾਰਾ ਕਰ ਲੈਂਦਾ ਹੈ।ਇਸੇ ਲਈ ਤਾਂ ਕ੍ਰਾਈਮ ਵੱਧ ਰਿਹਾ ਹੈ ਜੀ।ਜੋ ਹਰੇਕ ਲਈ ਬਹੁਤ ਹੀ ਖਾਤਕ ਸਿੱਧ ਹੋ ਰਿਹਾ ਹੈ।ਕਿਉਕਿ ਗਲਤ ਢੰਗ ਨਾਲ ਅੱਗੇ ਵੱਧਣ ਵਾਲੇ ਵਿਆਕਤੀਆ ਦੀ ਸੋਚ ਆਮ ਵਿਆਕਤੀਆ ਨਾਲੋ ਅਲੱਗ ਤੇ ਸੌੜੀ ਹੁੰਦੀ ਹੈ।ਇਸ ਲਈ ਤਾਂ ਮਾੜੀਆ ਵਿਚਾਰਧਾਰਾ ਇੰਨਾ ਦੇ ਦਿਮਾਗ ਅੰਦਰ ਉਪਜਦੀਆ ਹਨ।ਐਸੇ ਮਨੁੱਖ ਕਿਸੇ ਹੋਰ ਦਾ ਵਿਗਾੜ ਕੇ ਆਂਪਣਾ ਸੰਵਾਰਦੇ ਹਨ ਪਰ ਜਿੰਦਗੀ ਵਿੱਚ ਹਮੇਸਾ,ਹਮੇਸ਼ਾ ਲਈ ਇਕੱਲਤਾ ਹੰਢਾਉਣ ਲਈ ਮਜਬੂਰ ਹੋ ਜਾਦੇ ਹਨ ਐਸੈ ਲੋਕਾ ਦੀ ਇਨਸਾਨੀਅਤ ਮਰ ਚੁੱਕੀ ਹੁੰਦੀ ਹੈ ਇਹ ਲੋਕ ਕੇਵਲ ਆਪਣਾ ਉਲੂ ਹੀ ਸਿੱਧਾ ਰੱਖਦੇ ਹਨ। ਇਹ ਲੋਕ ਜਿਆਦਾਤਰ ਨਸ਼ਿਆ ਦੇ ਧਾਰਨੀ ਹੁੰਦੇ ਨੇ ਔਰ ਗਲਤ ਕੰਮ ਵੀ ਨਸ਼ਾ ਕਰਕੇ ਹੀ ਕਰਦੇ ਹਨ ।ਨਸ਼ਾ ਇੰਨਾਂ ਨੂੰ ਇਸ ਕਦਰ ਗੁਲਾਮ ਬਣਾ ਲੈਂਦਾ ਹੈ ਕਿ ਨਸ਼ਿਆ ਦੇ ਹੜ ਵਿੱਚੋ ਇਹ ਕਦੇ ਨਿਕਲ ਹੀ ਨਹੀ ਸਕਦੇ।ਜਿਵੇ ਸਿਆਣੇ ਕਹਿੰਦੇ ਹਨ ਕਿ ਪੰਜੇ ਉਂਗਲਾਂ ਤੇ ਬਰਾਬਰ ਨਹੀ ਹੁੰਦੀਆ ਇਸੇ ਤ੍ਰਾ ਸਾਰੇ ਮਨੁੱਖ ਵੀ ਇਕੋ ਜਿਹੇ ਨਹੀ ਹੁੰਦੇ ਅੱਜ ਵੀ ਤਹਾਨੂੰ ਬਹੁਤ ਇਨਸਾਨ ਐਸੇ ਮਿਲਣਗੇ ਜਿੰਨਾ ਵਿੱਚ ਅਜੇ ਵੀ ਇਨਸਾਨੀਅਤ, ਇਮਾਨਦਾਰੀ, ਨਿਮਰਤਾ ਸਹਿਣਸ਼ੀਲਤਾ ਅਤੇ ਦਯਾ ਜਿੰਦਾ ਹੈ।ਪਰ ਅਜਿਹੇ ਸਮੇ ਵਿੱਚ ਅੱਖਾ ਬੰਦ ਕਰਕੇ ਹਰ ਕਿਸੇ ਤੇ ਵਿਸਵਾਸ਼ ਕਰਨਾ ਔਖਾਂ ਕੰਮ ਹੈ ।ਕਿਉਕਿ ਫਟਕੜੀ ਤੇ ਮਿਸ਼ਰੀ ਦੀ ਸ਼ਕਲ ਇੱਕੋ ਜਿਹੀ ਹੀ ਹੁੰਦੀ ਹੈ।ਇਸ ਲਈ ਹਮੇਸ਼ਾ ਸੋਚ ਸਮਝ ਕੇ ਚੱਲਣਾ ਹੀ ਸਮਝਦਾਰੀ ਹੁੰਦੀ ਹੈ।ਦੋਸਤੋ ਅੱਜ ਇਨਸਾਨ ,ਇਨਸਾਨ ਨਹੀ ਹੇਵਾਨ ਬਨ ਚੁੱਕਾ ਹੈ। ਆਪ ਸਫਲ ਹੋਣ ਲਈ ਰਾਹ ਦੇ ਅੜਿਕੇ ਖਤਮ ਕਰਦਾ ਕਰਦਾ ਰਿਸ਼ਤਿਆ ਦਾ ਹੀ ਘਾਣ ਕਰ ਰਿਹਾ ਹੈ ਪੈਸੇ ਦੀ ਦੌੜ ਨੇ ਕ੍ਰਾਇਮ ਵਧਾ ਦਿੱਤਾ ਹੈ ।ਸੋ ਦੋਸਤੋ ਸਮਝ ਜਾਉ ਅਜੇ ਵੀ ਮੌਕਾ ਹੈ ਸੰਭਲਣ ਦਾ ਇੱਕ ਵਾਰ ਲੰਘਿਆ ਸਮਾ ਮੁੜ ਹੱਥ ਨਹੀ ਆਉਦਾ ।ਆਪਣੀ ਸੋਚ ਦੇ ਘੇਰੇ ਨੂੰ ਵਿਸ਼ਾਲ ਬਣਾਓ ਜਿਸ ਵਿੱਚ ਇਨਸਾਨੀਅਤ,ਕਾਬਲੀਅਤ,ਖੁਸ਼ਹਾਲੀ,ਨਿਮਰਤਾ ਜਿਹੇ ਗੁਣ ਟਿਕ ਜਾਣ ।ਇਸ ਦੇ ਉਲਟ ਲਾਲਚ ,ਬੇਈਮਾਨੀ,ਭ੍ਰਸ਼ਿਟਾਚਾਰ,ਵਿਹਲ ਬੰਦੇ ਨੂੰ ਟਿਕਣ ਨਹੀ ਦਿੰਦੇ। ਸਾਡੀਆ ਸਰਕਾਰਾ ਨੂੰ ਵੀ ਚਾਹੀਦਾ ਹੈ ਕਿ ਪੜੇ ਲਿਖੇ ਵਰਗ ਨੂੰ ਵੱਧ ਤੋ ਵੱਧ ਨੌਕਰੀਆ ਦਿੱਤੀਆ ਜਾਣ ।ਇੰਡਸਟਰੀਆ ਲਗਾਈਆ ਜਾਣ,ਘੱਟ ਵਿਆਜ ਤੇ ਲੋਨ ਦਿੱਤੇ ਜਾਣ ਜਿਸ ਨਾਲ ਹਰ ਵਰਗ ਦੇ ਲੋਕਾ ਨੂੰ ਕੰਮਕਾਰ ਮਿਲ ਸਕੇ ਕਿਉਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਜੇਕਰ ਸਭ ਆਪੋ ਆਪਣੇ ਕਾਰੋਬਾਰ ਵਿੱਚ ਲੱਗ ਆਪਣੀਆ ਲੋੜਾ ਪੂਰੀਆ ਕਰਨਗੇ ਤਾਂ ਕ੍ਰਾਇਮ ਆਪਣੇ ਆਪ ਹੀ ਘਟ ਜਾਵੇਗਾ। ਅਖੀਰ ਵਿੱਚ ਮੇਰੀ ਸਾਰਿਆ ਨੂੰ ਇਹੀ ਸਲਾਹ ਹੈ ਕਿ ਚੰਗਾ ਸਾਹਿਤ ਪੜੋ ,ਸਹੀ ਸੋਚ ਅਪਣਾਓ। ਜਿਸ ਨਾਲ ਆਪਾ ਸਾਰੇ ਸਕਾਰਾਤਮਿਕ ਸੋਚ ਦੇ ਧਾਰਨੀ ਬਣੀਏ ਤੇ ਵੱਧ ਰਹੇ ਕ੍ਰਾਈਮ ਤੋਂ ਬਚ ਸਕੀਏ।



# ਗਰਮੀ ਦੀਆਂ ਛੁੱਟੀਆਂ ਵਿੱਚ ਵਿਦਿਆਰਥੀ ਕੀ ਕਰਨ?

ਸਕੂਲਾਂ ਵਿੱਚ ਹਰ ਸਾਲ ਹੋਣ ਵਾਲੀਆਂ ਗਰਮੀ ਦੀਆਂ ਛੁੱਟੀਆਂ ਵਿਦਿਆਰਥੀ ਜੀਵਨ ਵਿੱਚ ਵਿਸੇਸ ਸਥਾਨ ਰੱਖਦੀਆਂ ਹਨ। ਪਰ ਅਕਸਰ ਵਿਦਿਆਰਥੀ ਆਪਣੀਆਂ ਇਹਨਾਂ ਛੁੱਟੀਆਂ ਨੂੰ ਵਿਅਰਥ ਗਵਾ ਦਿੰਦੇ ਹਨ।ਅਜਿਹਾ ਉਹਨਾਂ ਨੂੰ ਇਸ ਅਣਮੁੱਲੇ ਸਮੇਂ ਦੀ ਉਚਿਤ ਵਰਤੋਂ ਕਰਨ ਲਈ ਮਿਲਣ ਵਾਲੀ ਸੇਧ ਦੀ ਅਣਹੋਂਦ ਦਾ ਨਤੀਜਾ ਹੋ ਸਕਦਾ ਹੈ।ਆਓ ਬਚਿੱਓ, ਅੱਜ ਗੱਲ ਕਰਦੇ ਆਂ ਕਿ ਵਿਦਿਆਰਥੀ ਇਸ ਸਮੇਂ ਦੀ ਸੁਵਰਤੋਂ ਕਰਨ ਲਈ ਕਿਹੜੀਆਂ ਗਤੀਵਿਧੀਆਂ ਕਰ ਸਕਦੇ ਹਨ :

ਇਹ ਉਹ ਸਮਾਂ ਹੁੰਦਾ ਹੈ ਜਦੋਂ ਵਿਦਿਆਰਥੀ ਆਪਣੀਆਂ ਰੁਚੀਆਂ ਤੇ ਹੁਨਰ ਨੂੰ ਕੇਵਲ ਪਹਿਚਾਣ ਹੀ ਨਹੀਂ ਸਗੋਂ ਤਰਾਸ ਵੀ ਸਕਦਾ ਹੈ। ਕਿਉਂਕਿ ਸਕੂਲ ਦੇ ਦਿਨਾਂ ਵਿੱਚ ਉਸ ਕੋਲ ਅਜਿਹਾ ਕਰਨ ਲਈ ਅਕਸਰ ਸਮੇਂ ਦੀ ਕਿੱਲਤ ਦੇਖਣ ਨੂੰ ਮਿਲਦੀ ਹੈ।

ਵਿਦਿਆਰਥੀ ਇਸ ਸਮੇਂ ਵਿੱਚ ਕੋਈ ਸੰਗੀਤਕ ਸਾਜ ਜਿਵੇਂ ਗਿਟਾਰ, ਹਰਮੋਨੀਅਮ, ਸਿਤਾਰ, ਤਬਲਾ, ਬੰਸਰੀ, ਪਿਆਨੋ, ਹਾਰਮੋਨਿਕਾ ਆਦਿ ਵਜਾਉਣਾ ਸਿੱਖ ਸਕਦੇ ਹਨ।

ਆਪਣੇ ਭਵਿੱਖ ਲਈ ਆਪਣੇ ਵੱਡਿਆਂ ਤੇ ਮਾਹਿਰਾਂ ਤੋਂ ਸਲਾਹ ਲੈਂਦਿਆਂ ਉਹ ਇਸ ਸਮੇਂ ਉਚੇਰੀ ਵਿੱਦਿਆ ਵਿੱਚ ਦਾਖਲੇ ਜਾਂ ਨੌਕਰੀ ਲੈਣ ਲਈ ਹੋਣ ਵਾਲੇ ਇਮਤਿਹਾਨ ਦੀ ਤਿਆਰੀ ਵੀ ਕਰ ਸਕਦਾ ਹੈ।

ਸਮਾਜ ਭਲਾਈ ਦੇ ਕੰਮਾਂ ਵਿੱਚ ਰੁਚੀ ਰੱਖਣ ਵਾਲਾ ਵਿਦਿਆਰਥੀ ਕਿਸੇ ਐੱਨ.ਜੀ.ਓ. ਨਾਲ ਜੁੜ ਸਕਦਾ ਹੈ। ਵਾਤਾਵਰਣ ਨਾਲ ਸਾਂਝ ਪਾਉਂਦਿਆਂ ਉਹ ਆਪਣੇ ਆਲੇ-ਦੁਆਲੇ ਦੀ ਸਫਾਈ, ਨਵੇਂ ਪੌਦੇ ਲਗਾਉਣਾ ਜਾਂ ਪਹਿਲਾਂ ਤੋਂ ਲੱਗੇ ਪੌਦਿਆਂ ਦੀ ਦੇਖਭਾਲ ਜਿਹੀਆਂ ਗਤੀਵਿਧੀਆਂ ਕਰਦਿਆਂ ਸਮਾਂ ਬਤੀਤ ਕਰ ਸਕਦਾ ਹੈ।

ਸਾਡੇ ਬਜੁਰਗ ਜੋ ਅਕਸਰ ਸਾਡੇ ਨਾਲ ਸਮਾਂ ਬਿਤਾਉਣ ਦੀ ਇੱਛਾ ਰੱਖਦੇ ਹਨ, ਵਿਦਿਆਰਥੀ ਇਹਨੀਂ ਦਿਨੀਂ ਉਹਨਾਂ ਨਾਲ ਹੋਰ ਜ ?ਆਦਾ ਸਮਾਂ ਬਿਤਾਉਂਦਿਆਂ ਉਹਨਾਂ ਦੀ ਜੀਵਨ ਜਾਚ ਦੇ ਕਿੱਸੇ-ਕਹਾਣੀਆਂ ਸੁਣਕੇ ਉਹਨਾਂ ਤੋਂ ਸੇਧ ਲੈ ਸਕਦਾ ਹੈ।

ਫ ?ਲਮਾਂ ਦੇਖਣ ਦੇ ਸ਼ੌਕੀਨ ਵਿਦਿਆਰਥੀ ਵਧੀਆ ਜ ?ਦਗੀ ਜਿਉਣ ਲਈ ਉਤਸਾਹਿਤ ਕਰਦੀਆਂ ਫ ?ਲਮਾਂ ਦੇਖ ਸਕਦੇ ਹਨ।

ਜੇਕਰ ਵਿਦਿਆਰਥੀ ਕਿਸੇ ਨਵੀਂ ਜਗ੍ਹਾ ਘੁੰਮਣ ਜਾਂਦੇ ਹਨ ਤਾਂ ਉਸ ਖਿੱਤੇ ਦੀ ਬੋਲੀ, ਰਹਿਣ-ਸਹਿਣ, ਸੱਭਿਆਚਾਰ, ਮੌਸਮ, ਕਿੱਤਿਆਂ ਆਦਿ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਨ। ਜੇਕਰ ਉਹ ਖੁਦ ਕਿੱਧਰੇ ਘੁੰਮਣ ਨਹੀਂ ਵੀ ਜਾਂਦੇ ਤਾਂ ਉਹਨਾਂ ਦੇ ਆਸ-ਪਾਸ ਜੇਕਰ ਕੋਈ ਘੁੰਮਣ ਜਾਂਦਾ ਹੈ ਤਾਂ ਉਸਦੇ ਅਨੁਭਵ ਜਾਣ ਸਕਦੇ ਹਨ।

ਅਕਸਰ ਛੁੱਟੀਆਂ ਨੂੰ ਅਰਾਮ ਕਰਨ ਲਈ ਮਿਲਿਆ ਵਾਧੂ ਸਮਾਂ ਮੰਨ ਲਿਆ ਜਾਂਦਾ ਹੈ। ਪਰ ਅਰਾਮ ਦੇ ਨਾਲ-ਨਾਲ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਰੁਚੀ ਅਤੇ ਉਮਰ ਅਨੁਸਾਰ ਕਿਸੇ ਖੇਡ, ਯੋਗ ਕਿਰਿਆਂਵਾਂ ਜਾਂ ਫੇਰ ਜਿੰਮ ਜੁਆਇੰਨ ਕਰਕੇ ਵਧੇਰੇ ਤੰਦਰੁਸਤ ਹੋ ਸਕਦਾ ਹੈ।

ਇਸ ਸਭ ਦੇ ਨਾਲ-ਨਾਲ ਸਭ ਤੋਂ ਅਹਿਮ ਹੁੰਦਾ ਹੈ ਵਿਦਿਆਰਥੀ ਦਾ ਪੂਰੇ ਪਰਿਵਾਰ ਨਾਲ ਸਮਾਂ ਬਿਤਾਉਣਾ। ਸਭ ਪਰਿਵਾਰਿਕ ਮੈਂਬਰਾਂ ਦਾ ਇਕੱਠੇ ਮਿਲਕੇ ਬੈਠਣਾ ਤੇ ਇੱਕ-ਦੂਜੇ ਦੇ ਕੰਮ ਵਿੱਚ ਹੱਥ ਵਟਾਉਣਾ। ਉਹ ਚਾਹੇ ਪਿਤਾ ਨਾਲ ਉਹਨਾਂ ਦੇ ਕੰਮ ਵਿੱਚ ਹੋਵੇ, ਮਾਤਾ ਨਾਲ ਘਰ ਦੇ ਕੰਮ ਵਿੱਚ ਜਾਂ ਫਿਰ ਭੈਣ-ਭਰਾ ਨਾਲ ਪੜ੍ਹਾਈ ਵਿੱਚ। ਅਜਿਹਾ ਕਰਨ ਨਾਲ ਵਿਦਿਆਰਥੀ ਵਿੱਚ ਸਮਾਜਿਕ ਤੇ ਪਰਿਵਾਰਿਕ ਕਦਰਾਂ-ਕੀਮਤਾਂ ਪ੍ਰਤੀ ਸਕਾਰਾਤਮਕਤਾ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਹਰ ਵਿਦਿਆਰਥੀ ਆਪਣੇ ਇਸ ਅਣਮੁੱਲੇ ਸਮੇਂ ਦੀ ਸੁਚੱਜੀ ਵਰਤੋਂ ਕਰਦਿਆਂ ਨਾ ਕੇਵਲ ਇਹਨਾਂ ਛੁੱਟੀਆਂ ਦਾ ਭਰਪੂਰ ਆਨੰਦ ਲੈ ਸਕਦਾ ਹੈ, ਸਗੋਂ ਇਹਨਾਂ ਨੂੰ ਯਾਦਗਾਰੀ ਵੀ ਬਣਾ ਸਕਦਾ ਹੈ।

ਵੱਲੋਂ : ਪ੍ਰਿੰਸੀਪਲ ਰੰਧਾਵਾ ਸਿੰਘ
9417131332

# ਆਓ ! ਜੰਗਲਾਂ ਨੂੰ ਅੱਗ ਲੱਗਣ ਤੋਂ ਬਚਾਈਏ



**ਜੇਕਰ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਸਾਡੇ ਕੋਲ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਫਾਇਰ ਬ੍ਰਿਗੇਡ ਆਦਿ ਦਾ ਸੰਪਰਕ ਨੰਬਰ ਵੀ ਆਪਣੇ ਕੋਲ ਰੱਖਣਾ ਚਾਹੀਦਾ ਹੈ , ਤਾਂ ਜੋ ਮਾਨਵਤਾ ਦਿਖਾਉਂਦੇ ਹੋਏ ਅਸੀਂ ਬੇਲੋੜੀ ਲੱਗਣ ਵਾਲੀ ਅੱਗ ਤੋਂ ਆਪਣਾ , ਵਾਤਾਵਰਣ ਅਤੇ ਇਨ੍ਹਾਂ ਪੰਛੀ -ਪਰਿੰਦਿਆਂ ਅਤੇ ਜੀਵ - ਜੰਤੂਆਂ ਦਾ ਬਚਾਅ ਕਰ ਸਕੀਏ ।**

ਅੱਜ ਕੱਲ ਗਰਮੀ ਦਾ ਮੌਸਮ ਚੱਲ ਰਿਹਾ ਹੈ ਅਤੇ ਤਾਪਮਾਨ ਵੀ ਆਪਣੇ ਸਿਖਰਾਂ 'ਤੇ ਹੈ । ਹਰ ਜੀਵ - ਜੰਤੂ ਤੇ ਪ੍ਰਾਣੀ ਗਰਮੀ ਤੋਂ ਪ੍ਰਭਾਵਿਤ ਹੋਇਆ ਪਿਆ ਹੈ । ਅਜਿਹੇ ਸਮੇਂ ਵਿੱਚ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਅਕਸਰ ਵਾਪਰਨ ਦਾ ਖਦਸ਼ਾ ਰਹਿੰਦਾ ਹੈ , ਜੋ ਕਿ ਬਹੁਤ ਹੀ ਮੰਦਭਾਗਾ ਵਰਤਾਰਾ ਹੈ ; ਕਿਉਂਕਿ ਜੰਗਲਾਂ ਨੂੰ ਅੱਗ ਲੱਗਣ ਨਾਲ ਜਿੱਥੇ ਤਾਪਮਾਨ ਵਿੱਚ ਹੋਰ ਜ਼ਿਆਦਾ ਵਾਧਾ ਹੋ ਜਾਂਦਾ ਹੈ , ਉੱਥੇ ਹੀ ਅੱਗ ਲੱਗਣ ਨਾਲ ਕਈ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ , ਕੁਦਰਤ ਦਾ ਨੁਕਸਾਨ ਹੁੰਦਾ ਹੈ ਤੇ ਨਾਲ ਹੀ ਕਈ ਤਰ੍ਹਾਂ ਦੀਆਂ ਜੀਵ - ਜੰਤੂਆਂ ਦੀਆਂ ਨਸਲਾਂ ਇਸ ਤੋਂ ਪ੍ਰਭਾਵਿਤ ਹੁੰਦੀਆਂ ਹਨ। ਜੰਗਲਾਂ ਨੂੰ ਅਚਾਨਕ ਅੱਗ ਲੱਗਣ ਨਾਲ ਕਈ ਤਰ੍ਹਾਂ ਦੇ ਪੇੜ - ਪੌਦਿਆਂ ਨੂੰ ਭਾਰੀ ਨੁਕਸਾਨ ਹੁੰਦਾ ਹੈ । ਇੱਥੇ ਨਿਵਾਸ ਕਰਨ ਵਾਲੇ ਜੀਵ - ਜੰਤੂਆਂ ਨੂੰ ਵੀ ਮੌਤ ਦੇ ਮੂੰਹ ਵਿੱਚ ਜਾਣਾ ਪੈਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਦੁਰਗਮ ਪਰਸਥਿਤੀਆਂ ਦਾ ਸਾਹਮਣਾ ਮਜਬੂਰੀ ਵੱਸ ਕਰਨਾ ਪੈਂਦਾ ਹੈ । ਕਈ ਵਾਰ ਜਾਨੀ - ਮਾਲੀ ਨੁਕਸਾਨ ਵੀ ਹੋ ਜਾਂਦਾ ਹੈ ਅਤੇ ਲੋਕਾਂ ਦੇ ਘਰ ਅੱਗ ਨਾਲ ਤਬਾਹ ਹੋ ਜਾਂਦੇ । ਜੰਗਲ , ਸੁੱਕੇ ਨਾੜ , ਸੁੱਕੇ ਦਰੱਖਤਾਂ, ਬੂਟਿਆਂ , ਝਾੜੀ ਬੂਟੀਆਂ ਆਦਿ ਨੂੰ ਅੱਗ ਲੱਗਣ ਨਾਲ ਬਹੁਤੇਰੇ ਜੀਵ - ਜੰਤੂ ਨਾ ਚਾਹੁੰਦੇ ਹੋਏ ਵੀ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ ਅਤੇ ਬਹੁਤ ਹੀ ਦੁੱਖ ਭਰੀ ਗੱਲ ਤਾਂ ਇਹ ਹੁੰਦੀ ਹੈ ਕਿ ਇਨ੍ਹਾਂ ਜੀਵ - ਜੰਤੂਆਂ , ਪੰਛੀ - ਪਰਿੰਦਿਆਂ ਦੇ ਅੰਡੇ ਜਾਂ ਛੋਟੇ - ਛੋਟੇ ਅੰਡਿਆਂ ਵਿੱਚੋਂ ਨਿਕਲੇ ਬੱਚੇ ਜਿਨ੍ਹਾਂ ਨੇ ਅਜੇ ਜ਼ਿੰਦਗੀ ਦੇ ਕੁਝ ਪਲ ਹੀ ਦੇਖੇ ਹੁੰਦੇ ਹਨ , ਉਨ੍ਹਾਂ ਉੱਤੇ ਅੱਗ ਮੌਤ ਦਾ ਕਹਿਰ ਵਰਾਉਂਦੀ ਹੋਈ ਆਉਂਦੀ ਹੈ ਅਤੇ ਇਹ ਕੋਮਲ , ਨਾਜ਼ੁਕ , ਬੇ ਆਸਰਾ , ਲਾਚਾਰ ਤੇ ਪ੍ਰੇਸ਼ਾਨ ਛੋਟੇ - ਛੋਟੇ ਪੰਛੀ ਪਰਿੰਦੇ ਅਤੇ ਜੀਵ - ਜੰਤੂਆਂ ਦੇ ਬੱਚੇ ਅਤੇ ਜੀਵ - ਜੰਤੂ ਲੱਗੀ ਹੋਈ ਅੱਗ ਵਿੱਚ ਦੇਖਦੇ ਹੀ ਦੇਖਦੇ ਮਿੰਟਾਂ - ਸਕਿੰਟਾਂ ਵਿੱਚ ਇਸ ਤਰ੍ਹਾਂ ਜਲ ਜਾਂਦੇ ਹਨ , ਜਿਵੇਂ ਭੱਠੀ ਵਿੱਚ ਦਾਣੇ ਭੁੰਨ ਹੋ ਜਾਂਦੇ ਹਨ । ਸਾਡੇ ਵੱਡੇ - ਵਡੇਰਿਆਂ ਤੇ ਮਹਾਂਪੁਰਖਾਂ ਨੇ ਇਹ ਸਿੱਖਿਆ ਦਿੱਤੀ ਹੈ ਕਿ ਜਾਣ - ਬੁੱਝ ਕੇ ਜੰਗਲਾਂ , ਝਾੜੀਆਂ , ਬੂਟੀਆਂ , ਸੁੱਕੇ ਦਰਖਤਾਂ ਆਦਿ ਨੂੰ ਅੱਗ ਲਗਾਉਣਾ ਕੇਵਲ ਪਾਪ ਹੀ ਨਹੀਂ , ਸਗੋਂ ਮਹਾਂਪਾਪ ਮਹਾਂਘੋਰ ਅਪਰਾਧ ਹੈ । ਜਿਸ ਦਾ ਖਮਿਆਜਾ ਕੁਦਰਤ ਵੱਲੋਂ ਮਨੁੱਖ ਨੂੰ ਭੁਗਤਣਾ ਹੀ ਪੈਂਦਾ ਹੈ । ਇਸ ਲਈ ਸਾਨੂੰ ਆਪਣੇ ਪੱਧਰ 'ਤੇ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜੰਗਲਾਂ , ਜੜੀ , ਬੂਟੀਆਂ, ਝਾੜੀਆਂ , ਘਾਹ ਆਦਿ ਨੂੰ ਅੱਗ ਲੱਗਣ ਦੀ ਨੌਬਤ ਹੀ ਨਾ ਆਵੇ । ਸਾਨੂੰ ਆਪਣੇ ਖੇਤਾਂ ਦੇ ਵਿਅਰਥ ਘਾਹ - ਫੂਸ , ਨਾੜ ਆਦਿ ਨੂੰ ਵੀ ਜਲਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਜਾਂ ਥੋੜ੍ਹੀ - ਬਹੁਤੀ ਅੱਗ ਲਗਾਉਣ ਸਮੇਂ ਵੀ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਅੱਗ ਨਾ ਫੈਲੇ । ਕਈ ਵਾਰ ਸਾਡੇ ਖੇਤਾਂ ਵਿੱਚ ਜਾਂ ਵਣ ਸੰਪਦਾ ਦੇ ਨੇੜੇ ਜਾਂ ਸੁੱਕੇ ਘਾਹ - ਫੂਸ ਦੇ ਕੋਲ ਕਈ ਵਾਰ ਬਿਜਲੀ ਦੀਆਂ ਤਾਰਾਂ ਵਿੱਚੋਂ ਰੌਸ਼ਨੀ ਨਿਕਲਦੀ ਨਜ਼ਰ ਆਉਂਦੀ ਹੈ ਜਾਂ ਬਿਜਲੀ ਦੀਆਂ ਤਾਰਾਂ ਵਿੱਚ ਕੁਝ ਹੋਰ ਨੁਕਸ ਨਜਰ ਆਉਂਦਾ ਹੈ ਤਾਂ ਸਾਨੂੰ ਫੌਰੀ ਤੌਰ 'ਤੇ ਇਸ ਸੰਬੰਧੀ ਸੰਬੰਧਿਤ ਵਿਭਾਗ ਨੂੰ ਜਾਂ ਆਪਣੇ ਆਲੇ - ਦੁਆਲੇ ਦੇ ਲੋਕਾਂ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ । ਆਪਣੇ ਮਨ ਦੀਆਂ ਭਾਵਨਾਵਾਂ ਅਨੁਸਾਰ ਅਸੀਂ ਕਈ ਵਾਰ ਖੇਤਾਂ ਵਿੱਚ ਖੂਹਾਂ 'ਤੇ ਜਾਂ ਖੇਤਾਂ ਵਿੱਚ ਬਣਾਏ ਹੋਏ ਧਾਰਮਿਕ ਅਸਥਾਨਾਂ 'ਤੇ ਦੀਵੇ ਜਾਂ ਧੂਪ ਆਦਿ ਜਗਾ ਦਿੰਦੇ ਹਾਂ , ਜੋ ਕਿ ਬਾਅਦ ਵਿੱਚ ਤੇਜ਼ ਹਨੇਰੀ ਚੱਲਣ ਆਦਿ ਨਾਲ ਆਲੇ - ਦੁਆਲੇ ਦੇ ਖੇਤਰ ਵਿੱਚ ਅੱਗ ਲੱਗਣ ਦਾ ਕਾਰਨ ਬਣ ਸਕਦਾ ਹੈ । ਇਸ ਬਾਰੇ ਵੀ ਜੇਕਰ ਅਸੀਂ ਥੋੜ੍ਹਾ ਧਿਆਨ ਰੱਖੀਏ ਤਾਂ ਕੋਈ ਵੀ ਮੰਦਭਾਗੀ ਘਟਨਾ ਨਹੀਂ ਵਾਪਰ ਸਕੇਗੀ । ਇਸ ਤੋਂ ਇਲਾਵਾ ਜੇਕਰ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਸਾਡੇ ਕੋਲ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਫਾਇਰ ਬ੍ਰਿਗੇਡ ਆਦਿ ਦਾ ਸੰਪਰਕ ਨੰਬਰ ਵੀ ਆਪਣੇ ਕੋਲ ਰੱਖਣਾ ਚਾਹੀਦਾ ਹੈ , ਤਾਂ ਜੋ ਮਾਨਵਤਾ ਦਿਖਾਉਂਦੇ ਹੋਏ ਅਸੀਂ ਬੇਲੋੜੀ ਲੱਗਣ ਵਾਲੀ ਅੱਗ ਤੋਂ ਆਪਣਾ , ਵਾਤਾਵਰਣ ਅਤੇ ਇਨ੍ਹਾਂ ਪੰਛੀ -ਪਰਿੰਦਿਆਂ ਅਤੇ ਜੀਵ - ਜੰਤੂਆਂ ਦਾ ਬਚਾਅ ਕਰ ਸਕੀਏ । ਇਸ ਵਿੱਚ ਹੀ ਸਾਡਾ ਤੇ ਵਾਤਾਵਰਨ ਦਾ ਭਲਾ ਹੋ ਸਕਦਾ ਹੈ । ਇਸ ਤੋਂ ਇਲਾਵਾ ਜੇਕਰ ਅਸੀਂ ਛੋਟੀਆਂ - ਛੋਟੀਆਂ ਗੱਲਾਂ ਦਾ ਧਿਆਨ ਰੱਖੀਏ ਤਾਂ ਵੀ ਸਾਡੇ ਆਲੇ - ਦੁਆਲੇ , ਜੰਗਲ , ਬੂਟੀ , ਆਦਿ ਨੂੰ ਅੱਗ ਲੱਗਣ ਤੋਂ ਬਚਾਇਆ ਜਾ ਸਕਦਾ ਹੈ। ਜਿਵੇਂ ਕਿ ਬੀੜੀ , ਸਿਗਰਟ ਆਦਿ ਪੀਣ ਵਾਲੇ ਵਿਅਕਤੀਆਂ ਨੂੰ ਚਾਹੀਦਾ ਹੈ ਕਿ ਉਹ ਬੀੜੀ - ਸਿਗਰਟ ਦਾ ਉਪਯੋਗ ਕਰਨ ਸਮੇਂ ਮਾਚਿਸ ਦੀ ਤੀਲੀ ਆਦਿ ਨੂੰ ਚੰਗੀ ਤਰ੍ਹਾਂ ਬੁਝਾ ਕੇ ਹੀ ਸੁੱਟਣ ਅਤੇ ਬੀੜੀ - ਸਿਗਰਟ ਦੀ ਵਰਤੋਂ ਕਰਨ ਤੋਂ ਬਾਅਦ ਉਸ ਨੂੰ ਚੰਗੀ ਤਰ੍ਹਾਂ ਬੁਝਾ ਕੇ ਹੀ ਸੁੱਟਣ। ਜਿਹੜੇ ਘਰਾਂ ਵਿੱਚ , ਹੋਟਲਾਂ , ਢਾਬਿਆਂ , ਦੁਕਾਨਾਂ ਆਦਿ ਵਿੱਚ ਕੋਲੇ, ਪੱਥਰ ਦੇ ਕੋਲੇ ਜਾਂ ਲੱਕੜ ਦੇ ਬਾਲਣ ਦਾ ਪ੍ਰਯੋਗ ਹੁੰਦਾ ਹੈ, ਉਨ੍ਹਾਂ ਨੂੰ ਇਹ ਧਿਆਨ ਰੱਖਣਾ ਬਣਦਾ ਹੈ ਕਿ ਗਰਮੀਆਂ ਵਿੱਚ ਹਨੇਰੀਆਂ ਕਾਫੀ ਆਉਂਦੀਆਂ ਹਨ , ਇਸ ਲਈ ਉਹ ਲੱਕੜ ਦੀ ਅੱਗ, ਕੋਲਿਆਂ ਦੀ ਅੱਗ ਨੂੰ ਉਪਯੋਗ ਕਰਨ ਤੋਂ ਬਾਅਦ ਚੰਗੀ ਤਰ੍ਹਾਂ ਢੱਕ ਕੇ ਰੱਖਣ ਖਾਸ ਤੌਰ 'ਤੇ ਰਾਤ ਨੂੰ , ਤਾਂ ਜੋ ਹਨੇਰੀ ਆਦਿ ਆਉਣ ਦੀ ਸੂਰਤ ਵਿੱਚ ਇਹ ਅੱਗ ਉੱਡ ਕੇ ਨੇੜੇ - ਤੇੜੇ ਜੰਗਲ , ਬੂਟੀ , ਘਾਹ ਜਾਂ ਕਿਸੇ ਦੀ ਝੁੱਗੀ - ਝੌਂਪੜੀ , ਕੁੱਪ , ਕੁੰਨੂੰ ਆਦਿ ਨੂੰ ਨੁਕਸਾਨ ਨਾ ਪਹੁੰਚਾ ਸਕੇ। ਇਸ ਤੋਂ ਇਲਾਵਾ ਆਪਣੇ ਆਲੇ - ਦੁਆਲੇ ਘਾਹ - ਬੂਟੀ ਆਦਿ ਨੂੰ ਸਾਫ - ਸਫਾਈ ਦੇ ਤੌਰ 'ਤੇ ਅੱਗ ਲਗਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ ; ਕਿਉਂਕਿ ਗਰਮੀਆਂ ਦੇ ਦਿਨਾਂ ਵਿੱਚ ਸਾਫ਼ - ਸਫ਼ਾਈ ਦੇ ਤੌਰ 'ਤੇ ਲਗਾਈ ਹੋਈ ਅੱਗ ਕਦੋਂ ਅਚਾਨਕ ਫੈਲ ਜਾਵੇ ਇਸ ਦਾ ਪਤਾ ਹੀ ਨਹੀਂ ਚੱਲਦਾ। ਸੋ ਬਿਹਤਰ ਇਹੋ ਹੋਵੇਗਾ ਕਿ ਕਿਸੇ ਵੀ ਦੁਰਘਟਨਾ ਲਈ ਦੂਸਰੇ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਪਹਿਲਾਂ ਅਸੀਂ ਆਪ ਸੁਚੇਤ ਹੋ ਜਾਈਏ ਅਤੇ ਉਸ ਦੇ ਬਚਾਅ ਦੇ ਲਈ ਯਥਾਸੰਭਵ ਉਪਰਾਲੇ ਕਰੀਏ ਅਤੇ ਮਾਨਵਤਾ ਧਰਮ ਨਿਭਾਈਏ । ਇਹੋ ਇਨਸਾਨੀਅਤ ਹੈ ਤੇ ਇਹੋ ਕੁਦਰਤ ਨਾਲ ਸੱਚਾ ਪਿਆਰ ਹੈ ।

**ਸਟੇਟ ਐਵਾਰਡੀ**
**ਮਾਸਟਰ ਸੰਜੀਵ ਧਰਮਾਣੀ**
9478561356

# ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ ਪੰਜਾਬ ਦਾ ਸੱਭਿਆਚਾਰ



ਬਦਲਾਉ ਪ੍ਰਕਿਰਤੀ ਦਾ ਨਿਯਮ ਹੈ, ਪਰ ਜਿਸ ਤੇਜੀ ਨਾਲ ਪੰਜਾਬ ਦਾ ਸੱਭਿਆਚਾਰ ਖਤਮ ਹੋ ਰਿਹਾ ਹੈ, ਉਹ ਹੈਰਾਨੀਜਨਕ ਹੈ। ਪੰਜਾਬ ਦੇ ਸੱਭਿਆਚਾਰ ਵਿੱਚੋਂ ਸੈਂਕੜੇ ਅਜਿਹੇ ਰੀਤੀ ਰਿਵਾਜ਼ ਅਤੇ ਵਸਤੂਆਂ ਖਤਮ ਹੋ ਗਈਆਂ ਹਨ, ਜਿਹਨਾਂ ਬਾਰੇ ਨਵੀਂ ਪੀੜ੍ਹੀ ਨੂੰ ਕੁਝ ਵੀ ਪਤਾ ਨਹੀਂ ਹੈ।

ਪੰਜਾਬ ਦੇ ਸੱਭਿਆਚਾਰ ਬਾਰੇ ਕਿਸੇ ਕਵੀ ਦੇ ਦਿਲ ਵਿੱਚੋਂ ਇਸ ਤਰਾਂ ਹੂਕ ਨਿਕਲੀ ਹੈ,

ਉਹ ਮੋਹਲਾ, ਉਹ ਉੱਖਲੀ, ਉਹ ਚੱਕੀ, ਉਹ ਦਾਣੇ।
ਵਿਆਹਾਂ ਦੀ ਭਾਜੀ, ਪਤਾਸੇ ਮਖਾਣੇ।
ਨਾ ਰਹੇ ਆਟੇ, ਪਰਾਤਾਂ ਨਾ ਰਹੀਆਂ।
ਉਹ ਡੋਲੀ, ਉਹ ਤੰਬੂ, ਕਨਾਤਾਂ ਨਾ ਰਹੀਆਂ।
ਉਹ ਗੱਲਾਂ ਨਾ ਰਹੀਆਂ, ਉਹ ਬਾਤਾਂ ਨਾ ਰਹੀਆਂ।

ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੁਣ ਸਿਰਫ ਪੁਰਾਣੀਆਂ ਪੰਜਾਬੀ ਫਿਲਮਾਂ ਜਾਂ ਮਿਊਜ਼ੀਅਮਾਂ ਵਿੱਚ ਹੀ ਹੁੰਦੇ ਹਨ। ਅੱਜ ਜੇ ਕੋਈ ਖੁਲ੍ਹਾ ਕੁੜਤਾ ਤੇ ਧੂੰਹਵਾਂ ਚਾਦਰਾ ਬੰਨ੍ਹ ਕੇ ਬਜ਼ਾਰ ਵਿੱਚ ਦੀ ਲੰਘ ਜਾਵੇ ਤਾਂ ਲੋਕ ਮੁੜ ਮੁੜ ਕੇ ਵੇਖਦੇ ਹਨ। ਪੰਜਾਬ ਦੇ 1% ਘਰਾਂ ਵਿੱਚ ਵੀ ਹੁਣ ਚਾਟੀ ਵਿੱਚ ਮਧਾਣੀ ਨਹੀਂ ਖੜਕਦੀ। ਘਰ ਦੇ ਦਹੀਂ, ਲੱਸੀ, ਮੱਖਣ ਤੇ ਘਿਉ ਦਾ ਸਵਾਦ ਲੋਕਾਂ ਨੂੰ ਭੁੱਲ ਗਿਆ ਹੈ। ਕੁੱਜੇ ਵਿੱਚ ਰਿੱਝਦਾ ਸਾਗ, ਦਾਣੇ ਭੁੰਨਣ ਵਾਲੀ ਭੱਠੀ, ਕਮਾਦ ਪੀੜਨ ਵਾਲਾ ਵੇਲਣਾ, ਗੁੜ ਬਣਾਉਣ ਵਾਲੇ ਕੜਾਹੇ ਦਾ ਨਾਮੋ ਨਿਸ਼ਾਨ ਮਿਟ ਗਿਆ ਹੈ।

ਨਵੀਂ ਪੀੜ੍ਹੀ ਨੂੰ ਤਾਂ ਹੁਣ ਸੈਂਕੜੇ ਚੀਜਾਂ ਦੇ ਨਾਮ ਵੀ ਨਹੀਂ ਪਤਾ। ਉਹਨਾਂ ਨੂੰ ਮਾਲੂਮ ਹੀ ਨਹੀਂ ਕਿ ਗੁੱਲੀ ਡੰਡਾ, ਬੰਟੇ (ਕੱਚ ਦੀਆਂ ਗੋਲੀਆਂ), ਲਿਖਣ ਵਾਲੀਆਂ ਫੱਟੀਆਂ, ਲਾਟੂ, ਲੁਕਣ ਮੀਟੀ, ਬਾਂਦਰ ਕਿੱਲਾ, ਸ਼ਟਾਪੂ, ਪਿੱਠੂ ਗਰਮ, ਛੂਹਣ ਛਪਾਈ, ਬੰਟੇ ਖੇਡਣ ਵਾਲੀ ਖੁੱਤੀ ਤੇ ਗੁੱਲੀ ਡੰਡਾ ਖੇਡਣ ਵਾਲੀ ਰਾਬ ਕੀ ਹੁੰਦੀ ਹੈ? ਸਾਉਣ ਮਹੀਨੇ ਲੱਗਦੀਆਂ ਤੀਆਂ ਹੁਣ ਸਿਰਫ ਗਾਣਿਆਂ ਜਾਂ ਫਿਲਮਾਂ ਵਿੱਚ ਰਹਿ ਗਈਆਂ ਹਨ। ਪਿੱਪਲਾਂ ਬੋਹੜਾਂ ਥੱਲੇ ਹੁਣ ਸੱਥਾਂ ਨਹੀਂ ਲੱਗਦੀਆਂ, ਉਹਨਾਂ ਦੀ ਜਗ੍ਹਾ ਐਮ.ਪੀ. ਕੋਟੇ ਵਿੱਚੋ ਆਏ ਸੀਮਿੰਟ ਦੇ ਬੈਂਚਾਂ ਨੇ ਲੈ ਲਈ ਹੈ। ਤਾਂਗਾ ਕਿਤੇ ਵਿਰਲਾ ਟਾਵਾਂ ਹੀ ਦਿਸਦਾ ਹੈ। ਪਹਿਲਾਂ ਸ਼ਹਿਰਾਂ ਵਿੱਚ ਤਾਂਗੇ ਖੜੇ ਕਰਨ ਲਈ ਖਾਸ ਤੌਰ 'ਤੇ ਤਾਂਗਾ ਸਟੈਂਡ ਬਣੇ ਹੁੰਦੇ ਸਨ। ਪਿੰਡਾਂ ਵਿੱਚ ਵਿਕਣ ਆਉਣ ਵਾਲੀ ਮਲਾਈ ਬਰਫ ਦੀ ਜਗ੍ਹਾ ਕੁਲਫੀਆਂ ਅਤੇ ਆਈਸ ਕਰੀਮਾਂ ਨੇ ਲੈ ਲਈ ਹੈ। ਫੇਰੀ ਵਾਲੇ ਵੱਲੋਂ ਕਾਗਜ਼ 'ਤੇ ਪਾ ਕੇ ਦਿੱਤੀ ਜਾਂਦੀ ਮਲਾਈ ਬਰਫ ਦੀ ਇੱਕ ਪਤਲੀ ਜਿਹੀ ਕਾਤਰ ਅਮੁੱਲ ਦੀ ਪਿਸਤਾ ਕੁਲਫੀ ਨਾਲੋਂ ਜਿਆਦਾ ਮਜ਼ਾ ਦਿੰਦੀ ਸੀ।



ਹੁਣ ਕੋਈ ਕਿਸਾਨ ਖੇਤੀਬਾੜੀ ਲਈ ਬਲਦ ਜਾਂ ਊਠ ਨਹੀਂ ਪਾਲਦਾ। ਗੱਡੇ, ਹਲ੍ਹ, ਪੰਜਾਲੀਆਂ, ਅਰਲੀ, ਹੱਥ ਤੇ ਡੰਗਰਾਂ ਨਾਲ ਚੱਲਣ ਵਾਲੇ ਟੋਕੇ, ਵੇਲਣੇ, ਵੱਟਾਂ ਪਾਉਣ ਵਾਲੇ ਜਿੰਦਰੇ, ਤੂੜੀ ਦੇ ਮੂਸਲ ਤੇ ਫਲ੍ਹੇ ਆਦਿ ਵਰਗੇ ਖੇਤੀ ਦੇ ਸੰਦ ਅਜਾਇਬਘਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਘਰਾਂ ਵਿੱਚ ਵਰਤਣ ਵਾਲਾ ਸਮਾਨ ਜਿਵੇਂ ਹੱਥ ਵਾਲੀਆਂ ਚੱਕੀਆਂ, ਮਧਾਣੀਆਂ, ਸੇਵੀਆਂ ਵੱਟਣ ਵਾਲੀ ਬਿੱਲੀ, ਕਾੜ੍ਹਨੀ, ਚਾਟੀ, ਚੱਕਵੇਂ ਚੁਲ੍ਹੇ, ਨਾਲੇ ਅਤੇ ਖੇਸ ਬੁਣਨ ਵਾਲੀ ਖੱਡੀ, ਕਿੱਲੀਆਂ, ਚਰਖੇ, ਸਰ੍ਹੋਂ ਦੇ ਤੇਲ ਵਾਲੇ ਦੀਵੇ, ਆਟੇ ਦੀਆਂ ਚਿੜੀਆਂ ਤੇ ਘਰ ਦਾ ਗੁੜ ਸ਼ੱਕਰ ਵੀ ਗਾਇਬ ਹੋ ਗਏ ਹਨ। ਹੁਣ ਕੁੜੀਆਂ ਪਹਿਲਾਂ ਵਾਂਗ ਤ੍ਰਿਝਣਾਂ ਵਿੱਚ ਬੈਠ ਕੇ ਸੂਤ ਨਹੀਂ ਕੱਤਦੀਆਂ। ਪਿੱਤਲ ਤੇ ਕਾਂਸੀ ਦੀ ਜਗ੍ਹਾ ਸਟੀਲ ਦੇ ਭਾਂਡੇ ਆ ਜਾਣ ਕਾਰਨ ਕਲੀ ਕਰਨ ਵਾਲਿਆਂ ਦੇ ਹੋਕੇ ਵੀ ਸੁਣਾਈ ਨਹੀਂ ਦੇਂਦੇ। ਸਕੂਲ ਜਾਣ ਲਈ ਬੋਰੀ ਵਾਲੇ ਬਸਤੇ ਹੁੰਦੇ ਸਨ। ਜਮਾਤ ਵਿੱਚ ਬੈਠਣ ਲਈ ਬੋਰੀ ਜਾਂ ਇੱਟ ਨਾਲ ਸਾਰ ਲਿਆ ਜਾਂਦਾ ਸੀ। ਜਿਸ ਵਿਦਿਆਰਥੀ ਦਾ ਬਸਤਾ ਚਿੱਟੀ ਬੋਰੀ ਬਣਿਆ ਹੁੰਦਾ ਸੀ, ਉਸ ਦਾ ਸਾਰੀ ਕਾਲਸ ਵਿੱਚ ਟੌਹਰ ਹੁੰਦਾ ਸੀ।

ਵਿਆਹਾਂ ਦੀ ਸ਼ਾਨ ਅਤੇ ਮੋਹ ਪਿਆਰ ਖਤਮ ਹੋ ਗਿਆ ਹੈ। ਪਹਿਲਾਂ ਜੰਞ ਕਈ ਕਈ ਦਿਨ ਤੱਕ ਰੱਖੀ ਜਾਂਦੀ ਸੀ। ਕੋਈ ਜਿੰਨੇ ਦਿਨ ਵੱਧ ਜੰਞ ਰੱਖਦਾ, ਉਨੀ ਹੀ ਇਲਾਕੇ ਵਿੱਚ ਬੱਲੇ ਬੱਲੇ ਹੁੰਦੀ। ਕਈ ਵਾਰ ਤਾਂ ਬਰਾਤ ਤਰਲੇ ਕੱਢ ਕੇ ਵਾਪਸ ਜਾਂਦੀ ਸੀ ਕਿ ਹੁਣ ਸਾਨੂੰ ਘਰ ਦੇ ਕੰਮ ਵੀ ਕਰ ਲੈਣ ਦਿਉ। ਸਾਰਾ ਪਿੰਡ ਰਲ ਮਿਲ ਕੇ ਬਰਾਤ ਦੀ ਸੇਵਾ ਕਰਦਾ ਸੀ। ਪਿੰਡ ਦੇ ਨਾਈ ਲਾਗੀ ਹੀ ਸਾਰਾ ਖਾਣਾ ਤਿਆਰ ਕਰਦੇ ਸਨ, ਨਾ ਕੋਈ ਮੈਰਿਜ ਪੈਲੇਸ ਦਾ ਖਰਚਾ ਤੇ ਨਾ ਕੈਟਰਿੰਗ ਦਾ। ਜਾਂਞੀਆਂ ਵਾਸਤੇ ਖੁਲ੍ਹੀਆਂ ਮਿਠਾਈਆਂ, ਮਿੱਠੇ ਨਮਕੀਨ ਚਾਵਲ, ਮੁਰਗਾ ਬੱਕਰਾ ਅਤੇ ਘੋੜੀਆਂ ਵਾਸਤੇ ਵਧੀਆ ਦਾਣਾ ਵਰਤਾਇਆ ਜਾਂਦਾ ਸੀ। ਸ਼ਰੀਕੇ ਬਰਾਦਰੀ ਵਾਲੇ ਸੰਭਾਲਣ ਵਾਸਤੇ ਇੱਕ ਇੱਕ ਘੋੜੀ ਆਪਣੇ ਘਰ ਬੰਨ੍ਹ ਲੈਂਦੇ ਸਨ ਤਾਂ ਜੋ ਕੁੜੀ ਵਾਲੇ 'ਤੇ ਬਹੁਤਾ ਬੋਝ ਨਾ ਪਵੇ। ਬਹੁਤ ਮਜ਼ਾ ਆਉਂਦਾ ਸੀ ਜਦੋਂ ਲਾਗੀ ਸਵੇਰੇ ਸਵੇਰ ਨਾਨਕੇ ਮੇਲ ਨੂੰ ਮੰਜੀਆਂ 'ਤੇ ਪਿੱਤਲ ਦਾ ਡੱਕਵਾਂ ਚਾਹ ਦਾ ਗਲਾਸ ਤੇ ਨਾਲ ਮਿੱਠੀ ਬੂੰਦੀ ਅਤੇ ਮੱਠੀਆਂ ਦੇ ਥਾਲ ਵਰਤਾਉਂਦਾ ਸੀ। ਮਿੱਟੀ ਦੇ ਕੋਠਿਆਂ 'ਤੇ ਸਿਰਕੀ ਅਤੇ ਕਾਨਿਆਂ ਦੀਆਂ ਛੱਤਾਂ ਹੁਣ ਕੋਈ ਨਹੀਂ ਪਾਉਂਦਾ। ਬਿਜਲੀ ਦੀਆਂ ਮੋਟਰਾਂ ਕਾਰਨ ਖੂਹਾਂ ਦਾ ਵਜੂਦ ਖਤਮ ਹੋ ਗਿਆ ਹੈ। ਜੇ ਕਿਸੇ ਪਿੰਡ ਵਿੱਚ ਖੂਹ ਹੈ ਵੀ ਤਾਂ ਉਹ ਕੂੜਾ ਕਰਕਟ ਸੁੱਟਣ ਦੇ ਕੰਮ ਆਉਂਦਾ ਹੈ। ਪਹਿਲਾਂ ਪਿੰਡਾਂ ਵਿੱਚ ਡੰਗਰ ਦੇ ਚਰਨ ਵਾਸਤੇ ਚਰਾਂਦਾ ਅਤੇ ਰੌੜਾਂ ਹੁੰਦੀਆਂ ਸਨ। ਹਰੀ ਕ੍ਰਾਂਤੀ ਕਾਰਨ ਉਹ ਵੀ ਖਤਮ ਹੋ ਗਏ। ਨਹਿਰੀ ਪਾਣੀ ਦੀ ਵਾਰੀ ਸਹੀ ਸਮੇਂ 'ਤੇ ਲਾਉਣ ਲਈ ਪਿੰਡ ਵਿੱਚ ਇੱਕ ਘੜੀ ਵਾਲਾ ਰਾਖਾ ਹੁੰਦਾ ਸੀ। ਉਸ ਨੂੰ ਹਾੜ੍ਹੀ ਸਾਉਣੀ ਸਾਰੇ ਪਿੰਡ ਵਾਲੇ ਥੋੜ੍ਹੇ ਥੋੜ੍ਹੇ ਪੈਸੇ ਇਕੱਠੇ ਕਰ ਕੇ ਦੇਂਦੇ ਸਨ। ਉਹ ਹੀ ਹਰੇਕ ਦੇ ਪਾਣੀ ਦੀ ਵਾਰੀ ਦਾ ਸਹੀ ਸਮਾਂ ਦੱਸਦਾ ਸੀ।

ਵਟਸਐੱਪ ਤੇ ਈਮੇਲਾਂ ਕਾਰਨ ਹੁਣ ਕੋਈ ਚਿੱਠੀਆਂ ਨਹੀਂ ਪਾਉਂਦਾ। ਬੱਚਿਆਂ ਦੇ ਬਸਤਿਆਂ ਵਿੱਚੋਂ ਕਲਮ, ਦਵਾਤ, ਫੱਟੀ, ਕੈਦਾ, ਪਹਾੜੇ ਅਤੇ ਸਲੇਟਾਂ ਖਤਮ ਹੋ ਗਏ ਸਨ। ਲੀਰਾਂ ਨਾਲ ਬਣਾਈਆਂ ਗੁੱਡੀਆਂ ਪਟੋਲੇ ਤੇ ਖਿੱਦੋ ਖੂੰਡੀ ਦੀ ਜਗ੍ਹਾ ਚੀਨੀ ਮਾਲ ਨੇ ਲੈ ਲਈ ਹੈ। ਬਿਜਲੀ ਦੀਆਂ ਚੱਕੀਆਂ ਨੇ ਖਰਾਸ ਅਤੇ ਘਰਾਟ ਖਾ ਲਏ ਹਨ। ਘਰਾਟਾਂ ਤੇ ਖਰਾਸਾਂ ਦਾ ਆਟਾ ਹੌਲੀ ਹੌਲੀ ਪੀਸਿਆ ਹੋਣ ਕਾਰਨ ਬਹੁਤ ਗੁਣਕਾਰੀ ਤੇ ਮਿੱਠਾ ਹੁੰਦਾ ਸੀ। ਪੰਜਾਬੀ ਦੇ ਕਈ ਸ਼ਬਦ ਜਿਵੇਂ ਫੰਡੇ, ਝੰਡ ਕਰਨੀ, ਇਕੋਤਰ ਸੌ, ਬੂਥਾ, ਗੁੱਗੇ ਦੀ ਥੜ੍ਹੀ, ਧੌਲ, ਹੂਰਾ, ਛਾਹ ਵੇਲਾ, ਲੌਢਾ ਵੇਲਾ, ਮੜਾਸਾ, ਮੜ੍ਹੰਗਾ, ਮਛੋਹਰ, ਲਾਪਰਨਾ, ਤੜਾਗੀ ਆਦਿ ਤਾਂ ਨਵੀਂ ਪੀੜ੍ਹੀ ਨੂੰ ਏਲੀਅਨ ਲੱਗਦੇ ਹਨ। ਪਾਣੀ ਗੰਦਾ ਹੋਣ ਕਾਰਨ ਟੋਬਿਆਂ ਵਿੱਚ ਨਹਾਉਣ ਦੀ ਕੋਈ ਹਿੰਮਤ ਨਹੀਂ ਕਰਦਾ ਤੇ ਨਾ ਹੀ ਵਿਆਹਾਂ ਵੇਲੇ ਪਿੰਡਾਂ ਵਿੱਚ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ ਹਨ। ਪੱਕੀਆਂ ਫਰਸ਼ਾਂ ਕਾਰਨ ਘਰਾਂ ਵਿੱਚ ਗੋਹੇ ਮਿੱਟੀ ਦਾ ਪੋਚਾ ਫੇਰਨਾ ਬੰਦ ਹੋ ਗਿਆ ਹੈ ਤੇ ਨਾ ਹੀ ਸੁਆਣੀਆਂ ਕੰਧਾਂ 'ਤੇ ਕਾਂ ਚਿੜੀਆਂ ਬਣਾਉਂਦੀਆਂ ਹਨ।

ਪੰਜਾਬ ਵਿੱਚ ਪਰਿਵਾਰਕ ਕਦਰਾਂ ਕੀਮਤਾਂ ਅਤੇ ਸਾਂਝ ਖਤਮ ਹੋਣ ਦਾ ਮੁੱਢ 1970ਵਿਆਂ ਵਿੱਚ ਟੈਲੀਵਿਜ਼ਨ ਦੇ ਪ੍ਰਵੇਸ਼ ਨਾਲ ਬੱਝਣਾ ਸ਼ੁਰੂ ਹੋਇਆ ਸੀ। ਸਾਰਾ ਟੱਬਰ ਘੜੀ ਵੱਲ ਵੇਖਦਾ ਰਹਿੰਦਾ ਸੀ ਕਿ ਕਿਸ ਵੇਲੇ 6 ਵੱਜਣ ਤੇ ਜਲੰਧਰ ਟੇਸ਼ਨ ਸ਼ੁਰੂ ਹੋਵੇ। ਹੁਣ ਇਹ ਜ਼ਮਾਨਾ ਆ ਗਿਆ ਹੈ ਕਿ ਜਿੰਨੇ ਕਮਰੇ ਉਨੇ ਟੀਵੀ ਤੇ ਉਹ ਵੀ 24 ਘੰਟੇ ਚੱਲਦੇ ਹਨ। ਪਹਿਲਾਂ ਪਿੰਡਾਂ ਵਿੱਚ ਰੋਟੀ ਖਾ ਕੇ ਲੋਕ ਅੱਠ ਵਜੇ ਤੱਕ ਸੌਂ ਜਾਂਦੇ ਸਨ। ਪਰ ਹੁਣ ਅੱਧੀ ਰਾਤ ਤੱਕ ਟੀਵੀ ਨੂੰ ਚੰਬੜੇ ਰਹਿੰਦੇ ਹਨ। ਇੱਕ ਘਰ ਵਿੱਚ ਰਹਿਣ ਵਾਲੇ ਵੀ ਕਈ ਕਈ ਦਿਨ ਆਪਸ ਵਿੱਚ ਗੱਲ ਨਹੀਂ ਕਰਦੇ। ਫਿਰ ਰਹੀ ਸਹੀ ਕਸਰ ਹੁਣ ਇੰਟਰਨੈੱਟ ਤੇ ਮੋਬਾਈਲ ਨੇ ਪੂਰੀ ਕਰ ਦਿੱਤੀ ਹੈ। ਘਰ ਦੇ ਮੈਂਬਰ, ਕੀ ਬੁੱਢੇ ਕੀ ਬੱਚੇ ਕੀ ਜਵਾਨ, ਸਾਰਾ ਦਿਨ ਸਕਰੀਨ 'ਤੇ ਉਂਗਲਾਂ ਮਾਰਦੇ ਰਹਿੰਦੇ ਹਨ। ਕਿਸੇ ਕੋਲ ਆਪਸ ਵਿੱਚ ਗੱਲ ਕਰਨ ਦਾ ਵਕਤ ਨਹੀਂ ਹੈ। ਮੋਬਾਈਲ ਆਉਣ ਤੋਂ ਪਹਿਲਾਂ ਸਾਰੇ ਪਰਿਵਾਰ ਕੋਲ ਇੱਕ ਹੀ ਟੈਲੀਫੋਨ ਹੁੰਦਾ ਸੀ ਜਿਸ ਨੂੰ ਬਹੁਤ ਸ਼ਾਨ ਨਾਲ ਘਰ ਦੇ ਸਭ ਤੋਂ ਖਾਸ ਕੋਨੇ ਵਿੱਚ ਸਜਾ ਕੇ ਰੱਖਿਆ ਜਾਂਦਾ ਸੀ ਤਾਂ ਜੋ ਆਏ ਗਏ ਨੂੰ ਸਾੜਿਆ ਜਾ ਸਕੇ। ਗਲੀ ਮੁਹੱਲੇ ਵਾਲੇ ਵੀ ਟੈਲੀਫੋਨ ਵਾਲੇ ਬੰਦੇ ਦਾ ਨੰਬਰ ਆਪਣੇ ਰਿਸ਼ਤੇਦਾਰਾਂ ਨੂੰ ਦੇ ਛੱਡਦੇ ਸਨ। ਇਸ ਗੱਲ ਦਾ ਕੋਈ ਗੁੱਸਾ ਨਹੀਂ ਸੀ ਕਰਦਾ ਬਲਕਿ ਜਦੋਂ ਕਿਸੇ ਆਂਢੀ ਗੁਆਂਢੀ ਦੀ ਕਾਲ ਆਉਣੀ ਤਾਂ ਬਹੁਤ ਚਾਅ ਨਾਲ ਦੌੜ ਕੇ ਬੁਲਾ ਕੇ ਲਿਆਉਣਾ। ਤਰੱਕੀ ਹਰ ਸਮਾਜ ਦਾ ਅਨਿੱਖੜਵਾਂ ਅੰਗ ਹੈ। ਸਾਨੂੰ ਦੁਨੀਆ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੀ ਪੈਣਾ ਹੈ ਪਰ ਨਾਲ ਦੀ ਨਾਲ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜਰੂਰੀ ਹੈ। ਕੈਨੇਡਾ ਅਮਰੀਕਾ ਵਿੱਚ 100-100 ਸਾਲ ਤੋਂ ਵੱਸ ਰਹੇ ਪੰਜਾਬੀ ਪ੍ਰਵਾਸੀ ਵੀ ਬੱਚਿਆਂ ਦੇ ਰਿਸ਼ਤੇ ਕਰਨ ਵੇਲੇ ਕੁੜੀ ਮੁੰਡੇ ਵਾਲਿਆਂ ਦਾ ਪਿਛਲਾ ਪਿੰਡ ਜਰੂਰ ਪਤਾ ਕਰਦੇ ਹਨ। ਕੋਈ ਦਰਖਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।

**ਬਲਰਾਜ ਸਿੰਘ ਸਿੱਧੂ ਏ ਆਈ ਜੀ**
**ਪੰਡੋਰੀ ਸਿੱਧਵਾਂ 9501100062**

# ਆਖਿਰ ਕਦੋਂ ਤੱਕ ਲੱਗੇਗੀ ਨਸ਼ੇ ਦੀ ਸਮੱਸਿਆ ਤੇ ਲਗਾਮ



**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

ਹਾਲ ਹੀ ਵਿਚ ਪੰਜਾਬ ਪੁਲਿਸ ਵੱਲੋਂ ਨਸਾ ਤਸਕਰਾਂ ਖਿਲਾਫ ਪੂਰੇ ਪੰਜਾਬ ਵਿੱਚ "ਓਪੀਐੱਸ ਕਲੀਨ" ਸੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਨਸਾ ਤਸਕਰਾਂ ਨਾਲ ਜੁੜੇ ਟਿਕਾਣਿਆਂ ਤੇ ਛਾਪੇ ਮਾਰੇ ਗਏ। 600 ਤੋਂ ਵੱਧ ਪੁਲੀਸ ਟੀਮਾਂ ਨੇ ਘਰਾਂ ਦੀ ਤਲਾਸੀ ਲਈ। ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਵੀ ਪੰਜਾਬ ਪੁਲਿਸ ਨੇ ਅਜਿਹੀ ਮੁਹਿੰਮ ਸੁਰੂ ਕੀਤੀ ਸੀ ।ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਨਸਾ ਤਸਕਰਾਂ ਕੋਲੋਂ ਕਰੋੜਾਂ ਦੀ ਹੈਰੋਇਨ ਤੇ ਲੱਖਾਂ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਕਾਫੀ ਐਫਆਈਆਰਜ ਵੀ ਦਰਜ ਕੀਤੀ ਗਈਆਂ ਹਨ। 50 ਤੋਂ ਵੱਧ ਮੋਬਾਇਲ ਫੋਨ ਵੀ ਜਬਤ ਕੀਤੇ ਗਏ ਹਨ। ਜਿਨ੍ਹਾਂ ਨੂੰ ਫੋਰੈਂਸਿਕ ਲੈਬ ਵਿੱਚ ਜਾਂਚ ਪੜਤਾਲ ਲਈ ਭੇਜਿਆ ਗਿਆ ਹੈ। ਸਰਹੱਦੀ ਖੇਤਰ ਵਿੱਚ ਨਸਾ ਤਸਕਰੀ ਵਿੱਚ ਸਾਮਲ ਵਿਅਕਤੀਆਂ ਦੇ ਘਰਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਪੰਜਾਬ ਪੁਲਿਸ ਦਾ ਇਹ ਸਲਾਘਾਯੋਗ ਕਦਮ ਹੈ। ਹਰ ਰੋਜ ਨਸੀਲੇ ਪਦਾਰਥਾਂ ਦਾ ਸੇਵਨ ਕਰਕੇ ਨੌਜਵਾਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਚਿੱਟੇ ਨੇ ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਦੋ ਚਾਰ ਨੌਜਵਾਨ ਹਰ ਰੋਜ ਓਵਰਡੋਜ ਕਾਰਨ ਮਰ ਰਹੇ ਹਨ ।ਹੁਣ ਤਾਂ ਔਰਤਾਂ ਵੀ ਚਿੱਟੇ ਦੀ ਸੌਕੀਨ ਹੋ ਚੁੱਕੀਆਂ ਹਨ ।ਕੁੱਝ ਕੁ ਦਿਨ ਪਹਿਲਾਂ ਇੱਕ ਵੀਡੀਓ ਵਾਇਰਲ ਹੋ ਰਹੀ ਸੀ ਜਿਸ ਵਿਚ ਇੱਕ ਔਰਤ ਨਸੇ ਨਾਲ ਗ੍ਰਸਤ ਗਲੀਆਂ ਵਿਚ ਘੁੰਮਦੀ ਦੇਖੀ ਗਈ। ਦਿਨ-ਪ੍ਰਤੀ-ਦਿਨ ਹਾਲਾਤ ਮਾੜੇ ਹੁੰਦੇ ਜਾ ਰਹੇ ਹਨ। ਹੁਣ ਤਾਂ ਚੰਗੇ ਰਸੂਖ ਵਾਲੇ ਲੋਕ ਵੀ ਪੰਜਾਬ ਛੱਡ ਕੇ ਵਿਦੇਸਾਂ ਨੂੰ ਜਾ ਰਹੇ ਹਨ। ਮਾਂ ਬਾਪ ਨੂੰ ਇਹ ਵੀ ਇੱਕ ਚਿੰਤਾ ਹੈ ਕਿ ਜੇ ਉਨ੍ਹਾਂ ਦਾ ਬੱਚਾ ਇੱਥੇ ਰਹਿ ਗਿਆ ਕਿਤੇ ਉਹ ਨਸੇ ਦੀ ਭੇਟ ਨਾ ਚੜ੍ਹ ਜਾਵੇ। ਪ੍ਰਵਾਸ ਦਾ ਇਹ ਇੱਕ ਬਹੁਤ ਵੱਡਾ ਕਾਰਨ ਹੈ। ਦਿਨ ਪ੍ਰਤੀ ਦਿਨ ਪੰਜਾਬ ਤੋਂ ਸੈਂਕੜੇ ਨੌਜਵਾਨ ਵਿਦੇਸਾਂ ਨੂੰ ਜਾ ਰਹੇ ਹਨ ।ਪਾਕਿਸਤਾਨ ਤੋਂ ਡਰੋਨਾਂ ਰਾਹੀਂ ਨਸਾ ਸੁੱਟਣ ਦੀਆਂ ਖਬਰਾਂ ਅਸੀਂ ਆਮ ਪੜ੍ਹਦੇ ਹਨ। ਬੀਐਸਐਫ ਵੱਲੋਂ ਹਰ ਰੋਜ ਸਰਹੱਦੀ ਖੇਤਰਾਂ ਤੋਂ ਕਰੋੜਾਂ ਰੁਪਏ ਦੀ ਹੈਰੋਇਨ ਜਬਤ ਕੀਤੀ ਜਾਂਦੀ ਹੈ। ਐਸਟੀਐਫ ਵੱਲੋਂ ਵੀ ਨਸਾ ਤਸਕਰਾਂ ਨੂੰ ਲਗਾਤਾਰ ਫੜਿਆ ਜਾ ਰਿਹਾ ਹੈ ।ਘਰਾਂ ਵਿਚ ਸੱਥਰ ਵਿਛੇ ਹੋਏ ਹਨ ।ਪਿਛਲੇ ਕਾਫੀ ਦਿਨਾਂ ਤੋਂ ਸੂਬੇ ਵਿੱਚ ਅਜਿਹੀਆਂ ਅਣਸੁਖਾਵੀਂ ਘਟਨਾਵਾਂ ਆਮ ਵਾਪਰ ਰਹੀਆਂ ਸਨ। ਪੈਸੇ ਖਾਤਰ ਕਈ ਵਾਰ ਤਾਂ ਜਾਨ ਮਾਲ ਦਾ ਵੀ ਨੁਕਸਾਨ ਕਰ ਦਿੰਦੇ ਹਨ ।ਦਿਨ ਦਿਹਾੜੇ ਲੁੱਟ ਖੋਹਾਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਬੁੱਲਟ, ਮੋਟਰਸਾਈਕਲ ਜੋ ਬਿਨਾਂ ਨੰਬਰ ਪਲੇਟ ਤੋਂ ਕਸਬਿਆਂ ਵਿੱਚ ਆਮ ਘੁੰਮਦੇ ਦੇਖੇ ਜਾ ਸਕਦੇ ਹਨ। ਬਿਨਾਂ ਹੈਲਮਟ ਤੋਂ ਹਲਕੀ ਉਮਰ ਦੇ ਨੌਜਵਾਨ ਤਿੰਨ-ਤਿੰਨ ਦੋ ਪਹੀਆਂ ਵਾਹਨਾਂ ਤੇ ਬੈਠ ਕੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। 14 ਤੋਂ 16 ਸਾਲ ਦੇ ਉਮਰ ਦੇ ਅਜਿਹੇ ਨੌਜਵਾਨਾਂ ਨੂੰ ਪੁਲਿਸ ਦਾ ਡਰ ਨਹੀਂ ਹੈ ।ਨੌਜਵਾਨਾਂ ਦੇ ਅੰਦਰ ਖਾਕੀ ਦਾ ਬਿਲਕੁਲ ਵੀ ਡਰ ਨਹੀਂ ਹੈ। ਸੂਬੇ ਵਿੱਚ ਪੁਲਿਸ ਨੇ ਮੁਹਿੰਮ ਚਲਾ ਕੇ ਜੋ ਸੱਕੀ ਲੋਕਾਂ ਨੂੰ ਫੜਿਆ ਹੈ, ਉਹ ਨਿਰੰਤਰ ਚਲਦੀ ਰਹਿਣੀ ਚਾਹੀਦੀ ਹੈ। ਸਹਿਰੀ ਖੇਤਰਾਂ ਵਿੱਚ ਜਿਨ੍ਹਾਂ ਲੋਕਾਂ ਨੇ ਘਰ ਕਿਰਾਏ ਤੇ ਦਿੱਤੇ ਹੋਏ ਹਨ, ਮਕਾਨ ਮਾਲਕਾਂ ਨੂੰ ਕਿਰਾਏਦਾਰਾਂ ਦੀ ਪੁਲਿਸ ਵੈਰੀਫਿਕੇਸਨ ਜਰੂਰ ਕਰਵਾਉਣੀ ਚਾਹੀਦੀ ਹੈ। ਨਸਾ ਤਸਕਰਾਂ ਤੇ ਸਖਤੀ ਕਰਨੀ ਵੀ ਬੇਹੱਦ ਜਰੂਰੀ ਹੈ। ਕਾਨੂੰਨ ਵਿਵਸਥਾ ਨਾਲ ਸੰਬੰਧਿਤ ਅਜਿਹੀਆਂ ਵਾਰਦਾਤਾਂ ਤੇ ਲਗਾਮ ਲਗਾਉਣੀ ਬੇਹੱਦ ਜਰੂਰੀ ਹੈ। ਤਾਂ ਜੋ ਨਸ਼ ?ਆਂ ਨੂੰ ਕੁਝ ਹੱਦ ਤਕ ਠੱਲ ਪੈ ਸਕੇ।

**ਸੰਜੀਵ ਸਿੰਘ ਸੈਣੀ,**
**ਮੋਹਾਲੀ ,7888966168**




# ਅਜੋਕੇ ਸਮੇਂ ਅੰਦਰ ਪੰਜਾਬੀ ਗਾਇਕੀ ਦਾ ਰੱਬ ਰਾਖਾ.....

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ ਕੈਲੇਫੋਰਨੀਆਂ
5592850841

– ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਗਾਇਕੀ ਅੰਦਰ ਝੁੱਲ ਰਹੀ ਅਸ਼ਲੀਲਤਾ , ਹਥਿਆਰ ਅਤੇ ਬਦਮਾਸੀ ਦੀ ਹਨੇਰੀ ਨੇ ਸਾਰੇ ਹੱਦ ਬੰਨਿਆਂ ਨੂੰ ਪਾਰ ਕਰਦਿਆਂ ਨਵੀਆਂ ਨਿਵਾਣਾਂ ਨੂੰ ਛੂਹ ਲਿਐ । ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਸੱਭਿਆਚਾਰ ਦੀਆਂ ਕੋਮਲ ਸਿਨਫਾਂ ਦੇ ਤੌਰ 'ਤੇ ਜਾਣੀ ਜਾਂਦੀ ਪੰਜਾਬੀ ਗਾਇਕੀ ਦੀ ਸੇਵਾ ਕਰਨ ਦੇ ਨਾਂਅ 'ਤੇ ਮੇਵਾ ਛਕਣ ਵਾਲੇ ਕਲਾਕਾਰਾਂ 'ਤੇ ਪਰਚੇ ਦਰਜ ਹੋਣਗੇ ਅਤੇ ਉਨ੍ਹਾਂ ਦੀਆਂ ਮਾਰੀਆਂ ਯਵਲੀਆਂ ਸਮਾਜ ਵਿੱਚ ਬਖੇੜਾ ਖੜ੍ਹਾ ਕਰਨਗੀਆਂ । ਕਈ ਫੁਕਰਾਪੰਥੀ ਕਲਾਕਾਰਾਂ ਦੀ ਬਦੌਲਤ ਸਮੇਂ ਨੇ ਐਸਾ ਮੋੜਾ ਕੱਟਿਆ ਕਿ ਸਾਡੀ ਨੌਜਵਾਨੀ ਸਭ ਕੁਝ ਭੁੱਲ ਕੇ ਇਨ੍ਹਾਂ ਦੇ ਮਗਰ ਹੋ ਤੁਰੀ ਕਿਸੇ ਨੇ ਇਹ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਹ ਰਸਤਾ ਕਿੱਧਰ ਨੂੰ ਜਾਦੈ ।

? ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਦੇ ਨਾਂ ਤੇ ਸਾਡੇ ਕਲਾਕਾਰਾਂ ਨੇ ਉਹ ਕੁੱਝ ਕਰ ਵਿਖਾਇਆ ,ਜਿਸ ਨੂੰ ਸੋਚ ਅਤੇ ਵੇਖ ਚੰਗੇ ਇਨਸਾਨ ਦੀ ਰੂਹ ਤੱਕ ਕੰਬ ਜਾਵੇ ,ਕਹਿਣ ਸੁਣਨ ਨੂੰ ਭਾਵੇਂ ਇਹ ਕਲਾਕਾਰ ਜਾਪਦੇ ਨੇ ਪਰ ਇਨ੍ਹਾਂ ਦੀਆਂ ਹਰਕਤਾਂ ਅਤੇ ਪਹਿਰਾਵੇ ਤੋਂ ਇਹ ਚੰਬਲ ਦੇ ਡਾਕੂਆਂ ਤੋਂ ਵੀ ਭੈੜੇ ਵਿਖਾਈ ਦਿੰਦੇ ਹਨ । ਵਰ੍ਹ ?ਆਂ ਤੋਂ ਸ਼ੁਰੂ ਹੋਈ ਇਹ ਅਨੋਖੀ ਕਹਾਣੀ ਅੱਜ ਵੀ ਰੁੱਕਣ ਦਾ ਨਾਮ ਨਹੀਂ ਲੈ ਰਹੀ ਪਹਿਲਾਂ ਤੋਂ ਹੀ ਵਾਹਣੀ ਪਈ ਨੌਜਵਾਨੀ ਤੋਂ ਹੋਰ ਲਾਹਾ ਖੱਟਣ ਦੀ ਤਾਕ ਵਿੱਚ ਫੁਕਰਾਪੰਥੀ ਕਲਾਕਾਰਾਂ ਨੇ ਸਾਰੀਆਂ ਹੱਦਾਂ ਪਾਰ ਕਰਦਿਆਂ ਆਪਸ ਵਿੱਚ ਲੜਾਈ ਦੇ ਡਰਾਮੇ ਕਰ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ।

? ਇੱਕ ਕਲਾਕਾਰ ਸ਼ਰੇਆਮ ਦੂਜੇ ਨੂੰ ਚੰਗਾ ਮੰਦਾ ਆਖ ਮਾਵਾਂ ਭੈਣਾਂ ਦੀਆਂ ਗਾਲਾਂ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ,ਸਮਾਂ ਬੰਨ੍ਹ ਕੇ ਲੜਾਈ ਲੜਨ ਦੇ ਨਾਂ ਤੇ ਇੱਕ ਦੂਜੇ ਦੀਆਂ ਕੁੜੀਆਂ ਚਿੜੀਆਂ ਨੂੰ ਪੁਣਦੇ ਇਹ ਲੋਕ ਇਹ ਗੱਲ ਸਮਝਣ ਤੋਂ ਇਨਕਾਰੀ ਹਨ ਕਿ ਇਨ੍ਹਾਂ ਗੱਲਾਂ ਦਾ ਨੌਜਵਾਨੀ 'ਤੇ ਕੀ ਅਸਰ ਪਵੇਗਾ । ਲੰਘੇ ਦਿਨੀਂ ਕਈ ਫੁਕਰਾਪੰਥੀ ਕਲਾਕਾਰਾਂ ਵੱਲੋਂ ਸਰੇਆਮ ਵੀਡੀਓ ਬਣਾ ਕੇ ਇੱਕ ਦੂਜੇ ਨੂੰ ਵੇਖ ਲੈਣ ਦੀਆਂ ਧਮਕੀਆਂ ਦਿੱਤੀਆਂ ਅਤੇ ਫਿਰ ਕਬੱਡੀ ਕੱਪਾਂ ਉੱਤੇ ਦਰਸ਼ਕਾਂ ਦੀ ਵੱਡੀ ਗਿਣਤੀ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੇ ਲਈ ਰੱਜ ਕੇ ਊਲ-ਜਲੂਲ ਬੋਲਣ ਤੋਂ ਬਾਅਦ ਚੰਗੀਆਂ ਸੁਰਖੀਆਂ ਬਟੋਰੀਆਂ ਗਈਆਂ ।

? ਇੱਕ ਗੱਲ ਸਮਝ ਤੋਂ ਬਾਹਰ ਦੀ ਹੈ ਕਿ ਇਹ ਕਲਾਕਾਰ ਵਰਗ ਆਖਰ ਚਾਹੁੰਦਾ ਕੀ ਹੈ ਪੈਸੇ ਦੀ ਘਾਟ ਤਾਂ ਇਨ੍ਹਾਂ ਨੇ ਕਈ ਸਾਲਾਂ ਤੋਂ ਪੂਰੀ ਕਰ ਲਈ ਹੈ , ਰੱਜ ਕੇ ਪੈਸਾ ਕਮਾਉਣ ਤੋਂ ਬਾਅਦ ਵੀ ਇਹ ਲੋਕ ਬਾਂਦਰ ਟਪੂਸੀਆਂ ਮਾਰਨੋ ਬਾਜ ਕਿਉਂ ਨਹੀਂ ਆਉਂਦੇ, ਸ਼ਾਇਦ ਪੜ੍ਹਾਈ ਅਤੇ ਸੰਸਕਾਰਾਂ ਦੀ ਘਾਟ ਇਨ੍ਹਾਂ ਲੋਕਾਂ ਨੂੰ ਇੱਕ ਚੰਗਾ 'ਤੇ ਸਿਆਣਾ ਇਨਸਾਨ ਨਹੀਂ ਬਣਨ ਦੇ ਰਹੀ । ਸੋਚ ਕੇ ਵੇਖੀਏ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੋਕਾਂ ਦੇ ਉੱਤੇ ਆਪਣੀ ਹੀ ਮਾਂ ਬੋਲੀ ਦਾ ਨਿਰਾਦਰ ਕਰਨ ਦੇ ਦੋਸ਼ੀ ਹੋਣ ਦਾ ਮਾਮਲਾ ਦਰਜ ਹੋਵੇਗਾ , ਕਦੇ ਕਿਸੇ ਨੇ ਸੋਚਿਆ ਸੀ ਕਿ ਕਲਾਕਾਰਾਂ ਨੂੰ ਗੀਤਾਂ ਦੀ ਗਲਤ ਸ਼ਬਦਾਵਲੀ ਬਦਲੇ ਅਦਾਲਤਾਂ ਵੱਲੋਂ ਸੰਮਣ ਆਉਣਗੇ ,ਅਤੇ ਉਨ੍ਹਾਂ ਨੂੰ ਥਾਣੇ ਕਚਹਿਰੀਆਂ ਵਿੱਚ ਇਸ ਲਈ ਜਾਣਾ ਪਵੇਗਾ ਕਿ ਉਹ ਮਾਂ ਬੋਲੀ ਦੀ ਦੁਰਗਤ ਕਰ ਰਹੇ ਹਨ ।

? ਸਮਾਂ ਆਪਣਾ ਹਿਸਾਬ ਜ਼ਰੂਰ ਮੰਗਦਾ ਹੈ ਇਕ ਪਾਸੇ ਜਿਹੋ- ਜਿਹਾ ਇਨ੍ਹਾਂ ਕਲਾਕਾਰਾਂ ਵੱਲੋਂ ਬੀਜਿਆ ਗਿਆ ਉਹੋ-ਜਿਹੀ ਫਸਲ ਇਨ੍ਹਾਂ ਨੂੰ ਵੱਢਣੀ ਪੈ ਰਹੀ ਹੈ , ਕਦੇ ਸਰੋਤਿਆਂ ਵੱਲੋਂ ਸ਼ਰੇਆਮ ਸਟੇਜਾਂ 'ਤੇ ਚੜ੍ਹ ਕੇ ਇਨ੍ਹਾਂ ਕਲਾਕਾਰਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਕਦੇ ਕਿਸੇ ਮਹਿਲਾ ਕਲਾਕਾਰ ਦਾ ਹੱਥ ਫੜ ਕੇ ਉਸ ਨੂੰ ਧੂਹ ਲਿਆ ਜਾਂਦਾ ਹੈ । ਕਿਉਂ ਹੋ ਰਿਹਾ ਇਹ ਸਭ ਕੁਝ, ਕਿਸ ਦੀ ਜ਼ਿੰਮੇਵਾਰੀ ਬਣਦੀ ਹੈ, ਇਹ ਸਭ ਕੁਝ ਨੌਜਵਾਨਾਂ ਨੂੰ ਕਿੱਥੋਂ ਮਿਲਿਆ ,ਸਾਡਾ ਵਿਰਸਾ ਅਤੇ ਇਤਿਹਾਸ ਅਜਿਹਾ ਨਹੀਂ ਸੀ ਅਸੀਂ ਜਾਣ ਬੁਝਕੇ ਚੰਦ ਛਿੱਲੜਾਂ ਦੀ ਖਾਤਰ ਨੌਜਵਾਨੀ ਨੂੰ ਗਲਤ ਰਸਤੇ 'ਤੇ ਤੋਰਿਆ ਉਸ ਦਾ ਨਤੀਜਾ ਤਾਂ ਸਾਨੂੰ ਮਿਲਣਾ ਹੀ ਸੀ । ਪਿੰਡਾਂ ਵਿੱਚੋਂ ਕੁੜੀਆਂ ਚੁੱਕਣ ਤੋਂ ਲੈ ਕੇ ਬਦਮਾਸੀ ਦੇ ਚਿੱਠਿਆਂ , ਆਸਕੀ , ਨਸ਼ਾ , ਅਜਿਹਾ ਕੁਝ ਨਹੀਂ ਬਚਿਆ ਜੋ ਇਨ੍ਹਾਂ ਕਲਾਕਾਰਾਂ ਵੱਲੋਂ ਨੌਜਵਾਨੀ ਅੱਗੇ ਪਰੋਸਿਆ ਨਾ ਗਿਆ ਹੋਵੇ ਜਿਸ ਦਾ ਅਸਰ ਸੁਭਾਵਿਕ ਹੈ ।

? ਬੁੱਧੀਜੀਵੀ ਵਰਗ ਅਤੇ ਮਾਂ ਬੋਲੀ ਦੇ ਸਰਵਣ ਪੁੱਤਰ ਇਸ ਗੱਲ ਦੀ ਚਿੰਤਾ ਜ਼ਰੂਰ ਕਰਦੇ ਨੇ ਕਿ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਅੱਜ ਫੁਕਰਾਪੰਥੀ ਕਲਾਕਾਰਾਂ ਦੇ ਦੁਆਲੇ ਇਕੱਠਾ ਹੋ ਰਿਹੈ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ । ਸਾਡੇ ਕਲਾਕਾਰ ਵਰਗ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਨੌਜਵਾਨੀ ਦੇ ਸਿਰ ਤੋਂ ਆਪਣੇ ਐਸ਼ੋ ਆਰਾਮ ਦੇ ਸਾਧਨ ਖਾਤਰ ਪੈਸੇ ਕਮਾ ਕੇ ਇਸ ਸਾਰੇ ਮਾਮਲੇ ਤੋਂ ਬਰੀ ਨਹੀਂ ਹੋ ਸਕਦੇ ਇਸ ਦਾ ਜਵਾਬ ਤਾਂ ਉਨ੍ਹਾਂ ਨੂੰ ਵੀ ਦੇਣਾ ਹੀ ਪਵੇਗਾ ਪਰ ਉਦੋਂ ਤੱਕ ਸਾਡਾ ਸਮਾਜ , ਨੌਜਵਾਨੀ ਅਤੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਤਹਿਸ ਹੋ ਚੁੱਕੀਆਂ ਹੋਣਗੀਆਂ, ਸਾਡਾ ਵਿਰਸਾ ਅਤੇ ਸੱਭਿਆਚਾਰ ਤਬਾਹ ਹੋ ਚੁੱਕਿਆ ਹੋਵੇਗਾ । ਬਿਨਾਂ ਸ਼ੱਕ ਇਸ ਸਮੇਂ ਪੰਜਾਬੀ ਗਇਕੀ ਚੌਰਾਹੇ ਤੇ ਖੜ੍ਹੀ ਨਜ਼ਰ ਆਉਂਦੀ ਹੈ ਕਿੱਧਰ ਜਾਵੇ ਕੁਝ ਵੀ ਸਮਝ ਨਹੀਂ ਪੈਂਦਾ , ਕਿਉਂਕਿ ਇਸ ਦੇ ਆਪਣੇ ਹੀ ਇਸ ਦੇ ਰਕੀਬ ਬਣ ਚੁੱਕੇ ਨਜ਼ਰ ਆਉਂਦੇ ਹਨ ।

# ਥੋੜ੍ਹਾ ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ ...!

ਬਰਜਿੰਦਰ ਕੌਰ ਬਿਸਰਾਓ...
9988901324

ਹੱਸਣਾ ਇੱਕ ਯੋਗਿਕ ਕਿਰਿਆ ਹੈ।ਆਮ ਕਰਕੇ ਯੋਗਸ਼ਲਾਵਾਂ ਵਿੱਚ ਉੱਚੀ ਉੱਚੀ ਹੱਸਣ ਦੀ ਕਿਰਿਆ ਕੀਤੀ ਜਾਂਦੀ ਹੈ ਕਿਉਂਕਿ ਹੱਸਣ ਕਾਰਨ ਫੇਫੜਿਆਂ ਦਾ ਸੰਕੁਚਨ ਅਤੇ ਵਿਸਤਾਰ ਆਮ ਨਾਲੋਂ ਤੇਜ਼ ਅਤੇ ਜ਼ਿਆਦਾ ਹੁੰਦਾ ਹੈ। ਇਸ ਨਾਲ ਸਾਨੂੰ ਜ਼ਿਆਦਾ ਆਕਸੀਜਨ ਮਿਲਦੀ ਹੈ ਅਤੇ ਮੈਟਾਬੋਲਿਜ਼ਮ 'ਚ ਸੁਧਾਰ ਹੁੰਦਾ ਹੈ। ਸਰੀਰ ਵਿੱਚ ਜ਼ਿਆਦਾਤਰ ਬਿਮਾਰੀਆਂ ਮੈਟਾਬੋਲਿਜ਼ਮ ਦੀ ਗੜਬੜੀ ਕਾਰਨ ਹੁੰਦੀਆਂ ਹਨ ।ਇਕੱਤਰਤ ਜਾਣਕਾਰੀ ਅਨੁਸਾਰ ਰੋਜ਼ਾਨਾ ਦਸ ਤੋਂ ਪੰਦਰਾਂ ਮਿੰਟ ਹੱਸਣ ਨਾਲ ਲਗਭਗ ਚਾਲ ?ੀ ਕੈਲੋਰੀ ਬਰਨ ਹੁੰਦੀ ਹੈ ।ਪਰ ਅੱਜ ਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਲਗਭਗ 65 ਤੋਂ 70 ਫ਼ੀਸਦੀ ਤੱਕ ਲੋਕਾਂ ਦੇ ਕੋਲ ਹੱਸਣ ਤੱਕ ਦਾ ਸਮਾਂ ਨਹੀਂ ਹੈ, ਸ਼ਾਇਦ ਇਸੇ ਲਈ ਹੀ ਅੱਜ ਦੇ ਮਨੁੱਖ ਨੂੰ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਕਈ ਬਿਮਾਰੀਆਂ ਨੇ ਘੇਰਾ ਪਾਇਆ ਹੋਇਆ ਹੈ, ਡਾਕਟਰਾਂ ਦਾ ਮੰਨਣਾ ਹੈ ਕਿ ਜੇਕਰ ਹਰ ਦਿਨ ਸਵੇਰੇ ਸਵੇਰੇ ਖੁੱਲ੍ਹ ਕੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ,



ਜੇ ਆਪਾਂ ਵਿਸ਼ਵ ਹਾਸ ਦਿਵਸ ਦੀ ਗੱਲ ਕਰੀਏ ਤਾਂ ਇਹ ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਹੈ, ਉਂਝ ਵਿਸ਼ਵ ਹਾਸ ਦਿਵਸ ਦੀ ਸ਼ੁਰੂਆਤ 11 ਜਨਵਰੀ 1998 ਨੂੰ ਮੁੰਬਈ ਤੋਂ ਹੋਈ ਸੀ ਤੇ ਇਸ ਵਿੱਚ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਦਾ ਸੀ ਜਿਹਨਾਂ ਨੇ ਲਾਫ਼ਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ, ਦੁਨੀਆ ਵਿੱਚ ਲਗਭਗ ਅੱਠ ਹਜ਼ਾਰ ਲਾਫਟਰ ਕਲੱਬ ਹਨ ਅਤੇ ਭਾਰਤ ਵਿੱਚ ਉਨ੍ਹਾਂ ਦੀ ਗਿਣਤੀ 600 ਹੈ,

ਡਾਕਟਰ ਖੋਜਕਾਰਾਂ ਅਨੁਸਾਰ ਹੱਸਣ ਨਾਲ ਮਨੁੱਖ ਦਾ ਇਮਊਨਿਟੀ ਸਿਸਟਮ ਤੇਜ਼ ਹੁੰਦਾ ਹੈ, ਜਿਸ ਨਾਲ ਕੁਦਰਤੀ ਕਿਲਰ ਸੈੱਲਾਂ ਵਿੱਚ ਵਾਧਾ ਹੁੰਦਾ ਹੈ, ਜੋ ਵਿਰਾਸਤ ਵਿੱਚ ਮਿਲੇ ਰੋਗਾਂ ਅਤੇ ਟਿਊਮਰਸ ਸੈੱਲ ਨੂੰ ਖਤਮ ਕਰਦੇ ਹਨ, ਹਾਸਾ ਦਿਲ ਦੀ ਸਰਵਉੱਤਮ ਕਸਰਤ ਹੈ ਜਿਸ ਨਾਲ ਟੀ ਸੈੱਲਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ,ਹਾਸਾ ਨਾ ਸਿਰਫ਼ ਉਨ੍ਹਾਂ ਸੈੱਲਾਂ ਨੂੰ ਵਧਾਉਂਦਾ ਹੈ ਜੋ ਸਮਰੱਥਾ ਵਧਾਉਂਦੇ ਹਨ, ਸਗੋਂ ਟੀ ਸੈੱਲਾਂ ਦੀ ਗਤੀਵਿਧੀ ਨੂੰ ਵੀ ਵਧਾਉਂਦੇ ਹਨ ਜੋ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦੇ ਹਨ। ਹੱਸਣ ਨਾਲ ਖ਼ੂਨ ਦਾ ਪ੍ਰਵਾਹ ਵਧਦਾ ਹੈ ਅਤੇ ਮਾਸਪੇਸ਼ੀਆਂ ਮਜ਼ਬੂਤ ? ?ਹੁੰਦੀਆਂ ਹਨ। ਹੱਸਣ ਨਾਲ ਸਾਹ ਨਲੀ ਵਿੱਚ ਹੋਣ ਵਾਲੇ ਇੰਫੈਕਸ਼ਨ ਤੋਂ ਬਚਾਅ ਹੁੰਦਾ ਹੈ, ਹੱਸਣ ਨਾਲ ਤਣਾਓ ਨੂੰ ਜਨਮ ਦੇਣ ਵਾਲੇ ਹਾਰਮੋਨਜ਼ ਦਾ ਪੱਧਰ ਘਟਦਾ ਹੈ, ਪਾਚਨ ਤੰਤਰ ਸਹੀ ਰੱਖਣ, ਵਜ਼ਨ ਘਟਾਉਣ ਅਤੇ ਚਰਬੀ ਘੱਟ ਕਰਨ ਵਿੱਚ ਵੀ ਹਾਸਾ ਅਹਿਮ ਭੂਮਿਕਾ ਨਿਭਾਉਂਦਾ ਹੈ, ਜ਼ੋਰ ਜ਼ੋਰ ਦੀ ਹੱਸਣ ਨਾਲ ਮਨੁੱਖ ਦੇ ਸਰੀਰ ਵਿੱਚ ਇੱਕ ਤਰੰਗ ਜਿਹੀ ਦੌੜ ਜਾਂਦੀ ਹੈ ਜਿਸ ਵਿੱਚ ਇੰਡਰੋਫਿਨ ਹਾਰਮੋਨ ਵੀ ਹੁੰਦਾ ਹੈ ਜੋ ਕੁਦਰਤੀ ਰੂਪ ਨਾਲ ਸਾਡੇ ਸਰੀਰ ਦਾ ਦਰਦ ਨਿਵਾਰਕ ਹੈ ।ਸਾਰਾ ਦਿਨ ਮੱਥੇ ਉੱਤੇ ਸ਼ਿਕਨ, ਦਿਮਾਗ ਵਿੱਚ ਸਕੀਮਾਂ ਅਤੇ ਦਿਲ ਵਿੱਚ ਅੱਗੇ ਨਿਕਲਣ ਦੀ ਹੋੜ ਨਾਲ ਜੂਝਦੇ ਵਿਅਕਤੀ ਜਦੋਂ ਸ਼ਾਮ ਨੂੰ ਘਰ ਜਾਂਦੇ ਹਨ ਤਾਂ ਉਦੋਂ ਬੀਵੀ, ਬੱਚਿਆਂ ਨਾਲ ਸਮਾਂ ਬਿਤਾਉਣਾ ਤਾਂ ਇੱਕ ਪਾਸੇ, ਸਗੋਂ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਅੱਜ ਮੈਂ ਬਹੁਤ ਥੱਕ ਗਿਆ ਹਾਂ, ਮੈਂ ਪਰੇਸ਼ਾਨ ਹਾਂ, ਮੈਨੂੰ ਇਕੱਲਾ ਛੱਡ ਦਿਉ, ਉਹ ਇਹ ਭੁੱਲ ਜਾਂਦੇ ਹਨ ਕਿ ਵੱਡੀ ਤੋਂ ਵੱਡੀ ਥਕਾਨ ਤੇ ਪਰੇਸ਼ਾਨੀ ਪਰਿਵਾਰ ਨਾਲ ਹੱਸ-ਖੇਡ ਕੇ ਪਲਾਂ ਵਿੱਚ ਛੂ-ਮੰਤਰ ਹੋ ਜਾਂਦੀ ਹੈ, ਕਹਿੰਦੇ ਹਨ ਕਿ ਦੁੱਖ ਵੰਡਣ ਨਾਲ ਘਟਦਾ ਹੈ ਤੇ ਹਾਸੇ ਵੰਡਣ ਨਾਲ ਦੁੱਗਣੇ ਹੁੰਦੇ ਹਨ, ਡਾਕਟਰਾਂ ਅਨੁਸਾਰ ਹਾਸਾ ਵੱਖ-ਵੱਖ ਰੋਗਾਂ ਦੀ ਦਵਾਈ ਹੈ, ਇਹ ਇੱਕ ਇਸ ਤਰ੍ਹਾਂ ਦੀ ਦਵਾਈ ਹੈ ਜਿਸ ਦਾ ਸਾਡੇ ਸਰੀਰ ਉੱਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ,ਹਾਸਾ ਸਿਹਤ ਲਈ ਫਾਇਦੇਮੰਦ ਹੈ। ਹਾਸਾ ਡਿਪਰੈਸ਼ਨ ਲਈ ਟੌਨਿਕ ਦਾ ਕੰਮ ਕਰਦਾ ਹੈ।ਹਾਸਾ ਸਰੀਰ ਵਿੱਚ ਮੈਲਾਟੋਨਿਨ ਹਾਰਮੋਨ ਪੈਦਾ ਕਰਦਾ ਹੈ।ਇਹ ਰਾਤ ਨੂੰ ਆਰਾਮਦਾਇਕ ਨੀਂਦ ਲੈਣ ਵਿਚ ਮਦਦ ਕਰਦਾ ਹੈ ।ਦਰਦ ਤੋਂ ਰਾਹਤ- ਹੱਸਣ ਨਾਲ ਐਂਡੋਰਫਿਨ ਨਾਂ ਦਾ ਹਾਰਮੋਨ ਨਿਕਲਦਾ ਹੈ।ਇਹ ਸਰੀਰ ਤੋਂ ਤਣਾਅ ਨੂੰ ਦੂਰ ਕਰਨ ਵਿੱਚ ਕਾਫੀ ਹੱਦ ਤੱਕ ਮਦਦ ਕਰਦਾ ਹੈ। ਤਣਾਅ ਮੁਕਤ ਰਹਿਣ ਲਈ ਹਾਸੇ ਤੋਂ ਵੱਡੀ ਕੋਈ ਦਵਾਈ ਨਹੀਂ ਹੈ ।ਜੋ ਲੋਕ ਹੱਸਦੇ ਹਨ, ਉਹੀ ਖ਼ੁਸ਼ ਹੁੰਦੇ ਹਨ,ਉਹ ਸਮਾਜ ਵਿੱਚ ਖੁੱਲ੍ਹ ਕੇ ਵਿਚਰਦੇ ਹਨ। ਮੈਨੂੰ ਗਾਇਕ ਗੁਰਦਾਸ ਮਾਨ ਸਾਹਿਬ ਦੇ ਗੀਤ ਦੇ ਬੋਲ ਯਾਦ ਆਉਂਦੇ ਹਨ,÷ ਥੋੜ੍ਹਾ ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ...।÷

# ਪ੍ਰੀਤ ਫੁਲਵਾੜੀ

## ਰੱਬ ਮਿਲ ਗਿਆ ਹੋਵੇ

ਦੀਦ ਤੇਰੀ ਦੇ ਦਰਸ ਲਈ,
ਸਾਡੇ ਨੈਣ ਹੋਏ ਪਏ ਸਨ ਪਿਆਸੇ,

ਚਿਹਰੇ ਮੁਜਰਾ ਜਿਹੇ ਗਏ ਸਨ
ਬੁੱਲ੍ਹੀਆਂ ਤੋਂ ਉੱਡ ਗਏ ਸਨ, ਹਾਸੇ

ਜਿਵੇਂ ਜਿੰਦ ਸਾਡੀ ਵਿਚੋਂ ........
ਕੋਈ, ਰੂਹ ਨੂੰ ਕੱਢਕੇ ਲੈ ਗਿਆ ਹੋਵੇ !

ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ, ਸਾਨੂੰ ਰੱਬ ਹੀ ਮਿਲ ਗਿਆ ਹੋਵੇ !!

ਰਾਤੀ ਆਏ ਜਦ ਸੁਪਨਿਆਂ 'ਚ
ਗੱਲਾਂ ਹੋਈਆਂ,ਮਿੱਠੀਆਂ ਵਾਂਗ ਪਤਾਸੇ

ਕਾਂ ਬੋਲਿਆ ਸੀ, ਆਣ ਬਨੇਰੇ ਤੇ
ਧਰਮ ਨਾਲ, ਓਹ ਸਾਨੂੰ ਮੋਰ ਵਾਂਗੂ ਜਾਪੇ

ਹੋਈ ਅੱਜ ਮਨ ਦੀ ਮੁਰਾਦ ਪੂਰੀ
ਜਿਵੇਂ ਰੱਬ ਨੇ ਨੇੜੇ ਖੜ ਕੇ ਸੁਣ ਲਈ ਹੋਵੇ

ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.... ਸਾਨੂੰ ਰੱਬ ਹੀ ਮਿਲ ਗਿਆ ਹੋਵੇ

ਚਾਹਤ ਦਿਲ 'ਚ ਹੋਣੀ ਜਰੂਰੀ ਏ
ਉਂਜ ਦੁਸਮਣ ਵੀ ਚੇਤੇ...ਬਥੇਰਾ ਕਰਦੇ

ਸਾਡੀ ਛੋਟੀ ਜਿਹੀ ਕਹਾਣੀ ਨਹੀ ਸੀ,
ਤੁਸੀ ਪਲਟ ਪੰਨੇ ਅਗਾਂਹ ਸੀ ਕਰ ਗਏ,

ਰੂਹਾਂ ਨੂੰ ਦਾਗ-ਹਿਜਰਾਂ ਦੇ ਲਗ ਜਾਂਦੇ,
ਜਦ ਯਕੀਨ ਨੂੰ ਸੱਕ 'ਚ ਬਦਲ ਲਿਆ ਹੋਵੇ

ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.....ਸਾਨੂੰ ਰੱਬ ਹੀ ਮਿਲ ਗਿਆ ਹੋਵੇ,

ਖੁਸੀਆਂ,ਤਕਦੀਰਾਂ ਦੇ ਵਿੱਚ ਹੋਵਣ
ਤਸਵੀਰਾਂ 'ਚ ਹੱਸ ਹੱਸ ਨਾਲ ਬਥੇਰੇ ਖੜਦੇ

ਯਾਦਾਂ ਓਦੋਂ ਬਣ ਜਾਣ ਸਜਾਵਾਂ ਨੇ
ਜਦ,ਆਪਣੇ ਰਕੀਬਾਂ ਦੇ ਹੱਥ ਜਾਣ ਚੜ੍ਹਦੇ

ਰਾਹ, ਕਿੱਥੇ ਖਤਮ ਹੁੰਦੇ ਜਿੰਦਗੀ ਦੇ
ਮੰਜ਼ਿਲ ਉਹੀ, ਜਿੱਥੇ ਖਾਹਿਸ ਖਤਮ ਹੋਵੇ

ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.....ਸਾਨੂੰ ਰੱਬ ਹੀ ਮਿਲ ਗਿਆ ਹੋਵੇ,

**ਦੀਪ ਰੱਤੀ**

## ਨੇਤਾ ਅਤੇ ਦਲਿਤ

ਵੋਟਾਂ ਲੈਣ ਲਈ ਉਨ੍ਹਾਂ ਦੀਆਂ
ਨੇਤਾ ਦਲਿਤਾਂ ਦੇ ਘਰ ਜਾਣ ਬੇਲੀ।
ਰੋਟੀ ਖਾ ਕੇ, ਚਾਹ ਪੀ ਕੇ
ਉਨ੍ਹਾਂ ਨਾਲ ਪਿਆਰ ਜਤਾਣ ਬੇਲੀ।
"ਤੁਹਾਡੇ ਘਰਾਂ ਦੀ ਸੁਧਾਰਾਂਗੇ ਹਾਲਤ"
ਹੋਰ ਕਈ ਲਾਰੇ ਲਾਣ ਬੇਲੀ।
ਪੰਜ ਸੌ ਦੇ ਚਾਰ ਨੋਟ ਦਿੰਦੇ
ਜਦੋਂ ਉਨ੍ਹਾਂ ਦੇ ਘਰੋਂ ਜਾਣ ਬੇਲੀ।
ਵੋਟਾਂ ਉਨ੍ਹਾਂ ਦੀਆਂ ਪੁਆਣ ਲਈ
ਘਰੋਂ ਉਨ੍ਹਾਂ ਨੂੰ ਖਿੱਚ ਲਿਆਣ ਬੇਲੀ।
ਵੋਟਾਂ ਪੈਣ ਪਿੱਛੋਂ ਮੰਦਰ ਜਾ ਕੇ
ਜਿੱਤ ਲਈ ਨੱਕ ਘਸਾਣ ਬੇਲੀ।
ਵੋਟਾਂ ਦੀ ਗਿਣਤੀ ਪਿੱਛੋਂ ਜਿੱਤ ਕੇ
ਖ਼ੁਸ਼ੀ ਵਿੱਚ ਢੋਲ ਵਜਾਣ ਬੇਲੀ।
ਦਾਣੇ ਤੇ ਦਾਲਾਂ ਮੁਫਤ ਦੇ ਕੇ
ਉਨ੍ਹਾਂ ਨੂੰ ਵਿਹਲੜ ਬਣਾਣ ਬੇਲੀ।
ਨੇਤਾਵਾਂ ਦੀ ਇਸ ਪਾਲਿਸੀ ਨਾਲ
ਦਲਿਤ ਬੇਰੁਜ਼ਗਾਰ ਰਹਿ ਜਾਣ ਬੇਲੀ।
ਆਪਣੀ ਪਾਲਿਸੀ ਨੂੰ ਸਫਲ ਹੁੰਦਾ ਵੇਖ
ਕੱਠੇ ਹੋ ਕੇ ਨੇਤਾ ਮੁਸਕਾਣ ਬੇਲੀ।
ਆਪ ਹੀ ਦਲਿਤਾਂ ਨੂੰ ਜਾਗਣਾ ਪੈਣਾ
ਕਿਸੇ ਆਣਾ ਨਾ ਉਨ੍ਹਾਂ ਨੂੰ ਜਗਾਣ ਬੇਲੀ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਪੁੱਛ ਕਦੇ ਆ ਕੇ

ਪੁੱਛ ਕਦੇ ਆ ਕੇ ਸਾਡਾ ਹਾਲ ਭਰਾਵਾ,
ਕਿੰਝ ਮਿਲੇ ਸਾਨੂੰ ਰੋਟੀ, ਦਾਲ ਭਰਾਵਾ।
ਇਸ ਵਾਰੀ ਇਹ ਲੈ ਕੇ ਆਵੇਗਾ ਖੁਸ਼ੀਆਂ,
ਏਦਾਂ ਹੀ ਮੁੱਕ ਜਾਵੇ ਹਰ ਸਾਲ ਭਰਾਵਾ।
ਖਾਈ ਜਾਂਦੇ ਨੇ ਸਭ ਕੁੱਝ ਹੀ ਜ਼ੋਰਾਵਰ,
ਖਾਲੀ ਰਹਿ ਜਾਵੇ ਸਾਡਾ ਥਾਲ ਭਰਾਵਾ।
ਸਾਂਝਾ ਕਰ ਲੈ ਤੂੰ ਦੁੱਖ ਸਾਡੇ ਨਾਂ ਬਹਿ ਕੇ,
ਕੱਲਾ ਬਹਿ ਕੇ ਉਮਰ ਨਾ ਗਾਲ ਭਰਾਵਾ।
ਮਾਂ-ਪਿਉ ਨੂੰ ਬੱਚੇ ਘਰ ਚੋਂ ਕੱਢਣ ਏਦਾਂ,
ਕੱਢੀਦਾ ਜਿਵੇਂ ਮੱਖਣ ਚੋਂ ਵਾਲ ਭਰਾਵਾ।
ਗ਼ਮ ਦੇ ਅੰਗਾਰ ਦੇ ਨੇੜੇ ਨ੍ਹੀ ਆਈਦਾ,
ਕੁੱਝ ਨ੍ਹੀ ਬੱਚਣਾ ਪੱਲੇ ਦਿਲ ਜਾਲ ਭਰਾਵਾ।
ਆ ਦੋਵੇਂ ਕੱਠੇ ਹੋ ਜਾਈਏ ਭੇਦ-ਭੁਲਾ,
ਫੁੱਟ ਪਾਊਆਂ ਦੀ ਸਮਝ ਕੇ ਚਾਲ ਭਰਾਵਾ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਠੋਕੋ ਜੱਫੀ ਦਿਵਸ

ਦੀਨ ਧਰਮ ਨਾ ਰਹੀ ਔਕਾਤ ਕੋਈ,
ਘੁਲ ਆਕੜਾਂ ਮਿਆਰ ਕਿਰਦਾਰ ਗਏ।
ਠੋਕਣੀ ਤਾਲੀ ਸੀ ਗਏ ਠੋਕ ਜੱਫੀ,
ਪਾ ਦੁਸਮਣੀ ਲੋਕਾਂ ਵਿਚਕਾਰ ਗਏ।

ਪੀਤੇ ਸੂਪ ਸੀ 'ਕੱਠਿਆਂ ਬਹਿ ਕਦੇ,
'ਕੱਠੇ ਪਿੰਜਰੇ 'ਚ ਬਣ ਸ਼ਿਗਾਰ ਗਏ।
ਜਹਿਰ ਉਗਲੀ ਮਿਹਣਿਉਂ ਹੋ ਮਿਹਣੀ
ਲੜਦੇ ਲੀੜਿਉਂ ਸੀ ਹੋ ਬਾਹਰ ਗਏ।

ਹੱਸਦੇ ਵੱਸਦਿਆਂ ਵਿੱਚ ਪਾ ਵੰਡੀਆਂ,
ਗੁੱਸਾ ਆਪਣਾ ਤਾਂ ਅੱਜ ਠਾਰ ਗਏ।
ਧੋਖੇਬਾਜ ਹੀ ਨਿੱਕਲੇ ਮਲਾਹ ਦੋਵੇਂ,
ਡੋਬ ਲੋਕਾਂ ਨੂੰ ਹੋ ਪਾਰ ਗਏ।

ਹੋ ਆਪ ਤਾਂ ਗਏ ਘਿਓ ਖਿਚੜੀ,
ਕਰ ਹੋਰਨਾਂ ਨੂੰ ਬਿਮਾਰ ਗਏ।
ਅੰਦਰ ਖਾਤੇ ਢਿੱਡੋਂ ਰਲ ਗਿਆਂ 'ਤੇ,
ਕੀ 'ਭਗਤਾ' ਰਹਿ ਇਤਬਾਰ ਗਏ।

..

**ਬਰਾੜ-ਭਗਤਾ ਭਾਈ ਕਾ**
001-604-751-1113

## ਚੜ੍ਹਦਾ ਸੂਰਜ

ਆਸਮਾਨ 'ਚ ਚੜ੍ਹ ਕੇ ਸੂਰਜ
ਨ੍ਹੇਰਾ ਦੂਰ ਭਜਾਵੇ।
ਸੁੱਤਿਆਂ ਪਿਆਂ ਨੂੰ ਜਗਾ ਕੇ
ਆਪਣੇ, ਆਪਣੇ ਕੰਮੀਂ ਲਾਵੇ।
ਔਰਤਾਂ ਹੱਥ, ਮੂੰਹ ਧੋ ਕੇ
ਰਸੋਈਆਂ ਵਿੱਚ ਡਟ ਜਾਵਣ।
ਆਪਣੇ, ਆਪਣੇ ਪਰਿਵਾਰਾਂ ਲਈ
ਖਾਣਾ ਤਿਆਰ ਕਰਨ ਲੱਗ ਜਾਵਣ।
ਬੱਚੇ ਤਿਆਰ ਹੋ ਕੇ, ਖਾਣਾ ਖਾ ਕੇ
ਸਕੂਲਾਂ ਨੂੰ ਤੁਰ ਜਾਵਣ।
ਕੁੱਝ ਬੰਦੇ ਕੰਮ ਲੱਭਣ ਲਈ
ਚੌਂਕਾਂ ਵਿੱਚ ਖੜ੍ਹ ਜਾਵਣ।
ਤੇ ਕੁੱਝ ਸਕੂਟਰ, ਕਾਰਾਂ ਲੈ ਕੇ
ਦਫਤਰਾਂ ਨੂੰ ਤੁਰ ਜਾਵਣ।
ਉਹ ਮਿਲਿਆ ਕੰਮ ਕਰਕੇ
ਸ਼ਾਮ ਨੂੰ ਘਰਾਂ ਨੂੰ ਮੁੜ ਆਵਣ।
ਕਾਮੇ ਆਪਣੇ ਪਰਿਵਾਰਾਂ ਲਈ
ਧਨ ਕਮਾ ਕੇ ਲਿਆਵਣ।
ਦਫਤਰਾਂ 'ਚ ਕੰਮ ਕਰਨ ਵਾਲੇ
ਮਹੀਨੇ ਪਿੱਛੋਂ ਤਨਖਾਹ ਲਿਆਵਣ।
ਇਸ ਧਨ ਨਾਲ ਉਨ੍ਹਾਂ ਦੇ ਘਰਾਂ 'ਚ
ਰੋਟੀਆਂ ਪੱਕਣ ਲੱਗ ਜਾਵਣ।
ਸੱਚਮੁੱਚ ਜੇ ਸੂਰਜ ਨਾ ਚੜ੍ਹੇ
ਲੋਕੀਂ ਭੁੱਖੇ ਹੀ ਮਰ ਜਾਵਣ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਭ੍ਰਿਸ਼ਟਾਚਾਰ

ਭ੍ਰਿਸ਼ਟਾਚਾਰ ਅਮਰ ਵੇਲ ਵਾਂਗ ਹੈ,
ਜੋ ਬਿਨਾਂ ਜੜ੍ਹਾਂ ਤੋਂ
ਸਾਰੇ ਪਾਸੇ ਫੈਲ ਕੇ
ਆਪਣਾ ਜਾਲ ਵਿਛਾਈ ਜਾਵੇ।
ਜਦ ਇਹ ਬਿਨਾਂ ਜੜ੍ਹਾਂ ਤੋਂ ਹੈ,
ਤਾਂ ਫਿਰ ਖਤਮ ਕਿੱਦਾਂ ਹੋਵੇ ?
ਇਸ ਨੂੰ ਖਤਮ ਕਰਨ ਦੇ
ਸਭ ਦਾਅਵੇ ਝੂਠ ਨੇ।
ਇਹ ਤਾਂ ਦਿਨ-ਬ-ਦਿਨ
ਸਗੋਂ ਹੋਰ ਵੱਧੀ ਜਾਵੇ
ਤੇ ਇਸ ਨੂੰ ਖਤਮ ਕਰਨ ਦੇ
ਦਾਅਵੇ ਕਰਨ ਵਾਲਿਆਂ ਤੇ
ਉੱਚੀ, ਉੱਚੀ ਹੱਸੀ ਜਾਵੇ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਕਵਿਤਾ

ਵਿਰਸਾ ਸੰਭਾਲ ਲਉ ਆਪਣਾ ਪੰਜਾਬੀਉ
ਢੋਲੇ, ਮਾਹੀਏ, ਟੱਪੇ ਹੁਣ ਤੁਸੀਂ ਗਾਉਂਦੇ ਨਹੀਂ,
ਭੰਗੜੇ 'ਚ ਬੰਨ੍ਹ, ਬੰਨ੍ਹ ਟੋਲੀਆਂ ਵੀ ਆਉਂਦੇ ਨਹੀਂ।
ਚੌੜੀਆਂ ਛਾਤੀਆਂ ਤੇ ਗੁੰਦਵੇਂ ਸਰੀਰ ਨਹੀਂਉ ਦਿਸਦੇ,
ਨਸ਼ੇ ਕਰਕੇ ਵਿਹਲੇ ਤੁਸੀਂ ਗਲੀਆਂ 'ਚ ਫਿਰਦੇ।
ਸਿਰਾਂ ਦੇ ਵਾਲ ਕਟਵਾ ਕੇ ਏਦਾਂ ਲੱਗਦੇ,
ਜਿੱਦਾਂ ਜਿੰਨ ਬਾਹਰੋਂ ਕਿਤਿਉਂ ਆ ਗਏ।
ਕੰਮ ਤੁਹਾਥੋਂ ਹੁੰਦਾ ਨ੍ਹੀ ਖੇਤਾਂ ਵਿੱਚ ਜਾ ਕੇ,
ਸਾਰਾ ਕੁੱਝ ਕਰ ਦਿੱਤਾ ਤੁਸੀਂ ਸੀਰੀਆਂ ਹਵਾਲੇ।
ਲੈ ਲਿਆ ਕਰਜ਼ਾ ਤੁਸੀਂ ਲੋੜ ਤੋਂ ਵੱਧ ਬਈ,
ਬਗੈਰ ਕੰਮ ਕੀਤਿਆਂ ਇਹ ਲਹਿਣਾ ਕਦ ਬਈ।
ਬੱਚੇ ਮਾਡਲ ਸਕੂਲਾਂ 'ਚ ਦਾਖਲ ਕਰਾ ਲਏ,
ਘਰਾਂ 'ਚ ਪੰਜਾਬੀ ਬੋਲਣੋ ਵੀ ਹਟਾ ਲਏ।
ਗੈਂਗ ਵਾਰ ਕਰਕੇ ਭਰਾਵਾਂ ਨੂੰ ਮਾਰੀ ਜਾਂਦੇ ਹੋ,
ਨਫਰਤ ਦੇ ਕੰਡੇ ਦੂਰ ਤੱਕ ਖਿਲਾਰੀ ਜਾਂਦੇ ਹੋ।
ਪਹਿਲਾਂ ਵਾਂਗ ਰਹੋ ਕੱਠੇ ਪਿਆਰ ਨਾਲ ਬਈ,
ਕਦੇ ਮਸਲੇ ਹੱਲ ਹੁੰਦੇ ਨਾ ਹਥਿਆਰ ਨਾਲ ਬਈ।
ਕਿਰਤ ਕਰੋ,ਵੰਡ ਛਕੋ ਤੇ ਜਪੋ ਨਾਮ ਬਈ,
ਆਪਣੇ ਪੰਜਾਬ ਨੂੰ ਨਾ ਕਰੋ ਬਦਨਾਮ ਬਈ।

**ਮਹਿੰਦਰ ਸਿੰਘ ਮਾਨ**

## ਧੀਆਂ

ਪੁੱਤਾਂ ਨਾਲੋਂ ਪਹਿਲਾਂ ਆਵਣ ਧੀਆਂ,
ਮਾਵਾਂ ਨੂੰ ਦੇਖ ਮੁਸਕਾਵਣ ਧੀਆਂ।
ਹਰ ਕੰਮ 'ਚ ਉਨ੍ਹਾਂ ਦਾ ਹੱਥ ਵਟਾ ਕੇ,
ਮਾਪਿਆਂ ਦੇ ਦਿਲਾਂ ਤੇ ਛਾਵਣ ਧੀਆਂ।
ਪਿੱਪਲਾਂ ਥੱਲੇ ਰੌਣਕ ਲੱਗ ਜਾਵੇ,
ਜਦ ਪੀਂਘਾਂ ਚੜ੍ਹਾਵਣ ਧੀਆਂ।
ਵੀਰਾਂ ਦੇ ਗੁੱਟਾਂ ਤੇ ਬਿਨਾਂ ਲਾਲਚ ਤੋਂ,
ਸੋਹਣੀਆਂ ਰੱਖੜੀਆਂ ਸਜਾਵਣ ਧੀਆਂ।
ਪੁੱਤਾਂ ਨਾਲੋਂ ਵੱਧ ਪੜ੍ਹ , ਲਿਖ ਕੇ,
ਉਨ੍ਹਾਂ ਨੂੰ ਰਾਹ ਦਰਸਾਵਣ ਧੀਆਂ।
ਚੰਗੇ, ਚੰਗੇ ਅਹੁਦਿਆਂ ਤੇ ਲੱਗ ਕੇ,
ਆਪਣੇ ਫਰਜ਼ ਨਿਭਾਵਣ ਧੀਆਂ।
ਸਜੇ ਹੋਏ ਪੇਕੇ ਘਰ ਨੂੰ ਛੱਡ ਕੇ,
ਸਹੁਰਾ ਘਰ ਸਜਾਵਣ ਧੀਆਂ।
ਪੇਕੇ ਘਰ ਜੇ ਕੋਈ ਦੁਖੀ ਹੋਵੇ,
ਪੇਕੇ ਘਰ ਝੱਟ ਆਵਣ ਧੀਆਂ।
ਪੁੱਤ ਵੰਡਾਵਣ ਖੇਤ ਤੇ ਦੌਲਤ,
ਪਰ ਦੁੱਖਾਂ ਨੂੰ ਵੰਡਾਵਣ ਧੀਆਂ।

**ਮਹਿੰਦਰ ਸਿੰਘ ਮਾਨ**

## ਮੈਂ ਰੁੱਖ ਬੋਲਦਾਂ

ਬੀਤੇ ਦਿਨੀਂ ਪੂਰੇ ਵਿਸਵ ਦੇ ਵਿੱਚ,
ਵਾਤਾਵਰਣ ਦਿਵਸ ਮਨਾਇਆ।
ਵੈਸੇ ਤਾਂ ਧਰਤੀ ਹਰੀ - ਭਰੀ ਹੈ,
ਪੌਦਾ ਪਹਿਲੇ ਪੰਨੇ ਤੇ ਲਾਇਆ।

ਅਖਬਾਰਾਂ ਦੇ ਵਿੱਚ ਮੰਤਰੀਆਂ ਨੇ,
ਖੁਸਖਬਰੀ ਦਾ ਢੋਲ ਵਜਾਇਆ।
ਪੌਦਾ ਇੱਕ ਵੀ ਲਾਇਆ ਨਹੀਓਂ,
ਬਸ ਫੋਟੋਆਂ ਵਿੱਚ ਜਤਾਇਆ।

ਜਿਊਂਦੀਆਂ ਰਹਿਣ ਸਾਹਿਤ ਸਭਾਵਾਂ,
ਰੁੱਖ ਲਾਕੇ ਜਿੰਨਾਂ ਫਰਜ ਨਭਾਇਆ।
ਹਨੇਰੀ ਨਾਲ ਮੈਂ ਡਿੱਗ ਪਿਆ ਸਾਂ,
ਚੱਕ ਕੇ ਆਰੇ ਵਿੱਚ ਚਿਰਾਇਆ।

ਸੋਸਲ ਮੀਡੀਆ ਵੀ ਹਰਾ ਹੋ ਗਿਆ,
ਓ ਅਸਾਂ ਇੰਨਾ ਜਸਨ ਮਨਾਇਆ।
ਛਾਂ ਤਾਂ ਗਗਨ ਸਿਆਂ ਹਰ ਵੇਲੇ ਭਾਲੇਂ,
ਪਰ ਬੰਦਿਆ ਬੂਟਾ ਇੱਕ ਨਾ ਲਾਇਆ।

ਕਿਸੇ ਗੁਲਾਬ ਦੇ ਫੁੱਲ ਵਾਂਗੂ ਅੱਜ,
ਪਿਆ ਵਾਤਾਵਰਣ ਕਮਲਾਇਆ।
ਨਾ ਰੁੱਖ ਤੇ ਨਾ ਪਾਣੀ ਮਿਲਦਾ,
ਓ ਪੰਛੀਆਂ ਮਾਰ ਮੁਕਾਇਆ।

ਕਿਸਨੂੰ ਆਖਾਂ ਪਾਣੀ ਪਾ ਦੇ,
ਅੱਜ ਸਭਨਾਂ ਨੇ ਰੰਗ ਵਟਾਇਆ।
ਮੈਂ ਦਿੰਦਾ ਰਹਿ ਗਿਆ ਠੰਡੀਆਂ ਛਾਵਾਂ,
ਅੱਜ ਸਭ ਨੇ ਮਿਲਕੇ ਲਾਂਬੂ ਲਾਇਆ।

ਛੱਡ ਦੇ ਖਹਿੜਾ ਮੋਟਰ ਗੱਡੀਆਂ,
ਕਿਉਂ ਹੈ ਪ੍ਰਦੂਸਣ ਫੈਲਾਇਆ।
ਓ ਉਮਰ ਤੇਰੀ ਸੌ ਟੱਪ ਜਾਣੀ,
ਜੇ ਸਾਈਕਲ ਅੱਜ ਭਜਾਇਆ।

ਮੈਨੂੰ ਅੱਗਾਂ ਲਾਕੇ ਸਾੜ ਦਿੰਦੇ ਨੇ,
ਅੱਜ ਐਸਾ ਭਾਣਾ ਬਣ ਆਇਆ।
ਤੈਂ ਐਸੀ ਬੰਦਿਆਂ ਮੌਤ ਹੈ ਮਰਨਾ,
ਜੇ ਨਾ ਵਾਤਾਵਰਣ ਬਚਾਇਆ।

**ਗਗਨ ਫੂਲ**
**ਸੰਪ: 75289-03512**

## ਰਲ ਕੇ ਰਹੋ

ਉਸ ਸੱਸ ਨੇ ਮਾਂ ਕੀ ਬਣਨਾ
ਜੋ ਨੂੰਹ ਨੂੰ ਹਰ ਵੇਲੇ ਸਤਾਈ ਜਾਵੇ।
ਜਿਹੜਾ ਵੀ ਕੰਮ ਉਹ ਕਰਕੇ ਹਟੇ
ਉਸ ਦੇ ਐਵੇਂ ਨੁਕਸ ਗਿਣਾਈ ਜਾਵੇ।
ਉਸ ਨੂੰਹ ਨੇ ਧੀ ਕੀ ਬਣਨਾ
ਜੋ ਸੱਸ ਨੂੰ ਖੂੰਜੇ ਲਾਈ ਜਾਵੇ।
ਆਪ ਖਾਵੇ ਪਰੌਂਠੇ ਬਣਾ ਕੇ
ਸੱਸ ਨੂੰ ਸੁੱਕੀਆਂ ਰੋਟੀਆਂ ਖੁਆਈ ਜਾਵੇ।
ਉਸ ਧੀ ਨੇ ਚੰਗੀ ਨੂੰਹ ਕੀ ਬਣਨਾ
ਜੋ ਪੇਕਿਆਂ 'ਚ ਇੱਜ਼ਤ ਲੁਟਾਈ ਜਾਵੇ।
ਆਪਣੇ ਬਾਪ ਦੀ ਪੱਗ ਨੂੰ ਦਾਗ ਲਾ ਕੇ
ਆਪਣੀ ਬਦਨਾਮੀ ਕਰਾਈ ਜਾਵੇ।
ਉਸ ਨਾਰ ਨੇ ਚੰਗੀ ਪਤਨੀ ਕੀ ਬਣਨਾ
ਜੋ ਪਤੀ ਨੂੰ ਖਰੀਆਂ, ਖੋਟੀਆਂ ਸੁਣਾਈ ਜਾਵੇ।
ਆਪ ਰਹੇ ਗੁੱਸੇ ਵਿੱਚ ਹਰ ਵੇਲੇ
ਤੇ ਦੂਜਿਆਂ ਨੂੰ ਗੁੱਸਾ ਚੜ੍ਹਾਈ ਜਾਵੇ।
ਉਸ ਨੇਤਾ ਨੇ ਚੰਗਾ ਨੇਤਾ ਕੀ ਬਣਨਾ
ਜੋ ਆਪਣੀਆਂ ਗੱਲਾਂ ਛੁਪਾਈ ਜਾਵੇ।
ਪਹਿਲਾਂ ਲੜਾਈ ਕਰਾ ਕੇ ਲੋਕਾਂ ਵਿੱਚ
ਫੇਰ ਰਲ ਕੇ ਰਹੋ ਦਾ ਪਾਠ ਪੜ੍ਹਾਈ ਜਾਵੇ।

## ਸਦਾ ਸਚਾਈ ਦਾ ਸਾਥ ਦਿਓ

ਸੱਚ ਦੀ ਤਾਂ ਪਰਿਭਾਸ਼ਾ ਕਿਸੇ ਦੇ ਹੀ ਹਿੱਸੇ ਆਵੇ,
ਝੂਠ ਦੀ ਹੈ ਖੱਟੀ ਖਾਵੇ ਦੁਨੀਆਂ ਇਹ ਸਾਰੀ ਐ।
ਸੱਚ ਉੱਤੇ ਪਹਿਰਾ ਦੇਣਾ ਸੂਲੀ ਤੇ ਜਿਉਂ ਝੂਟਣਾ ਹੈ,
ਝੂਠ ਬੋਲਣੇ ਦੀ ਸਦਾ ਚੜ੍ਹੀ ਰਹੇ ਖੁਮਾਰੀ ਐ।
ਗੱਲ ਹੱਕ ਅਤੇ ਸੱਚ ਦੀ ਕਰਦਾ ਨਾ ਕੋਈ ਇਥੇ,
ਜੱਗ ਵਿੱਚ ਦੁਨੀਆਂ ਇਹ ਤਾਹੀਓਂ ਦੁਖਿਆਰੀ ਐ।
ਆਖਿਰ ਤਾਂ ਹੁੰਦੀ ਹੈ ਸਚਾਈ ਦੀ ਹੀ ਜਿੱਤ ਸਦਾ,
ਸੱਚੀ ਗੱਲ ਵੇਦਾਂ ਤੇ ਗ੍ਰੰਥਾਂ ਉਚਾਰੀ ਐ।
ਸ਼ੇਰ ਜਿਹਾ ਜਿਗਰਾ ਸੱਚ ਕਹਿਣ ਲਈ ਚਾਹੀਦਾ ਹੈ,
ਕਿਉਂਕਿ ਜ਼ਿੰਮੇਵਾਰੀ ਲੈਣੀ ਪੈਂਦੀ ਸੱਚ ਲਈ ਭਾਰੀ ਐ।
ਦੱਦਾਹੂਰ ਵਾਲਾ ਕਹੇ ਸਦਾ ਸੱਚ ਤੇ ਅੜਿੰਗ ਰਹੀਏ,
ਚੱਲ ਜਾਵੇ ਸੀਨੇ ਉੱਤੇ ਭਾਵੇਂ ਵੀਰੋ ਆਰੀ ਐ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 363 | Website: www.preetnama.com Email preetnamausa@gmail.com | 24 JULY TO 30 JULY, 2026


